87ਵਾਂ ਸਾਲ
ਅੰਕ 5

1933 ਤੋਂ

THE OLDEST LITERARY PUNJABI MAGAZINE IN THE WORLD

ਪੰਜਾਬੀ ਸਾਹਿਤ

ਜੂਨ-ਜੁਲਾਈ 2020 | ₹50

ਸਾਹਿਰ ਲੁਧਿਆਨਵੀ-101ਵਾਂ ਸਾਲ, ਹਰ ਮਨ ਪਿਆਰੇ ਕਵੀ



8 ਮਾਰਚ, 1921 -
25 ਅਕਤੂਬਰ, 1980
ਪਦਮਸ਼੍ਰੀ, 1971

ਪਿਛਾਂਹਖਿੱਚੂ ਹਾਂ ਮੈਂ ਕਿ
ਤਰੱਕੀਪਸੰਦ ਹਾਂ
ਫ਼ਜ਼ੂਲ ਦੀ ਇਸ ਬਹਿਸ ਨੂੰ
- ਜਨਤਾ ਹਾਂ ਮੈਂ....

"ruja't-pasan' hoon keh tarraqi-pasand hoon

iss behs ko fuzool o abus
- janta hoon mein …

ਤਾਜ ਤੇਰੇ ਲੀਯੇ ਇਕ ਮਜ਼ਹਰ-ਏ-ਉਲਫ਼ਤ ਹੀ ਸਹੀ
ਤੁਝਕੋ ਇਸ ਵਾਦੀ-ਏ-ਰੰਗੀਂ ਸੇ ਅਕੀਦਤ ਹੀ ਸਹੀ
ਮੇਰੀ ਮਹਬੂਬ! ਕਹੀਂ ਔਰ ਮਿਲਾ ਕਰ ਮੁਝ ਸੇ!

ਬਜ਼ਮ-ਏ-ਸ਼ਾਹੀ ਮੇ ਗ਼ਰੀਬੋਂ ਕਾ ਗੁਜ਼ਰ ਕਯਾ ਮਾਨੀ
ਸਬਤ ਜਿਸ ਰਾਹ ਮੇ ਹੋਂ ਸਤਵਤ-ਏ-ਸ਼ਾਹੀ ਕੇ ਨਿਸ਼ਾਂ
ਉਸ ਪੇ ਉਲਫ਼ਤ ਭਰੀ ਰੂਹੋਂ ਕਾ ਸਫ਼ਰ ਕਯਾ ਮਾਨੀ
ਮੇਰੀ ਮਹਬੂਬ! ਪਸ-ਏ-ਪਰਦਾ-ਏ-ਤਸ਼ਹੀਰ-ਏ-ਵਫ਼ਾ
ਤੂ ਨੇ ਸਤਵਤ ਕੇ ਨਿਸ਼ਾਨੋਂ ਕੋ ਤੋ ਦੇਖਾ ਹੋਤਾ
ਮੁਰਦਾ ਸ਼ਾਹੋਂ ਕੇ ਮਕਾਬਿਰ ਸੇ ਬਹਿਲਨੇ ਵਾਲੀ
ਅਪਨੇ ਤਾਰੀਕ ਮਕਾਨੋਂ ਕੋ ਤੋ ਦੇਖਾ ਹੋਤਾ
ਅਨਗਿਨਤ ਲੋਗੋਂ ਨੇ ਦੁਨੀਯਾ ਮੇ ਮੁਹੱਬਤ ਕੀ ਹੈ
ਕੌਨ ਕਹਤਾ ਹੈ ਕਿ ਸਾਦਿਕ ਨ ਥੇ ਜਜ਼ਬੇ ਉਨਕੇ

ਲੇਕਿਨ ਉਨ ਕੇ ਲੀਯੇ ਤਸ਼ਹੀਰ ਕਾ ਸਾਮਾਨ ਨਹੀਂ
ਕਯੋਂਕਿ ਵੋ ਲੋਗ ਭੀ ਅਪਨੀ ਹੀ ਤਰਹ ਮੁਫ਼ਲਿਸ ਥੇ
ਯੇ ਇਮਾਰਾਤ-ਓ-ਮਕਾਬਿਰ, ਯੇ ਫ਼ਸੀਲੇਂ, ਯੇ ਹਿਸਾਰ
ਮੁਤਲ-ਕੁਲਹੁਕਮ ਸ਼ਹੰਸ਼ਾਹੋਂ ਕੀ ਅਜ਼ਮਤ ਕੇ ਸੁਤੂੰ
ਸੀਨਾ-ਏ-ਦਹਰ ਕੇ ਨਾਸੂਰ ਹੈਂ, ਕੁਹਨਾ ਨਾਸੂਰ
ਜਜ਼ਬ ਹੈ ਜਿਸਮੇਂ ਤੇਰੇ ਔਰ ਮੇਰੇ ਅਜਦਾਦ ਕਾ ਖ਼ੂੰ
ਮੇਰੀ ਮਹਬੂਬ ! ਉਨ੍ਹੇਂ ਭੀ ਤੋ ਮੁਹੱਬਤ ਹੋਗੀ
ਜਿਨਕੀ ਸੰਨਾਈ ਨੇ ਬਖ਼ਸ਼ੀ ਹੈ ਇਸੇ ਸ਼ਕਲ-ਏ-ਜਮੀਲ
ਉਨ ਕੇ ਪਯਾਰੋਂ ਕੇ ਮਕਾਬਿਰ ਰਹੇ ਬੇਨਾਮ-ਓ-ਨਮੂਦ
ਆਜ ਤਕ ਉਨ ਪੇ ਜਲਾਈ ਨ ਕਿਸੀ ਨੇ ਕੰਦੀਲ
ਯੇ ਚਮਨਜ਼ਾਰ ਯੇ ਜਮੁਨਾ ਕਾ ਕਿਨਾਰਾ ਯੇ ਮਹਲ
ਯੇ ਮੁਨੱਕਸ਼ ਦਰ-ਓ-ਦੀਵਾਰ, ਯੇ ਮਹਰਾਬ ਯੇ ਤਾਕ
ਇਕ ਸ਼ਹੰਸ਼ਾਹ ਨੇ ਦੌਲਤ ਕਾ ਸਹਾਰਾ ਲੇ ਕਰ
ਹਮ ਗ਼ਰੀਬੋਂ ਕੀ ਮੁਹੱਬਤ ਕਾ ਉੜਾਯਾ ਹੈ ਮਜ਼ਾਕ
ਮੇਰੀ ਮਹਬੂਬ ਕਹੀਂ ਔਰ ਮਿਲਾ ਕਰ ਮੁਝ ਸੇ!

ਅਰਥ: ਮਜ਼ਹਰ-ਏ-ਉਲਫ਼ਤ- ਪਿਆਰ ਦਾ ਚਿਨ੍ਹ; ਅਕੀਦਤ- ਸ਼ਰਧਾ; ਬਜ਼ਮ-ਏ-ਸ਼ਾਹੀ- ਬਾਦਸ਼ਾਹਾਂ ਦੇ ਦਰਬਾਰ; ਸਬਤ- ਉਕਰਿਆ; ਸਤਵਤ-ਏ-ਸ਼ਾਹੀ- ਰਾਜਸੀ ਸ਼ਾਨ; ਪਸ-ਏ-ਪਰਦਾ-ਏ-ਤਸ਼ਹੀਰ-ਏ-ਵਫ਼ਾ - ਪ੍ਰੇਮ ਦੇ ਵਿਖਾਵੇ ਦੇ ਪਰਦੇ ਪਿੱਛੇ; ਮਕਾਬਿਰ- ਮਕਬਰੇ; ਤਾਰੀਕ- ਹਨੇਰੇ; ਸਾਦਿਕ- ਪਵਿੱਤਰ; ਤਸ਼ਹੀਰ- ਵਿਖਾਵਾ; ਫ਼ਸੀਲੇਂ- ਕੰਧਾਂ; ਹਿਸਾਰ- ਕਿਲੇ; ਮੁਤਲ-ਕੁਲਹੁਕਮ- ਹੁਕਮ ਦੇਣ ਲਈ ਆਜ਼ਾਦ; ਅਜ਼ਮਤ ਕੇ ਸੁਤੂੰ- ਸ਼ਾਨ ਦੇ ਖੰਭੇ; ਸੀਨਾ-ਏ-ਦਹਰ- ਦੁਨੀਆਂ ਦੀ ਛਾਤੀ; ਕੁਹਨਾ- ਪੁਰਾਣੇ; ਅਜਦਾਦ- ਪੁਰਖੇ; ਸੰਨਾਈ- ਕਾਰੀਗਰੀ; ਸ਼ਕਲ-ਏ-ਜਮੀਲ- ਸੁੰਦਰ ਰੂਪ; ਬੇਨਾਮ-ਓ-ਨਮੂਦ- ਬਿਨਾ ਨਾਂ-ਨਿਸ਼ਾਨ; ਕੰਦੀਲ-ਮੋਮਬੱਤੀ; ਚਮਨਜ਼ਾਰ- ਬਗੀਚੇ; ਮੁਨੱਕਸ਼- ਨੱਕਾਸ਼ੀ

ਮਿਹਨਤੀ ਹੱਥ ਨਹੀਂ ਅੱਡਦੇ ਹੁੰਦੇ, ਹੋਣੀ ਨਾਲ ਦੋ ਹੱਥ ਕਰਦੇ ਹਨ...

ਇਤਿਹਾਸ ਵਿਚ ਅਜਿਹੇ ਮੋੜ ਕਦੇ ਹੀ ਆਉਂਦੇ ਹਨ ਕਿ ਸਾਰੀ ਦੁਨੀਆ ਇੱਕੋ ਗੁੰਝਲ ਦੇ ਵੱਸ ਪਈ ਹੋਈ ਹੈ, ਕੋਰੋਨਾ ਵਾਲੀ। ਅਜਿਹੇ ਸਮਿਆਂ ਵਿਚ ਹੀ ਕੁਝ ਬੁਨਿਆਦੀ ਤਬਦੀਲੀਆਂ ਆ ਜਾਂਦੀਆਂ ਹੋਣਗੀਆਂ, ਇਨਸਾਨਾਂ ਦੇ ਵਰਤੋਂ ਵਿਹਾਰ ਵਿਚ, ਜੋ ਹੋਰ ਕਿਸੇ ਦੂਰ ਦੇ ਵੇਲੇ ਅਜੀਬ ਜਿਹੀਆਂ ਵੀ ਭਾਸ ਸਕਦੀਆਂ ਹਨ। ਅਜਿਹੇ ਸਮੇਂ ਦੇ ਦੌਰਾਨ ਵਾਪਰ ਰਹੀਆਂ ਗੱਲਾਂ ਨੂੰ ਸਮਝਣ ਲਈ ਕੋਈ ਮਾਪਦੰਡ ਹੀ ਨਹੀਂ ਹੁੰਦਾ! ਪਤਾ ਨਹੀਂ ਕਿਓਂ, ਕੋਰੋਨਾ ਦੇ ਫੈਲਾਅ ਅਤੇ ਇਸਦੀ ਡਰਾਉਣੀ-ਗੰਭੀਰਤਾ ਤੋਂ ਕਿਸੇ ਪਰੀ ਕਹਾਣੀ ਵਿਚਲੇ 'ਦਾਨਵੀ-ਕਹਿਰ' ਦਾ ਝਉਲਾ ਪੈਂਦਾ ਹੈ!

ਸ਼ਾਇਦ ਦੁਨੀਆ ਭਰ ਵਿਚ ਜੋ ਸਭ ਤੋਂ ਹੀ ਅਜੀਬ ਘਟਨਾ ਵਾਪਰੀ ਹੈ ਇਸ ਕੋਰੋਨਾਈ ਸਮੇਂ ਦੇ ਦੌਰਾਨ, ਉਹ ਹੈ ਖ਼ੁਦ ਸਾਡੇ ਭਾਰਤ ਵਿਚ ਪਰਵਾਸੀ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ -ਬਿਨਾ ਕਿਸੇ ਇਜਾਜ਼ਤ ਦੇ, ਬਿਨਾ ਕਿਸੇ ਵਸੀਲੇ ਦੇ ਅਤੇ ਮੰਜ਼ਿਲ ਤੱਕ ਪੁੱਜਣ ਜਾਂ ਨਾ ਪੁੱਜ ਸਕਣ ਦੀ ਬੇਯਕੀਨੀ ਵਿਚ ਵੀ - ਆਪਣੇ ਪਿੰਡਾਂ ਨੂੰ ਮੁੜ ਜਾਣ ਲਈ ਨਿਕਲ ਪੈਣਾ; ਪੈਦਲ ਹੀ, ਜਾਂ ਜਿਹੜੀ ਮਹਿੰਗੇ ਭਾਅ ਸਵਾਰੀ ਜਿੰਨਾ ਚਿਰ ਮਿਲੀ ਉਸ 'ਤੇ। ਹਾਕਮਾਂ ਤੋਂ ਅਤੇ ਉਨ੍ਹਾਂ ਦੀ ਤਾਕਤ ਤੋਂ ਲੁਕਦੇ ਲੁਕਾਉਂਦੇ, ਔਝੜ ਰਾਹਾਂ ਉੱਤੇ ਦੀ ਜਾਂਦੇ- ਅਤੇ ਸਭ ਤੋਂ ਵੱਡੀ ਗੱਲ ਕਿ ਬਿਨਾ ਰੋਟੀ ਪਾਣੀ ਦੇ ਪ੍ਰਬੰਧ ਦੇ! ਲੌਕਡਾਊਨ ਦੀ ਸੁੰਨ-ਮਸਾਣ ਕਰਕੇ ਸਾਰੇ ਲੰਮੇ ਰਾਹ ਵਿਚ ਵੀ ਸਥਾਨਕ ਲੋਕ ਮਦਦ ਨਾ ਕਰ ਸਕੇ, ਇਸ 'ਦਰਿਆ' ਦੀ। ਬੱਚੇ ਬੁੱਢਿਆਂ ਦੇ ਪੈਰਾਂ ਵਿਚ ਛਾਲੇ ਅਤੇ ਬੁਰੇ ਹਾਲ ਦੇਖ ਕੇ ਸਰਕਾਰ ਨੂੰ, ਜੋ ਮੰਨਣਾ ਹੀ ਪਏਗਾ ਕਿ ਜ਼ਰੂਰ ਉਨ੍ਹਾਂ ਨੂੰ ਭੁੱਲ ਗਈ ਸੀ ਆਪਣਾ ਕੋਰੋਨਾ ਨੂੰ ਲੜਾਈ ਦੇਣ ਦਾ ਮਨਸੂਬਾ ਐਲਾਨ ਕਰਦਿਆਂ, ਭਾਜੜਾਂ ਪਈਆਂ, ਅਤੇ ਰੇਲ ਗੱਡੀਆਂ/ਬੱਸਾਂ ਦੇਣ ਬਾਰੇ ਸੋਚ ਸ਼ੁਰੂ ਹੋਈ। ਬੇਸ਼ਕ ਸ਼ੁਰੂ ਵਿਚ ਹੀ ਅਪੀਲਾਂ ਵੀ ਕੀਤੀਆਂ ਗਈਆਂ ਸਨ, ਖ਼ੁਦ ਪ੍ਰਧਾਨ ਮੰਤਰੀ ਵੱਲੋਂ, ਕਿ ਅਜਿਹੇ ਕਹਿਰਵਾਨ ਸਮੇਂ ਆਪਣੇ ਆਸ ਪਾਸ ਦੇ ਗਰੀਬ ਗੁਰਬੇ ਦੀ ਸਾਰ ਲਓ ਅਤੇ ਉਸ ਦੀ ਮਦਦ ਕਰੋ, ਕਿਰਾਏ ਨਾ ਲਓ ਅਤੇ ਤਨਖ਼ਾਹਾਂ ਦਿੰਦੇ ਰਹੋ- ਪਰ 'ਇਹ ਵੀ ਯੋਧੇ ਹਨ' ਵੀ ਕਹਿ ਦਿੱਤਾ ਜਾਂਦਾ ਅਤੇ ਇਨ੍ਹਾਂ ਨੂੰ ਪਹਿਲ ਵੀ ਦਿੱਤੀ ਜਾਣੀ ਚਾਹੀਦੀ ਸੀ। ਸ਼ਾਇਦ ਤਦੇ ਹੀ ਹੋਮ ਮਿਨਿਸਟਰ ਅਤੇ ਪ੍ਰਧਾਨ ਮੰਤਰੀ ਦੇ ਚਿਹਰੇ ਕੁਝ ਗਾਇਬ ਜਿਹੇ ਹੀ ਰਹੇ ਹਨ ਪਿਛਲੇ ਅਰਸੇ ਵਿਚ, ਸ਼ਰਮ ਕਰਕੇ!

ਬਿਮਾਰੀ ਦਾ ਕੁਝ ਥਹੁ ਪਤਾ ਨਾ ਲੱਗਣ ਕਰਕੇ ਸਭ ਨੂੰ ਜਿੱਥੇ ਹੈਨ ਓਥੇ ਟਿਕਣ ਦਾ ਹੁਕਮ ਸੀ, ਪਰ ਮੁੰਬਾਈ ਦੀ ਧਾਰਾਵੀ ਵਰਗੀ ਗਹਿਗੱਚ ਝੁੱਗੀ ਬਸਤੀ ਵਿਚ ਬਿਮਾਰੀ ਦਾ ਬੇਕਾਬੂ ਫਿਰਨਾ ਵੀ ਤੈਅ ਜਾਪਦਾ ਸੀ...ਓਧਰ, ਜੋ ਦਿਸਦੀ ਨਹੀਂ ਉਸ ਅਣ-ਜਿਊਂਦੀ ਚੀਜ਼ ਤੋਂ ਹੋਣ ਵਾਲੀ ਇਸ ਨਵੀਂ ਹੀ ਮਹਾਂਮਾਰੀ ਉੱਤੇ ਕਈਆਂ ਨੂੰ ਵਿਸ਼ਵਾਸ ਹੀ ਨਹੀਂ ਸੀ ਹੋ ਰਿਹਾ ਅਤੇ ਉਹ ਇੰਤਜ਼ਾਮੀਆ ਦੇ ਲਈ ਅਤੇ ਬਾਕੀ ਸਾਰੇ ਜਣਿਆਂ ਦੇ ਲਈ ਵੱਖ ਇੱਕ ਮੁਸੀਬਤ ਬਣੇ ਹੋਏ ਸਨ।ਇਹ ਉਹ ਸਮਾਂ ਸੀ ਜਿਸ ਬਾਰੇ ਕਹਿੰਦੇ ਹਨ ਕਿ 'ਮਾਵਾਂ ਪੁੱਤ ਨਹੀਂ ਸੰਭਾਲਦੀਆਂ'...ਡਾਕਟਰ, ਨਰਸਾਂ, ਪੁਲਸ, ਜੱਜਾਂ, ਅਫ਼ਸਰਾਂ ਨੂੰ ਆਪੋਧਾਪ ਪੈਣੀ ਕੁਦਰਤੀ ਸੀ- ਪਰ ਸਦਕੇ ਜਾਈਏ ਉਨ੍ਹਾਂ ਦੇ ਹੌਸਲੇ ਦੇ ਅਤੇ ਉਸ ਚੜ੍ਹਦੀ ਕਲਾ ਰੱਖਦੇ ਵਿਚ ਮਾਹੌਲ ਦੇ ਵੀ ਜੋ ਰੇਡੀਓ, ਟੀ ਵੀ , ਆਦਿ, ਰਾਹੀਂ ਬਣਾਈ ਰੱਖਿਆ ਜਾ ਰਿਹਾ ਹੈ।

..ਜਿੱਥੇ ਹੋਰ ਵੀ ਕਈ ਸਿੱਟੇ ਕੱਢੇ ਜਾ ਰਹੇ ਹਨ ਅਤੇ ਕੱਢੇ ਵੀ ਜਾਣਗੇ ਇਸ ਔਖੇ ਸਮੇਂ ਅਤੇ ਇਸ ਵਿਚ ਦਿਸੇ ਇਨਸਾਨੀ ਵਿਹਾਰ ਅਤੇ ਸੁਭਾਅ ਦੇ ਬਾਰੇ - ਇੱਕ ਗੱਲ ਸਾਫ਼ ਹੋਈ ਇਹ ਸਾਨੂੰ ਦਿਸੀ ਹੈ, ਤੁਸੀਂ ਵੀ ਸਹਿਮਤ ਹੋਵੋਗੇ:

ਭਾਰਤ ਦਾ ਗਰੀਬ ਗੁਰਬਾ ਮੰਗਣ-ਹਾਰਾ ਨਹੀਂ ਹੈ, ਕਮਾਵਣ-ਹਾਰਾ ਹੈ। 'ਪਰਵਾਸੀ ਮਜ਼ਦੂਰ' ਉਹ ਹਨ ਜੋ ਹਿੰਮਤ ਅਤੇ ਹੌਂਸਲੇ ਨਾਲ ਆਪਣੀ ਕਿਸਮਤ ਬਦਲਣ ਲਈ ਪਰਵਾਸ ਕਰ ਸ਼ਹਿਰਾਂ ਨੂੰ ਆਏ ਸਨ, ਅਤੇ ਉਨ੍ਹਾਂ ਨੂੰ ਪਤਾ ਸੀ ਕਿ ਇਸ ਨਾਜ਼ੁਕ ਸਮੇਂ ਆਪਣਾ ਬਚਾਅ ਉਨ੍ਹਾਂ ਆਪ ਕਰਨਾ ਹੈ। ਜਿੱਥੇ ਹੈ ਸਨ ਓਥੇ ਹੀ ਰਹਿਣ ਨਾਲ ਮੌਤ ਅਤੇ ਜਾਂ ਹੇਠੀ ਤੈਅ ਦਿਸਦੀ ਸੀ ਉਨ੍ਹਾਂ ਨੂੰ, ਇਨਸਾਨ ਦਾ ਸੁਭਾਅ ਦੇਖਦਿਆਂ ਅਤੇ ਮੁਲਕ 'ਤੇ ਬਣੀ ਭੀੜ ਦੇਖਦਿਆਂ, ਅਤੇ ਖਿੰਡ ਕੇ ਆਪੋ ਆਪਣੇ ਪਿੰਡ ਪਹੁੰਚਣ ਦੀ ਵਾਹ ਲਾ, ਓਥੇ ਦੇ ਪਰਿਵਾਰ ਅਤੇ ਫ਼ਸਲ, ਜੋ ਵੀ ਕਿਸੇ ਕੋਲ ਸੀ- ਹੋਰ ਕੁਝ ਨਹੀਂ ਤਾਂ ਆਪਣੀ ਪਛਾਣ ਨੂੰ ਹੀ- ਕਾਇਮ ਰੱਖਣ ਲਈ ਉਹ ਨਿਕਲ ਤੁਰੇ ਸਨ। ਸ਼ਾਇਦ ਭਾਰਤ ਦੇ ਖੱਬੇ ਦੇ ਲਈ ਵੀ ਇੱਕ ਸਬਕ ਹੈ ਇੱਥੇ: ਅਜਿਹੇ ਲੋਕਾਂ ਜਦੋਂ ਬਗ਼ਾਵਤ ਕਰਨੀ ਹੋਈ ਕਰ ਲੈਣਗੇ। ਅਜੇ, ਉਹ, 'ਸਮਝਦੇ' ਹਨ ਹਾਲਾਤ ਨੂੰ।

ਚੇਤੇ ਆਇਆ ਕਿ ਗੁਰਬਖ਼ਸ਼ ਸਿੰਘ ਜੀ ਨੇ ਆਪਣੀ ਜੀਵਨੀ ਵਿਚ ਲਿਖਿਆ ਹੈ ਕਿ ਭਾਰਤ ਦਾ ਗਰੀਬ ਸਿਆਣਾ ਅਤੇ ਗੰਭੀਰ ਹੈ, ਜਾਹਿਲ ਨਹੀਂ ਹੈ; ਕਿ ਪੱਛਮ ਵਿਚ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਗਰੀਬ ਲੋਕ ਨਹੀਂ ਸੀ ਦਿਸੇ।

ਪੂਨਮ ਸਿੰਘ

1933 ਤੋਂ

THE OLDEST LITERARY
PUNJABI MAGAZINE
IN THE WORLD

ਅੰਕ # 5
ਜੂਨ-ਜੁਲਾਈ 2020
ਸਾਲ 87ਵਾਂ

www.preetlari2.wordpress.com
facebook.com/groups/preetlari
preetlarhi@gmail.com

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ
ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ
ਸੰਪਾਦਕ ਸੁਮੀਤ
ਸਿੰਘ ਦੀ ਯਾਦ ਵਿਚ
ਤੇ ਸ੍ਰੀ ਵੈਸ਼ਨਵ ਦੇ
ਅਨੂਠੇ ਉਤਸ਼ਾਹ
ਦੇਣ ਸਦਕਾ
ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

Published by
Head office
Preet Nagar,
Distt. Amritsar
Punjab

Contact:
Preet Lari,
Village Preet Nagar
(Distt Amritsar)
Punjab, India
143109
Publisher
+91 98762 63725
Editor
+9173476 42206
Office
+91 98156 20563

ਮੁੱਲ	₹50
ਸਾਲਾਨਾ ਚੰਦਾ	₹ 600
ਜੀਵਨ ਸਾਥ (ਭਾਰਤ)	₹25,000
ਬਾਇ ਏਅਰ ਸਾਲ	₹ 3,500
ਸੰਸਥਾਵਾਂ	₹6000

Preet Lari is an independent, non-profit publication. We rely on the support of our readers and patrons. To enquire about ways you can collaborate and support Preet Lari, please contact preetlarhi@gmail.com

Bank Draft: “PREETLARI" Pay @ any Chandigarh or Amritsar bank/ at par
FOR BANK TO BANK TRANSFER , OUR BANK ACCOUNT : "Preet Lari Trust";
PNB (637900) 6379002100000349 IFSC: PUNB0637900; SWIFT: PUNBINBBAHB

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਮੁੱਖ ਸਫ਼ਾ: ਕੁਦਰਤ ਇੱਕ ਵਰਦਾਨ; ਤਸਵੀਰ: ਨਵਨੀਤ ਕੌਰ ਵਿਰਕ- ਰਣਥੰਭੋਰ ਟਾਈਗਰ ਰਿਜ਼ਰਵ, 2020, ਅਪ੍ਰੈਲ 29, 5 ਵਜੇ ਸ਼ਾਮੀਂ ਖਿੱਚੀ।

ਸੂਚੀ

3	ਸ	ਮਿਹਨਤੀ ਹੱਥ ਨਹੀਂ ਅੱਡਦੇ ਪੂਨਮ ਸਿੰਘ
52	ਖ	ਉਮਾ ਗੁਰਬਖ਼ਸ਼ ਸਿੰਘ ਨਹੀਂ ਰਹੇ
2	ਖ	ਸਾਹਿਰ 101 ਸਾਲ ਵਿਚ, ਤਾਜ ਮਹਿਲ ਕਵਿਤਾ
6	ਖ	ਕੈਫ਼ੀ ਆਜ਼ਮੀ 100 ਸਾਲ- ਇੱਕ ਗ਼ਜ਼ਲ
17	ਖ	ਮੰਟੋ ਆਪਣੇ ਬਾਰੇ-2 ਸਆਦਤ ਹਸਨ ਮੰਟੋ
31	ਖ	ਗੁਰਬਖ਼ਸ਼ ਸਿੰਘ 100 ਸਾਲ ਨੌਜਵਾਨ ਪਰਵਾਸੀ ਗੁਰਬਖ਼ਸ਼ ਸਿੰਘ ਵਲੋਂ ਪਤਨੀ ਨੂੰ ਖਤ
7	ਕ	ਆਤੂ ਖੋਜੀ ਗੁਰਮੀਤ ਕੜਿਆਲਵੀ
13	ਕਵਿ	5 ਕਵਿਤਾਵਾਂ ਸਵਾਮੀ ਅੰਤਰ ਨੀਰਵ
14	ਕ	ਨਿੱਕੀ ਬੂਟੀ ਦਾ ਸੂਟ ਗੁਰਬਚਨ ਸਿੰਘ ਭੁੱਲਰ
35	ਕ	ਮੱਲ੍ਹਮ ਸਾਂਵਲ ਧਾਮੀ
21	ਕਵਿ	ਲਾੱਕਡਾਊਨ ਮਨਿੰਦਰ ਕੌਰ ਮਨ
24	ਯ	ਅੰਬਰੀਂ ਚੜ੍ਹੀ ਗੁੱਡੀ ਕਰਨ ਬਰਾੜ ਹਰੀ ਕੇ ਕਲਾਂ
28	ਕਵਿ	ਮੇਰੇ ਗੁਰੂ ਅਰਜਨ ਦੇਵ ਨੂੰ ਸਮਰਪਤ ਪ੍ਰਵੀਨ ਕੌਰ, ਕੈਨੇਡਾ (ਅਨੁਵਾਦ:ਪੂਨਮ ਸਿੰਘ)
51	ਖ	5 ਜੂਨ, ਵਿਸ਼ਵ ਵਾਤਾਵਰਨ ਦਿਵਸ 'ਤੇ ਡਾ. ਮਮਤਾ ਅਰੋੜਾ
19	ਨ	ਮੈਨੂੰ ਛੁੱਟੀ ਚਾਹੀਦੀ ਹੈ- ਡੈਣ 'ਚ ਬਦਲਦੀ ਮੇਰੀ ਨਾਨੀ ਸਪਨਾ ਚਾਮੜੀਆ
21	ਜ	ਪ੍ਰੋ ਇਸ਼ਤਿਆਕ ਨਾਲ ਗੱਲਬਾਤ ਸ਼ਕੀਲ ਚੌਧਰੀ
29	ਲ	ਸੋਫ਼ੀ ਦਾ ਸੰਸਾਰ- ਯੂਨਾਨਵਾਦ.... ਯੌਸਤੀਨ ਗਾਰਦਰ
33	ਦ	ਦੁਸ਼ਮਣ ਕੌਣ? ਗੁਰਬਖ਼ਸ਼ ਸਿੰਘ
34	ਹ	ਦ੍ਰੁਸ਼ਮਣ ਕੀਣ? ਗੁਰਬਖਸ਼ ਸਿੰਘ
25	ਬ	ਗਿਲਬਰਟ ਸਿੰਘ ਦੀ ਕਵਿਤਾ
26	ਬ	ਚਾਲਾਕ ਚਮਗਾਦੜਾਂ - ਕਹਾਣੀ
28	ਕਵਿ	ਬਿੱਲੋ ਰਾਣੀ ਕਵਿਤਾ ਸਵਾਮੀ ਅੰਤਰ ਨੀਰਵ)
49	E	SAHIR- LUDHIANVI- THE POET MAGICIAN OF LUDHIANA — Mohammad Taqi

ਸ ਸੰਪਾਦਕੀ
ਭ ਭਖਦਾ ਕਵਿਤਾ
ਕਵਿ

ਕ ਕਹਾਣੀ
ਯ ਯਾਦ
ਨ ਨਾਟਕਕਾਰੀ

ਦ ਦਾਰ ਸੀ ਨੂੰ ਯਾਦ ਕਰਦਿਆਂ
ਨ ਨਵੀਂ ਕਿਤਾਬ
ਲ ਲੜੀਵਾਰ

ਬ ਬਾਲਾਂ ਲਈ
E ਦੇਸ਼ਨਾਮੀ ਵਿਚ English Matter

ਕੈਫ਼ੀ ਆਜ਼ਮੀ - 100 ਸਾਲ

ਖ਼ਾਰੋ-ਖ਼ਸ[1] ਤੋ ਉਠੇ, ਰਾਸਤਾ ਤੋ ਚਲੇ
ਮੈਂ ਅਗਰ ਥਕ ਗਿਆ, ਕਾਫ਼ਿਲਾ ਤੋ ਚਲੇ।

1ਹਨੇਰੀਆਂ-ਝੱਖੜ

ਚਾਂਦ -ਸੂਰਜ ਬੁਜ਼ੁਰਗੋਂ ਕੇ ਨਕਸ਼ੇ-ਕ਼ਦਮ
ਖ਼ੈਰ ਬੁਝਨੇ ਦੋ ਇਨਕੋ, ਹਵਾ ਤੋ ਚਲੇ।

ਹਾਕਿਮੇ-ਸ਼ਹਰ, ਯੇ ਭੀ ਕੋਈ ਸ਼ਹਰ ਹੈ
ਮਸਜਿਦੇਂ ਬੰਦ ਹੈਂ, ਮੈਯਕਦਾ ਤੋ ਚਲੇ।

ਇਸਕੋ ਮਜ਼ਹਬ ਕਹੋ ਯਾ ਸਿਯਾਸਤ ਕਹੋ,
ਖ਼ੁਦਕੁਸ਼ੀ ਕਾ ਹੁਨਰ ਤੁਮ ਸਿਖਾ ਤੋ ਚਲੇ।

ਇਤਨੀ ਲਾਸ਼ੇਂ ਮੈਂ ਕੈਸੇ ਉਠਾ ਪਾਊਂਗਾ
ਆਜ ਈਂਟੋਂ ਕੀ ਹੁਰਮਤ[2] ਬਚਾ ਤੋ ਚਲੇ।

2ਮਰਿਯਾਦਾ

ਬੇਲਚੇ ਲਾਓ, ਖੋਲੋ ਜ਼ਮੀਂ ਕੀ ਤਹੇਂ
ਮੈਂ ਕਹਾਂ ਦਫ਼ਨ ਹੂੰ, ਕੁਛ ਪਤਾ ਤੋ ਚਲੇ।

ਸੱਯਦ ਅਖ਼ਤਰ ਹੁਸੈਨ ਰਿਜ਼ਵੀ, ਜਿਨ੍ਹਾਂ ਨੂੰ ਕੈਫ਼ੀ ਆਜ਼ਮੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ, (14 ਜਨਵਰੀ 1919 - 10 ਮਈ 2002) ਭਾਰਤਦੇ ਇੱਕ ਮਸ਼ਹੂਰ, ਮਕ਼ਬੂਲ਼ ਸ਼ਾਇਰ ਹੋਏ ਹਨ। ਇਨ੍ਹਾਂ ਨੂੰ ਸਿਹਰਾ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਭਾਰਤੀ ਫ਼ਿਲਮਾਂ ਵਿਚ ਉਰਦੂ ਸਾਹਿਤ ਨੂੰ ਲਿਆਂਦਾ ਸੀ। ਪੀਰਜ਼ਾਦਾ ਖ਼ਸਿਮ, ਜੌਨ ਏਲੀਆ ਅਤੇ ਹੋਰਾਂ ਦੇ ਨਾਲ, 20ਵੀਂ ਸਦੀ ਦੇ ਸਭ ਤੋਂ ਵੱਧ ਯਾਦਗਾਰੀ ਮੁਸ਼ਾਇਰਿਆਂ ਵਿਚ ਇਨ੍ਹਾਂ ਦੀ ਹਾਜ਼ਰੀ ਖ਼ਾਸ ਰਹੀ।

ਪਦਮਸ਼੍ਰੀ, ਭਾਰਤ ਦਾ ਚੌਥਾ ਉੱਚਾ ਨਾਗਰਿਕ ਸਨਮਾਨ, ਇਨ੍ਹਾਂ ਨੂੰ ਹਾਸਿਲ ਸੀ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਉਰਦੂ ਅਕਾਦਮੀ ਦਾ ਅਤੇ ਸਾਹਿਤਯ ਅਕਾਦਮੀ ਦਾ ਵੀ ਉਰਦੂ ਲਈ ਇਨਾਮ ਹਾਸਿਲ ਹੋਇਆ- ਆਪਣੇ ਸੰਗ੍ਰਹਿ "ਆਵਾਰਾ ਸਜਦੇ" ਦੇ ਲਈ; ਮਹਾਰਾਸ਼ਟਰ ਉਰਦੂ ਅਕਾਦਮੀ ਦਾ ਖ਼ਾਸ ਇਨਾਮ, ਸੋਵੀਅਤ ਲੈਂਡ ਨਹਿਰੂ ਇਨਾਮ, ਐਫ਼ਰੋ-ਏਸ਼ੀਆਈ ਲੇਖਕ ਐਸੋਸੀਏਸ਼ਨ ਦੇ ਇਨਾਮ ਵੀ ਮਿਲੇ। ਰਾਸ਼ਟਰੀ ਏਕਤਾ ਲਈ ਰਾਸ਼ਟਰਪਤੀ ਦੇ ਇਨਾਮ ਨਾਲ ਨਿਵਾਜਿਆ ਗਿਆ।

1998 ਵਿਚ, ਮਹਾਰਾਸ਼ਟਰ ਸਰਕਾਰ ਨੇ Jnaneshwara Award ਇਨ੍ਹਾਂ ਦੀ ਝੋਲੀ ਪਾਇਆ। ਕੈਫ਼ੀ ਆਜ਼ਮੀ ਨੂੰ ਉਮਰ ਭਰ ਦੇ ਕੀਤੇ ਸਫ਼ਲ ਕਾਰਜ ਲਈ ਦਿੱਤੀ ਜਾਂਦੀ ਸਾਹਿੱਤਯ ਅਕਾਦਮੀ ਫ਼ੈਲੋਸ਼ਿਪ ਦੇ ਨਾਲ ਵੀ ਸਤਿਕਾਰਿਆ ਗਿਆ।

ਆਤੂ ਖੋਜੀ

ਗੁਰਮੀਤ ਕੜਿਆਲਵੀ

ਇਸੇ ਨਾਂ ਦੀ ਫ਼ਿਲਮ ਵਿਚੋਂ ਤਸਵੀਰ

ਪੈੱਗ ਉਸਦੀ ਗਲਾਸੀ ਵਿਚ ਪਾ ਦਿੱਤਾ। ਆੜ ਵਿਚ ਵਗਦੇ ਪਾਣੀ 'ਚੋਂ ਕੱਪ ਭਰਿਆ ਤੇ ਥੋੜ੍ਹਾ ਜਿਹਾ ਉਸਦੀ ਗਲਾਸੀ ਵਿਚ ਪਾਉਂਦਿਆ ਆਖਿਆ,

"ਚੱਕ ਦੇ... ਚੱਕ ਦੇ ਤਾਇਆ। ਕੁਛ ਨੀ ਕਹਿੰਦੀ ਤੈਨੂੰ। ਥੋਡੀਆਂ ਪੁਰਾਣੀਆਂ ਖੁਰਾਕਾਂ ਖਾਧੀਆਂ। ਥੋਨੂੰ ਏਹ ਕੁਛ ਨੀ ਕਰਦੀ। ਨਾਲੇ ਏਹਦੇ'ਚ ਹੈ ਕੀ, ਤੱਤੇ ਪਾਣੀ ਵਿਚ ਗੁੜ ਤੇ ਕਿੱਕਰ ਦਾ ਸੱਕ ਜਾਂ ਚਾਰ ਛਿਲੜ ਸੰਤਰੇ ਦੇ। ਹੋਰ ਕੀ? ਨਾਲੇ ਪਰਖ ਕਰੀਂ... ਕੈਹੇ ਜੀ ਬਣੀ ਐ। ਤੂੰ ਤਾਂ ਫੇਰ ਵੀ ਖੋਜੀ ਬੰਦਾ।"

"ਚੀਜ ਤਾਂ ਮਛਟਰਾ ਠੀਕੈ। ਅੰਦਰ ਜਾ ਨੀ ਵੱਢਦੀ ਪਰ ਹੁਣ ਪਚਦੀ ਨੀ। ਬਥੇਰੀ ਪੀਤੀ ਜਵਾਨੀ ਵਾਰੇ। ਮੱਟਾਂ ਦੇ ਮੱਟ ਖਾਲੀ ਕਰਤੇ ਪਰ ਹੁਣ ਉਹ ਗੱਲ ਰਹੀ ਕਿੱਥੇ। ਊਂ ਮਛਟਰਾ, ਗੱਲ ਤੇਰੀ ਵੀ ਸੋਲਾਂ ਆਨੇ। ਸਾਡੀ ਹੱਡੀ ਚੀੜ੍ਹੀ ਹੁੰਦੀ ਐ। ਤੇਰੇ ਹਿਸਾਬ ਨਾਲ ਮੇਰੀ ਉਮਰ ਕੈ ਸਾਲ ਹੋਊ?" ਆਤੂ ਨੇ ਇੱਕੋ ਸਾਹੇ ਗਿਲਾਸੀ ਖਾਲੀ ਕਰ ਕੇ ਪਾਸੇ ਰੱਖ ਦਿੱਤੀ। ਸਰ੍ਹੋਂ ਦੀ ਗੰਦਲ ਤੋੜ ਕੇ ਉਸ ਨੇ ਮੂੰਹ 'ਚ ਪਾ ਲਈ।

"ਹੋਉ ਕੋਈ ਪਚਵੰਜਾ-ਸੱਠ ਦੇ ਲਾਗੇ-ਚਾਗੇ।" ਮੈਂ ਐਵੇਂ ਅੱਟੇ-ਸੱਟੇ ਨਾਲ ਆਖ ਦਿੱਤਾ, ਉਂਜ ਆਤੂ ਦੀ ਸਿਹਤ ਮੁਤਾਬਕ ਉਸਦੀ ਉਮਰ ਪੰਜਾਹਾਂ ਕੁ ਦੇ ਨੇੜੇ ਤੇੜੇ ਲੱਗਦੀ ਸੀ।

"ਖਾ ਗਿਆ ਕਨ੍ਹੀ ਟਪਲਾ। ਐਸ ਟੈਮ ਮੇਰੀ ਉਮਰ ਪੂਰੇ ਦੋ ਘੱਟ ਅੱਸੀ ਸਾਲ ਐ। ਜੇਹੜੇ ਸਾਲ ਕੱਤੇ ਦੀ ਬਿਮਾਰੀ ਪਈ ਸੀ, ਉਸ ਵਰ੍ਹੇ ਦਾ ਜਨਮ ਆਂ ਮੇਰਾ।"

"ਲਗਦਾ ਨੀ... ਕਮਾਲ ਐ।" ਸਚਮੁੱਚ ਮੇਰੇ ਲਈ ਇਹ ਹੈਰਾਨੀ ਦਾ ਸਬੱਬ ਸੀ।

"ਆਹੀ ਸਾਡੀ ਕੌਮ 'ਚ ਖਾਸੀਅਤ ਐ। ਮਛਟਰਾ! ਸਾਡੀ ਕੌਮ'ਚ ਨਾ ਮਿਲੂ ਥੋਨੂੰ ਕੋਈ ਡਿੱਗਿਆ ਢੱਠਿਆ ਜਿਆ । ਜਮ੍ਹਾਂ ਨੌ ਬਰ ਨੌ ਮਿਲਣਗੇ। ਸਾਡਾ ਬੰਦਾ ਛੇਤੀ ਕੀਤਿਆਂ ਗੋਡੇ ਰਗੜ-ਰਗੜ ਕੇ ਨ੍ਹੀਂ ਮਰਦਾ। ਤੁਰਦਾ ਫਿਰਦਾ ਚੜ੍ਹਾਈ ਕਰਜੂ।"

"ਹੈਂ ?" ਮੈਂ ਆਤੂ ਦੀ ਬਿਰਾਦਰੀ ਨਾਲ ਸੰਬੰਧਿਤ ਪਿੰਡ ਦੇ ਲੋਕਾਂ 'ਤੇ ਨਿਗਾਹ ਮਾਰੀ। ਸੱਚਮੁੱਚ ਕੋਈ ਬਜ਼ੁਰਗ ਮੰਜੇ 'ਤੇ ਪੈ ਕੇ ਹੱਡ-ਗੋਡੇ ਨਹੀਂ ਸੀ ਰਗੜ ਰਿਹਾ ਜਦ ਕਿ ਬਾਕੀ ਪਿੰਡ ਵਿਚਲੇ ਸਰਦਾਰਾਂ ਦੇ ਕਈ ਬਜ਼ੁਰਗ ਮੰਜੇ 'ਤੇ ਪਏ ਪਏ ਗਲ਼ ਸੜ ਰਹੇ ਸਨ ਅਤੇ ਘਰਦਿਆਂ ਦੀਆਂ ਗਾਹਲਾਂ ਦੁੱਪੜਾਂ ਖਾਂਦੇ ਰੱਬ ਨੂੰ ਚੱਕ ਲੈਣ ਦੀਆਂ ਅਰਦਾਸਾਂ ਕਰਦੇ ਰਹਿੰਦੇ ਸਨ।

"ਮਛਟਰਾ ਸਾਡੀ ਕੌਮ ਅਣਖੀ ਐ । ਅਸੀਂ ਰਾਜਪੂਤਾਂ ਦੀ ਅਣਸ਼ 'ਚੋਂ ਹੁੰਨੇ ਆ। ਚੌਹਾਨ ਰਾਜਪੂਤ। ਤੂੰ ਤਾਂ ਲਿਖਿਆ ਪੜ੍ਹਿਆਂ। ਮਹਾਰਾਣੇ ਪ੍ਰਤਾਪ ਅਤੇ ਪ੍ਰਿਥੀ ਚੌਹਾਨ ਰਾਜੇ ਬਾਰੇ ਸੁਣਿਆ ਈ ਹੋਊ। ਉਹ ਸਾਡੇ ਵੱਡ-ਵਡੇਰੇ ਆ। ਤੁਸੀਂ ਸਾਰੇ ਮੈਨੂੰ ਆਤੂ-ਆਤੂ ਕਹੀ ਜਾਨੇ ਓਂ। ਅਸਲੀ ਨਾਉਂ ਮੇਰਾ ਥੋਨੂੰ ਪਤਾ ਨੀ ਹੋਣਾ। ਮੇਰਾ ਸਿੱਧਾ ਨਾਉਂ 'ਆਤਮਾ ਰਾਮ ਚੌਹਾਨ' ਐ। ਕਿਸੇ ਟੈਮ ਦੂਰ-ਦੂਰ ਤੱਕ ਰਾਜ ਪਾਟ ਹੁੰਦਾ ਸੀ ਸਾਡਾ। ਫਿਰ ਜਦੋਂ ਮੁਗਲਾਂ ਹੱਥੋਂ ਹਾਰ ਹੋਗੀ, ਸਾਡੀ ਕੌਮ ਜੰਗਲਾਂ-ਪਹਾੜਾਂ ਅੱਲੀਂ ਚਲੇ ਗਈ। ਜੰਗਲਾਂ-ਬੇਲਿਆਂ 'ਚ ਰਹਿ ਕੇ ਗੁਜ਼ਾਰਾ ਕਰ ਲਿਆ ਪਰ ਮੁਗਲਾਂ ਦੀ ਈਨ ਨੀ ਮੰਨੀ। ਜੈਮਲ, ਫੱਤਾ ਸਾਡੀਓ ਕੌਮ ਦੇ ਯੋਧੇ ਆ ਜਿਨ੍ਹਾਂ ਨੇ ਅਕਬਰ ਬਾਦਸ਼ਾਹ ਦੀ ਗੁਲਾਮੀ ਕਬੂਲ ਨੀ ਸੀ ਕੀਤੀ। ਸਾਢੇ ਚਾਰ ਸੌ ਸਾਲ ਜੰਗਲਾਂ-ਪਹਾੜਾਂ 'ਚ ਰਹੀ ਐ ਸਾਡੀ ਕੌਮ। ਚੋਰੀ ਕਰਨ ਦੀ ਵਾਦੀ ਵੀ ਪੈਗੀ। ਫੇਰ 'ਗਰੇਜ ਆ'ਗੇ। ਸਾਡੀ ਕੌਮ ਨੇ ਈਨ ਏਹਨਾਂ ਦੀ ਵੀ ਨੀ ਮੰਨੀ। ਮਛਟਰਾ! ਸਾਲੀ 'ਗਰੇਜ ਕੌਮ ਬੜੀ ਚਾਲੂ ਸੀ ਸਾਡੇ ਤੋਂ। 'ਗਰੇਜ ਨੇ ਪਬੰਦੀ ਲਾਈ ਰੱਖੀ ਸਾਡੀ ਕੌਮ 'ਤੇ।" ਮੈਂ ਗਹੁ ਨਾਲ ਆਤੂ ਦੀਆਂ ਅੱਖਾਂ ਵਿਚ ਵੇਖਿਆ, ਉਸ ਵਿਚ ਸਵੈਮਾਣ ਤਾਰੀਆਂ ਲਾ ਰਿਹਾ ਸੀ। ਮੈਨੂੰ ਉਸਦੀ ਗੱਲ ਸੌ ਫ਼ੀ ਸਦੀ ਸੱਚ ਲੱਗੀ। ਅਜਿਹੇ ਲੋਕ ਕਿਸੇ ਦੀ ਈਨ ਮੰਨ ਈ ਕਿਵੇਂ ਸਕਦੇ ਸਨ। ਇਨ੍ਹਾਂ ਕਿਹੜਾ ਰਾਏਬਹਾਦਰੀਆਂ, ਸਰਦਾਰੀਆਂ, ਚੌਬਦਾਰੀਆਂ, ਸਫ਼ੈਦਪੋਸ਼ੀਆਂ, ਜਗੀਰਦਾਰੀਆਂ ਜਾਂ ਲੰਬੜਦਾਰੀਆਂ ਲੈਣੀਆਂ ਸਨ। ਮੈਂ ਪਿੰਡ ਵਿਚ, ਆਲੇ ਦੁਆਲੇ ਬਾਰੇ ਸੋਚਿਆ। ਆਤੂ ਦੀ ਗੱਲ ਅਜੇ ਵੀ ਕਿੰਨੀ ਸੱਚ ਸੀ। ਮਜ਼ਹਬੀਆਂ, ਰਾਮਦਾਸੀਆਂ ਅਤੇ ਹੋਰ ਅਖੌਤੀ ਨੀਵੀਆਂ ਕਹੀਆਂ ਜਾਂਦੀਆਂ ਜਾਤਾਂ ਦੇ ਲੋਕ ਜਿੱਥੇ ਜੱਟਾਂ ਨਾਲ ਸੀਰੀ ਸਾਂਝੀ ਰਲੇ ਹੋਏ ਸਨ ਉਥੇ ਬੌਰੀਆ ਬਰਾਦਰੀ ਦੇ ਲੋਕ ਆਪਣੇ-ਆਪਣੇ ਕੰਮਾਂ ਧੰਦਿਆਂ ਵਿਚ ਲੱਗੇ ਹੋਏ ਸਨ। ਕੋਈ ਸਬਜ਼ੀ ਵੇਚਦਾ ਸੀ, ਕੋਈ ਸਾਈਕਲ 'ਤੇ ਫੇਰੀ ਲਾਉਂਦਾ ਸੀ, ਕਿਸੇ ਪਰਿਵਾਰ ਨੇ ਜੱਟਾਂ ਤੋਂ ਜ਼ਮੀਨ ਠੇਕੇ 'ਤੇ ਲੈ ਕੇ ਸਬਜ਼ੀ ਭਾਜੀ, ਖੱਖੜੀਆਂ-ਖਰਬੂਜ਼ੇ, ਤਰਾਂ-

ਆਤੂ ਖੋਜੀ

ਮਤੀਰੇ, ਆਦਿ, ਬੀਜੇ ਹੋਏ ਸਨ। ਕਈ ਘਰ ਬੇਰੀਆਂ ਦੇ ਠੇਕੇ ਲੈਣ ਲਈ ਦੂਰ-ਦੂਰ ਗਏ ਹੋਏ ਸਨ। ਕਈ ਬੰਦੇ ਸ਼ਹਿਰ ਰਿਕਸ਼ਾ ਚਲਾਉਣ ਲੱਗੇ ਸਨ।

"ਸਾਲੀ ਅੰਗਰੇਜ ਕੌਮ ਨੂੰ ਕੀ ਤਕਲੀਫ ਸੀ? ਮੰਨਿਆ ਕੋਈ ਇਕ-ਅੱਧ ਮਾੜਾ ਪਰ ਕੋਈ ਕੌਮ ਤਾਂ ਨੀ ਮਾੜੀ ਸਾਰੀ। ਇਹ ਤਾਂ ਜੱਗੋਂ ਤੇਰ੍ਹਵੀਂ ਗੱਲ ਸੀ ਅਖੇ ਕੰਮ 'ਤੇ ਈ ਪਾਬੰਦੀ ਲਾ'ਤੀ" -ਜਦੋਂ ਬਾਪ ਜਿਉਂਦਾ ਸੀ ਅਕਸਰ ਅਜਿਹੀਆਂ ਸੁਣਾਉਂਦਾ ਰਹਿੰਦਾ ਸੀ। ਬੌਰੀਆ ਬਿਰਾਦਰੀ ਨੂੰ ਜਰਾਇਮ ਪੇਸ਼ਾ ਕਰਾਰ ਦੇਣ ਅਤੇ ਅਠਾਰਾਂ ਸਾਲਾਂ ਤੋਂ ਵੱਧ ਉਮਰ ਵਾਲੇ ਬੌਰੀਆ ਬਿਰਾਦਰੀ ਦੇ ਹਰੇਕ ਨੌਜੁਆਨ ਤੇ ਬਜ਼ਰਗ ਲਈ ਥਾਣੇ ਹਾਜ਼ਰੀ ਲਵਾਉਣੀ ਜ਼ਰੂਰੀ ਰਹੀ ਹੋਣ ਬਾਰੇ ਬਾਪੂ ਨੇ ਹੀ ਜਾਣਕਾਰੀ ਦਿੱਤੀ ਸੀ।

"ਮਛਟਰਾ! ਹੁਣ ਕਿੱਥੇ ਰਹੀਆਂ ਉਹ ਗੱਲਾਂ... ਬੜੇ ਮਾੜੇ ਦਿਨ ਦੇਖੇ। 'ਗਰੇਜ ਕੌਮ ਬੜੀ ਚਾਲੂ ਸੀ ਸਾਡੇ ਤੋਂ। ਉਹ ਤਾਂ ਸਾਡੀ ਬੋਲੀ ਤੋਂ ਵੀ ਡਰਦੀ ਸੀ। ਕੁੱਲ ਦੁਨੀਆਂ 'ਤੇ ਰਾਜ ਕੀਤਾ ਉਹਨੇ। ਘਾਟ-ਘਾਟ ਦਾ ਪਾਣੀ ਵੀ ਪੀਤਾ ਪਰ ਪਤੰਦਰ ਨੂੰ ਸਾਡੀ ਬੋਲੀ ਸਮਝ ਨੀ ਆਈ। ਬਥੇਰਾ ਮੱਥਾ ਮਾਰਿਆ। ਕੁੱਲ ਦੁਨੀਆਂ ਦੀਆਂ ਪੋਥੀਆਂ ਫਰੋਲ ਮਾਰੀਆਂ। ਪਰ ਏਹ ਨ੍ਹੀ ਪਤਾ ਲੱਗਾ ਵਈ ਏਹ ਬੋਲੀ ਹੈ ਕਿਹੜੀ। ਏਹਦਾ ਨਾਂ ਕੀ ਐ? ਮਛਟਰਾ! ਤੂੰ ਤਾਂ ਲਿਖਿਆ ਪੜ੍ਹਿਆਂ। ਸਾਡੇ ਆਲੀ ਬੋਲੀ, ਕਿਤੇ ਲਿਖਣ-ਪੜ੍ਹਨ ਵਿਚ ਤਾਂ ਆਉਂਦੀ ਨੀ, ਪੱਲੇ ਕੀ ਪੈਣਾ ਸੀ -ਛੁਣਛੁਣਾ?"

"ਤਾਇਆ ਸਾਡੇ ਨਾਲ ਤਾਂ ਤੁਸੀਂ ਚੰਗੀ-ਭਲੀ ਪੰਜਾਬੀ 'ਚ ਗੱਲਾਂ ਕਰਦੇ ਓ, ਜਦੋਂ ਕਦੇ ਆਪਸ ਵਿਚ ਬੈਠੇ ਹੋਵੋ, ਥੋਡੀ ਗਿੱਟ-ਮਿੱਟ, ਗਿੱਟ-ਮਿੱਟ ਕਿਸੇ ਦੇ ਪੱਲੇ ਨੀ ਪੈਂਦੀ।" ਮੈਨੂੰ ਅੱਠਵੀਂ ਤੱਕ ਨਾਲ ਪੜ੍ਹਦੇ ਰਹੇ ਸੁਖਦੇਵ ਅਤੇ ਖੁਸ਼ਹਾਲਾ ਚੇਤੇ ਆਏ। ਅਸੀਂ ਦੋ-ਤਿੰਨ ਮੁੰਡੇ ਉਨ੍ਹਾਂ ਤੋਂ ਬੋਲੀ ਸਿੱਖਣ ਦੀ ਕੋਸ਼ਿਸ਼ ਕਰਦੇ ਰਹੇ। ਬਹੁਤ ਮੱਥਾ ਮਾਰਨ ਤੋਂ ਬਾਅਦ ਵੀ ਸਾਡੇ ਪਿੜ ਪੱਲੇ ਕੁਝ ਨਹੀਂ ਸੀ ਪਿਆ।

"ਮਛਟਰਾ! ਬੱਸ ਏਸੇ ਗਿੱਟ-ਮਿੱਟ, ਗਿੱਟ-ਮਿੱਟ ਤੋਂ ਡਰਦੀ ਸੀ 'ਗਰੇਜ ਕੌਮ।" ਆਤੂ ਹਿੜ-ਹਿੜ ਕਰ ਕੇ ਕਿੰਨਾ ਚਿਰ ਹੱਸਦਾ ਰਿਹਾ।

"ਮਛਟਰਾ! ਇਕ ਗੱਲ ਦਾ ਮੈਨੂੰ ਬੜਾ ਫ਼ਿਕਰ ਆ। ਸਾਡੇ ਹੁਣ ਆਲੇ ਛੋਹਰ, ਲੌਂਡੀ ਦੇਣੇ, ਆਵਦੀ ਬੋਲੀ ਭੁੱਲੀ ਜਾਂਦੇ। ਹੁਣ ਤੂੰ ਈ ਦੱਸ, ਜਦੋਂ ਬੰਦੇ ਦੀ ਬੋਲੀ ਈ ਨਾ ਰਹੀ, ਪਿਛੇ ਕੀ ਰਹਿਜੂ- ਛੁਣਛੁਣਾ?" ਦਿਨੋ ਦਿਨ ਖਤਮ ਹੁੰਦੀਆਂ ਜਾਂਦੀਆਂ ਖੇਤਰੀ ਅਤੇ ਕਬੀਲਾਈ ਬੋਲੀਆਂ ਬਾਰੇ ਚਿੰਤਾ ਕਰਨ ਵਾਲੇ ਭਾਸ਼ਾ ਵਿਗਿਆਨੀਆਂ ਜਿਹੀ ਚਿੰਤਾ ਆਤੂ ਵਰਗੇ ਸਾਧਾਰਨ ਅਨਪੜ੍ਹ ਬੰਦੇ ਅੰਦਰ ਵੇਖ ਕੇ ਮੈਂ ਹੈਰਾਨ ਰਹਿ ਗਿਆ। ਮੈਨੂੰ ਆਤੂ ਕੋਈ ਚੇਤੰਨ ਭਾਸ਼ਾ ਵਿਗਿਆਨੀ ਜਾਪਿਆ।

"ਮਛਟਰਾ! 'ਗਰੇਜ ਕੌਮ ਨੇ ਪਾਬੰਦੀ ਪਤਾ ਕਦੋਂ ਲਾਈ?" ਆਤੂ ਨੇ ਮੈਨੂੰ ਗੁਆਚਿਆ ਜਿਹਾ ਦੇਖ ਕੇ ਮੇਰਾ ਹੁੰਗਾਰਾ ਭਰਾਇਆ।

"ਕਦੋਂ?"

"ਫਰੀਦਕੋਟੀਏ ਰਾਜੇ ਦਾ ਮਹੱਲ ਸੀ ਬੜਾ ਉੱਚਾ। ਉਹਦੇ ਚਾਰ-ਚੁਫੇਰੇ ਸ਼ੀਸ਼ੇ ਅਰਗਾ ਪੱਥਰ ਲੱਗਾ, ਤਿਲ੍ਹਕਵਾਂ। ਮਹਿਲ ਉੱਤੇ ਬਣਾਇਆ ਗੁੰਬਦ। ਗੁੰਬਦ ਉੱਤੇ ਸੋਨੇ ਦਾ ਕਲਸ। ਮਹਿਲ ਐਸ ਹਸਾਬ ਨਾਲ ਬਣਾਇਆ ਵਈ ਬੰਦਾ ਤਾਂ ਕੀ, ਜਾਨਵਰ ਵੀ ਉੱਤੇ ਨਾ ਚੜ੍ਹ ਸਕੇ। ਚੜ੍ਹਨਾ ਕੀ? ਚਾਰ-ਚੁਫੇਰੇ ਤਿਲਕਵਾਂ ਪੱਥਰ ਤੇ ਹੱਥ ਪਾਉਣ ਨੂੰ ਥਾਂ ਕੋਈ ਨਾ। ਰਾਜੇ ਦੇ ਰੱਖੇ ਵੱਡੇ-ਵੱਡੇ ਕੁੱਤੇ। ਬੰਦੇ ਨੂੰ ਪਾੜ ਕੇ ਖਾ ਜਾਣ ਵਾਲੇ।

"ਸਾਡੀ ਕੌਮ ਦੇ ਚੋਰ ਹੋਏ ਆ ਟੇਕੂ ਤੇ ਪੇਕੂ। ਸਾਦਕ ਕੰਨੀ ਦੇ ਸੀਗੇ। ਬੜੀ ਮਸ਼ਹੂਰੀ ਸੀਗੀ ਦੋਵ੍ਹਾਂ ਭਰਾਵਾਂ ਦੀ। ਰਾਜੇ ਨੇ 'ਲਾਨ ਕਰ'ਤਾ ਵਈ ਜੇ ਟੇਕੂ ਤੇ ਪੇਕੂ ਏਡੇ ਈ ਸ਼ੇਰ ਨੇ ਮੇਰੇ ਮਹਿਲਾਂ 'ਚੋਂ ਚੋਰੀ ਕਰ ਕੇ ਵਿਖਾਉਣ। ਜਦੋਂ ਟੇਕੂ ਤੇ ਪੇਕੂ ਨੂੰ ਪਤਾ ਲੱਗਾ ਉਨ੍ਹਾਂ ਰਾਜੇ ਦੀ ਹਿੰਡ ਭੰਨਣ ਦੀ ਸਕੀਮ ਬਣਾ'ਲੀ। ਉਨ੍ਹਾਂ ਪਾਲੀ ਹੋਈ ਸੀ ਗੋਹ। ਇਹ ਬੜਾ ਔਤਰਾ ਜੀਅ ਐ। ਸ਼ੈਂਤ ਤੂੰ ਕਿਤੇ ਦੇਖੀ ਹੋਵੇ। ਅੱਬਲ ਤਾਂ ਅੱਜਕੱਲ ਕਿਤੇ ਦਿਖਦੀ ਨੀ। ਜਿਮੇ ਪਾਥੀ ਹੁੰਦੀ ਐ, ਐਕਣ ਦੀ ਹੁੰਦੀਓ। ਜਿੱਥੇ ਚੁੰਬੜ ਜੇ ਲਹਿੰਦੀ ਨੀ। ਸੁਣਿਆ ਨੀ ਅਖੇ ਫਲਾਣੇ ਦਾ ਜੱਫਾ ਤਾਂ ਗੋਹ ਆਲਾ। ਉਨ੍ਹਾਂ ਰੱਬ ਦਿਆਂ ਬੰਦਿਆਂ ਗੋਹ ਦੀ ਪੂੰਛ ਨੂੰ ਪਾਇਆ ਲੰਮਾ ਰੱਸਾ ਤੇ ਵਗਾਹ ਮਾਰੀ ਬੰਗਲੇ ਦੇ ਗੁੰਬਦ 'ਤੇ। ਮਰੇ ਜਾਨਵਰ ਦੇ ਸਿੰਗ ਲੈਗੇ ਸੀ ਨਾਲ। ਸਿੰਗਾਂ ਦੇ ਪੋਪਲਿਆਂ ਵਿਚ ਕੁੱਟ-ਕੁੱਟ ਕੇ ਚੂਰੀ ਭਰੀ ਸੀ। ਸਿੰਗ ਹੌਲੀ ਜਏ ਕੁੱਤਿਆਂ ਵੱਲ ਨੂੰ ਚਲਾਅ ਮਾਰੇ। ਕੁੱਤੇ ਸਿੰਗਾਂ 'ਚ ਮੂੰਹ ਫਸਾਅ ਕੇ ਲੱਗੇ ਚੂਰੀ ਕੱਢਣ। ਕੁੱਤਿਆਂ ਨੂੰ ਐਸਾ ਆਹਰ ਲਾਇਆ, ਉਹ ਤਾਂ ਕਿਸੇ ਪਾਸੇ ਝਾਕਣ ਈ ਨਾ। ਉਧਰ ਗੋਹ ਨੇ ਜੱਫਾ ਪਾ ਲਿਆ ਗੁੰਬਦ ਨੂੰ। ਦੋਵੇਂ ਭਾਈ ਚੜ੍ਹ ਗਏ ਉਤਾਂਹ, ਮਿਲਟੀਂ-ਸਕਿਲਟੀਂ। ਸੋਨੇ ਦਾ ਕਲਸ਼ ਲਾਹਿਆ ਤੇ ਹੋ ਗੇ ਰਫੂ ਚੱਕਰ। ਦਿਨ ਚੜ੍ਹੇ ਰਾਜੇ ਦੇ ਨੌਕਰਾਂ ਨੇ ਰੌਲਾ ਪਾ'ਤਾ ਅਖੇ ਕਲਸ ਹੈਨੀ। ਰਾਜਾ ਹੈਰਾਨ-ਪਰੇਸ਼ਾਨ, ਏਹ ਹੋ ਕੀ ਗਿਆ? ਲੈ ਵੀ ਮਛਟਰਾ, ਉਹਨੇ ਮੁਨਿਆਦੀ ਕਰਵਾਤੀ ਵਈ ਜੀਹਨੇ ਚੋਰੀ ਕੀਤੀ ਐ, ਆਪ ਆ ਕੇ ਪੇਸ਼ ਹੋਜੇ। ਚੋਰ ਨੂੰ ਸਜ਼ਾ ਕੋਈ ਨ੍ਹੀ, ਸਗੋਂ ਅਨਾਮ ਦਿੱਤਾ ਜਾਊ। ਸਾਡੇ ਆਲੇ ਸੂਰਮੇਂ ਜਾ ਪੇਸ਼ ਹੋਏ। ਰਾਜਾ ਉਨ੍ਹਾਂ ਦੇ ਅੱਗੇ-ਪਿੱਛੇ, ਉੱਤੇ ਹੇਠਾਂ ਦੇਖੀ ਜਾਵੇ, ਨਾਲੇ ਸੋਚੀ ਜਾਵੇ ਵਈ ਆਹ ਚਿੱਬ-ਖੜਿੱਬੇ ਜਏ ਦੇ 'ਗੇ ਦੱਖੂ-ਦਾਣਾ। ਲੈ ਵਈ ਮਛਟਰਾ ਰਾਜਾ ਜੁਬਾਨ ਦਾ ਬੜਾ ਪੱਕਾ ਸੀ। ਉਨ੍ਹੇਂ ਭਲੇਮਾਨਸਾਂ ਨੂੰ ਆਖਿਆ ਵੀ ਕੁਛ ਨਾ, ਇਨਾਮ ਵੀ ਦਿੱਤਾ ਤੇ ਕਲਸ ਵੀ ਉਨ੍ਹਾਂ ਕੋਲ ਈ ਰਹਿਣ ਦਿੱਤਾ। ਰਾਜੇ ਨੇ ਸਾਰੀ ਘਾਣੀ ਜਾ ਸੁਣਾਈ ਵੱਡੇ ਲਾਟ ਸਾਬ ਨੂੰ ਵਈ ਕੌਮ ਬੜੀ ਖ਼ਤਰਨਾਕ ਆ। ਲਾਟ ਸਾਬ ਨੇ ਉਸੇ ਟੈਮ ਕੌਮ 'ਤੇ ਪਾਬੰਦੀ ਲਾ'ਤੀ। ਕਰਨੀ ਦੋ ਬੰਦਿਆਂ ਦੀ ਸਜ਼ਾ ਦੇ'ਤੀ ਸਾਰੀ ਕੌਮ ਨੂੰ। ਬੱਸ ਜੀ ਉਦੋਂ

ਲੱਗੀ ਫਿਰ ਕੌਮ 'ਤੇ ਪਾਬੰਦੀ।''

''ਤਾਇਆ ਸਿਆਂ! ਆਏਂ ਈ ਹੁੰਦਾ।" ਮੈਂ ਗੋਲ-ਮੋਲ ਜਿਹਾ ਜੁਆਬ ਦਿੱਤਾ। ਉਂਜ ਮੇਰਾ ਜੀਅ ਕੀਤਾ ਸੀ ਕਿ ਆਤੂ ਨੂੰ ਆਖਾਂ, ਬੀਬੀ ਮਾਰੀ ਤਾਂ ਦੋ ਬੰਦਿਆਂ ਨੇ ਸੀ, ਸਜ਼ਾ ਸਾਰੀ ਕੌਮ ਨੂੰ ਭੁਗਤਣੀ ਪਈ। ਪਰ ਮੈਂ ਚੁੱਪ ਹੀ ਰਿਹਾ।

"ਪਰ ਏਹ 'ਨਸਾਫ ਆਲੀ ਤਾਂ ਗੱਲ ਹੈਨੀ ਸੀ। ਹੋਰ ਦੇਖ'ਲਾ ਗੋਰੇ ਦੀ ਲਾਈ ਪਬੰਦੀ ਅਜਾਦੀ ਮਿਲਣ ਤੋਂ ਬਾਅਦ ਵੀ ਪੰਜ ਸਾਲ ਲੱਗੀ ਰਈ।''

"ਹਾਂ ! ਆਹੋ...।'' ਮੈਨੂੰ ਪਤਾ ਨਾ ਲੱਗਾ, ਮੈਂ ਆਪਣੀ ਹੀ ਗੱਲ ਦਾ ਜੁਆਬ ਦਿੱਤਾ ਸੀ ਕਿ ਆਤੂ ਦੀ ਗੱਲ ਦਾ।

''ਇਨਸਾਫ਼ ਹੈ ਕਿੱਥੇ?'' ਮੇਰੇ ਅੰਦਰੋਂ ਆਪ ਮੁਹਾਰੇ ਠੰਡਾ ਹਉਕਾ ਨਿਕਲ ਗਿਆ। ਮੇਰੇ ਆਪਣੇ ਸਮੇਤ ਪੀਰਾਂ ਵਾਲੀ ਹਾਈ ਸਕੂਲ ਵਿਚ ਪੜ੍ਹਾਉਂਦੇ ਚਾਰ ਮਾਸਟਰਾਂ ਨਾਲ ਹੋਈ ਧੱਕੇਸ਼ਾਹੀ ਸਾਹਮਣੇ ਆ ਖਲੋਤੀ। ਅਸੀਂ ਨਵੇਂ-ਨਵੇਂ ਭਰਤੀ ਹੋਏ ਚਾਰੇ ਹੀ ਮਾਸਟਰਾਂ ਨੇ ਦਿਨ-ਰਾਤ ਮਿਹਨਤ ਕਰ ਕੇ ਸਕੂਲ ਨੂੰ ਨੰਬਰ ਇਕ 'ਤੇ ਲੈ ਆਂਦਾ ਸੀ। ਸਾਡੀ ਦੇਖਾ-ਦੇਖੀ ਕੁਝ ਹੋਰ ਅਧਿਆਪਕ ਵੀ ਮਿਹਨਤ ਕਰਨ ਲੱਗੇ ਸਨ। ਲੋਕਾਂ ਨੇ ਨੇੜੇ ਤੇੜੇ ਚਾਹ-ਗੁੜ ਦੀਆਂ ਦੁਕਾਨਾਂ ਵਾਂਗ ਖੁੱਲ੍ਹੇ ਪ੍ਰਾਈਵੇਟ ਸਕੂਲਾਂ 'ਚੋਂ ਜੁਆਕ ਹਟਾਅ ਕੇ ਸਰਕਾਰੀ ਸਕੂਲ ਵਿਚ ਦਾਖਲ ਕਰਵਾਅ ਦਿੱਤੇ। ਸਾਡੇ ਈ ਸਕੂਲ ਪੜਾਉਂਦੇ ਗੁਲਵੰਤ ਸਿੰਘ ਉਰਫ਼ ਗਿੱਲ ਸਾਹਬ ਨੂੰ ਇਸ ਦੀ ਬੜੀ ਤਕਲੀਫ਼ ਸੀ। ਇਸ ਤਕਲੀਫ਼ ਦੇ ਛੋਟੇ ਛੋਟੇ ਕਾਰਨ ਤਾਂ ਹੋਰ ਵੀ ਸਨ ਪਰ ਵੱਡਾ ਕਾਰਨ ਇਹ ਸੀ ਕਿ ਉਸਦੀ ਬਾਰਾਂ ਜਮਾਤਾਂ ਪਾਸ ਘਰਵਾਲੀ ਵੱਲੋਂ ਪੰਜ-ਸੱਤ ਮੈਟ੍ਰਿਕ ਪਾਸ ਕਰੀ ਬੈਠੀਆਂ ਕੁੜੀਆਂ ਰੱਖ ਕੇ, ਸਾਡੇ ਸਕੂਲ ਦੇ ਨੇੜੇ ਹੀ 'ਗੁਰੂ ਨਾਨਕ ਪਬਲਿਕ ਮਾਡਲ ਸਕੂਲ' ਚਲਾਇਆ ਜਾ ਰਿਹਾ ਸੀ। ਸਾਡੀ ਮਿਹਨਤ ਸਦਕਾ 'ਗਿੱਲ ਸਹਿਬਣੀ' ਦੇ ਸਕੂਲ ਵਿਚ ਭਾਂਅ ਭਾਂਅ ਹੋਣ ਲੱਗੀ ਸੀ। ਸਾਨੂੰ ਆਪਣੀ ਮਿਹਨਤ 'ਤੇ ਮਾਣ ਸੀ। ਅਸੀਂ ਸਾਰੀ ਛੁੱਟੀ ਤੋਂ ਬਾਅਦ ਚੌੜੇ ਹੋ ਹੋ ਕੇ ਸਾਈਕਲਾਂ ਸਕੂਟਰਾਂ 'ਤੇ ਘਰਾਂ ਨੂੰ ਜਾਂਦੇ। ਸਾਡਾ ਮਾਣ ਉਸ ਦਿਨ ਕੱਚ ਵਾਂਗ ਤਿੜਕ ਗਿਆ ਸੀ ਜਿਸ ਦਿਨ ਪ੍ਰਬੰਧਕੀ ਅਧਾਰ 'ਤੇ ਹੋਈਆਂ ਬਦਲੀਆਂ ਦੇ ਆਰਡਰ ਹੈੱਡਮਾਸਟਰ ਨੇ ਸਾਡੇ ਹੱਥਾਂ ਵਿਚ ਫੜਾਅ ਦਿੱਤੇ ਸਨ। ਪਰਾਂਹ ਟਾਹਲੀ ਥੱਲੇ ਖੜ੍ਹੇ ਗਿੱਲ ਸਾਹਿਬ ਦੀਆਂ ਕਰੜ-ਬਰੜੀਆਂ ਚੂਹੇ ਦੀ ਪੂਛ ਵਰਗੀਆਂ ਮੁੱਛਾਂ ਖਚਰੀ ਹਾਸੀ ਹੱਸਦੀਆਂ ਸਨ। ਅਸੀਂ ਬਦਲੀ ਦਾ ਕਾਰਨ ਜਾਨਣ ਲਈ ਡੀ.ਈ.ਓ. ਦਫ਼ਤਰ ਜਾ ਵੱਜੇ। ਸਾਡੇ ਚਾਰਾਂ 'ਤੇ ਸਕੂਲ ਵਿਚ ਸ਼ਰਾਬ ਪੀਣ, ਲੜਕੀਆਂ ਨੂੰ ਗੁਮਰਾਹ ਕਰਨ ਅਤੇ ਮਾਸਟਰਾਣੀਆਂ ਨੂੰ ਅਸ਼ਲੀਲ ਇਸ਼ਾਰੇ ਕਰਨ ਦਾ ਦੋਸ਼ ਲਾਇਆ ਸੀ। ਸਾਡੇ ਖਿਲਾਫ਼ ਦਰਖ਼ਾਸਤ ਵੀ ਪਿੰਡ ਦੀ ਪੰਚਾਇਤ ਵੱਲੋਂ ਸੀ। ਹਿਸਾਬ ਵਾਲਾ ਮਾਸਟਰ ਤਾਂ ਹੁਬਕੀਂ-ਹੁਬਕੀਂ ਰੋਣ ਲੱਗ ਪਿਆ ਸੀ। ਇਸ ਸ਼ਿਕਾਇਤ 'ਤੇ ਉੱਚ ਅਧਿਕਾਰੀ ਵਲੋਂ ਸਕੂਲ ਵਿਚ ਜਾ ਕੇ ਕੀਤੀ ਇਨਕੁਆਰੀ ਦੀ ਰਿਪੋਰਟ ਵੀ ਦਰਜ ਸੀ। ਇਹ ਇਨਕੁਆਰੀ ਹੋਈ ਕਦੋਂ? ਇਹ ਘਟਨਾ ਚੇਤੇ ਆਉਂਦਿਆਂ ਹੀ ਮੂੰਹ ਕੁੜਤਣ ਨਾਲ ਭਰ ਗਿਆ ਜਿਵੇਂ ਕਨੈਨ ਪੀਤੀ ਹੋਵੇ। ਮੈਂ ਬੋਤਲ ਚੁੱਕੀ, ਮੂੰਹ 'ਤੇ ਲੱਗਾ ਗੁੱਲ ਬਾਹਰ ਖਿੱਚਿਆ ਤੇ ਦੂਰ ਵਗਾਹ ਮਾਰਿਆ ਜਿਵੇਂ ਗਿੱਲ ਮਾਸਟਰ ਦੇ ਮੂੰਹ 'ਤੇ ਮਾਰਿਆ ਹੋਵੇ।

''ਲੈ ਤਾਇਆ, ਨਬੇੜੀਏ ਕੰਮ!" ਮੈਂ ਬਾਕੀ ਬਚਦੀ ਸ਼ਰਾਬ ਦੋਵਾਂ ਗਿਲਾਸੀਆਂ ਵਿਚ ਪਾ ਕੇ ਬੋਤਲ ਟਿੱਬੇ ਵੱਲ ਵਗਾਹ ਮਾਰੀ। ਆਤੂ ਨੇ ਵੀ ਹੁਣ ਕੋਈ ਨਾਂਹ-ਨੁੱਕਰ ਨਹੀਂ ਸੀ ਕੀਤੀ ਸ਼ਾਇਦ ਪਹਿਲਾਂ ਪੀਤੀ ਦੇ ਸਰੂਰ ਵਿਚ ਹੀ। ਮੈਂ ਕੱਪੀ ਨਾਲ ਥੋੜ੍ਹਾ ਥੋੜ੍ਹਾ ਪਾਣੀ ਦੋਵਾਂ ਗਿਲਾਸੀਆਂ ਵਿਚ ਪਾਇਆ। ਆਤੂ ਨੇ ਅੱਧੀ ਗਿਲਾਸੀ ਚਾੜ੍ਹ ਕੇ ਬਾਕੀ ਵੱਟ 'ਤੇ ਰੱਖ ਦਿੱਤੀ।

''ਤਾਇਆ ! ਬੰਦਾ ਕਾਹਨੂੰ ਬੁੱਢਾ ਹੁੰਦਾ, ਬੰਦੇ ਨੂੰ ਤਾਂ ਬੱਸ ਐਧਰ-ਉਧਰ ਦੀਆਂ ਸੱਟਾਂ ਬੁੱਢਾ ਕਰਦੀਆਂ।" ਮੈਂ ਆਵਦੇ ਵੱਲੋਂ 'ਇਧਰ-ਉਧਰ ਦੀਆਂ ਬੇਇਨਸਾਫ਼ੀਆਂ ਬੁੱਢਾ ਕਰਦੀਆਂ', ਕਹਿਣਾ ਸੀ ਪਰ ਪਤਾ ਨਹੀਂ ਕਿਉਂ ਮੈਥੋਂ 'ਇਧਰ-ਉਧਰ ਦੀਆਂ ਸੱਟਾਂ' ਕਹਿ ਹੋ ਗਿਆ ਸੀ। ਮੈਨੂੰ ਆਪਣੇ ਨਾਲ ਹੋਈ ਬੇਇਨਸਾਫ਼ੀ ਅੰਦਰੋ-ਅੰਦਰੀ ਵੱਢਦੀ ਰਹਿੰਦੀ ਸੀ। ਅਸੀਂ ਇਸ ਬੇਇਨਸਾਫ਼ੀ ਦੇ ਖਿਲਾਫ਼ ਡੀ.ਪੀ.ਆਈ. ਦਫ਼ਤਰ, ਸੈਕਟਰੀਏਟ ਅਤੇ ਮੰਤਰੀਆਂ ਦੇ ਘਰਾਂ ਦੀਆਂ ਪੌੜੀਆਂ ਚੜ੍ਹਦੇ ਉਤਰਦੇ ਰਹੇ, ਪਰ ਇਨਸਾਫ਼ ਕਿਤੋਂ ਨਹੀਂ ਸੀ ਮਿਲਿਆ। ਵਾਹ ਨਾ ਚੱਲਦੀ ਵੇਖ ਕੇ ਅਸੀਂ ਚਾਰਾਂ ਨੇ ਹੀ ਨਵੇਂ ਸਕੂਲਾਂ ਵਿਚ ਜੁਆਇਨ ਕਰ ਲਿਆ ਸੀ।

"ਮਛਟਰਾ! ਤੀਹ ਸਾਲ ਨੀ ਸਾਂ ਮਰਦਾ ਹਜੇ ਮੈਂ। ਜਮਦੂਤ ਲੈਣ ਵੀ ਆਉਂਦੇ, ਸਾਲਿਆਂ ਨੂੰ ਡਾਂਗਾਂ ਮਾਰ-ਮਾਰ ਮੋੜ ਦੇਣਾ ਸੀ ਪਰ ਧੀਆਂ ਦਾ ਦੁੱਖ ਬੁਰਾ, ਏਹ ਲੈ ਬੈਠਾ। ਏਹਨੇ ਅੰਦਰੋ-ਅੰਦਰੀ ਖੋਰਾ ਲਾ'ਤਾ ਲੂਣ ਦੀ ਡਲੀ ਵਾਂਗੂੰ। ਰੱਬ ਨੇ ਪੁੱਤ ਦਿੱਤਾ ਕੋਈ ਨਾ, ਸੋਚਿਆ ਜਵਾਈ ਪੁੱਤਾਂ ਵਰਗੇ ਈ ਹੁੰਦੇ। ਧੀ ਦੇ ਕੇ ਪੁੱਤ ਬਣਾਈਦੇ। ਰੱਬ ਦੀ ਕੈਸੀ ਮਰਜ਼ੀ... ਦੋ ਧੀਆਂ, ਔਖੇ ਹੋ ਕੇ ਵਿਆਹੀਆਂ, ਦੋਵੇਂ ਈ ਬਾਪ ਦੇ ਬੂਹੇ ਆ ਬੈਠੀਆਂ।'' ਅੱਥਰੂ ਆਤੂ ਦੀਆਂ ਅੱਖਾਂ ਵਿੱਚੋਂ ਨਿਕਲ ਕੇ ਉਸਦੀ ਵਿਰਲੀ-ਵਿਰਲੀ ਤੇ ਖੋਦੀ ਜਿਹੀ ਦਾੜ੍ਹੀ ਵਿਚ ਗੁਆਚ ਗਏ।

"ਮਛਟਰਾ! ਪੂਰੇ ਪੱਚੀ ਸਾਲ ਐਨ੍ਹਾਂ ਬੁੱਢੇ ਹੱਡਾਂ ਨਾਲ ਮੇਹਨਤ ਕਰ ਕੇ ਦੋਵੇਂ ਧੀਆਂ ਦੇ ਜੀਅ-ਜੰਤ ਨੂੰ ਪਾਲਿਆ। ਜਿੰਨਾ ਚਿਰ ਵਿਧਵਾ ਧੀਆਂ ਦੀ ਕਬੀਲਦਾਰੀ ਨੀ ਕਿਉਂਟੀ ਗਈ, ਡੋਲਣ ਨੀ ਦਿੱਤਾ ਆਪਣੇ ਆਪ ਨੂੰ, ਪਰ ਹੁਣ? ਬੱਸ ਹੋਗੀ। ਮਛਟਰਾ, ਕੀ ਦੱਸਾਂ? ਧੀਆਂ ਦੇ ਦੁੱਖ ਬੁਰੇ।''

"ਤਾਇਆ... ਰੱਬ ਨੂੰ ਕੌਣ ਆਖੋ ਇਉਂ ਨੀ ਇਉਂ ਕਰ!" ਮੈਨੂੰ ਸਮਝ ਨਹੀਂ ਸੀ ਆਈ ਕਿ ਆਤੂ ਨਾਲ ਕਿਹੜੇ ਸ਼ਬਦਾਂ ਦੁਆਰਾ ਹਮਦਰਦੀ ਪ੍ਰਗਟਾਈ ਜਾਵੇ।

ਆਤੂ ਖੋਜੀ

"ਮਛਟਰਾ! ਵੱਡੀ ਕੁੜੀ ਦੇ ਘਰ ਆਲਾ, ਮੋਟਰ ਲਾਰੀ ਦੇ ਐਕਸੀਡੈਂਟ 'ਚ ਪੂਰਾ ਹੋ ਗਿਆ। ਮੈਂ ਸਬਰ ਕਰ ਲਿਆ ਚਲੋ- ਕੁਜਰਤ ਦੀ ਮਰਜ਼ੀ। ਛੋਟੀ ਤਾਂ ਸਮਝ ਲੈ ਆਵਦੇ ਹੱਥੀਂ ਰੰਡੀ ਕੀਤੀ।" ਆਤੂ ਨੇ ਗਿਲਾਸੀ ਮੂੰਹ ਨੂੰ ਲਾ ਲਈ।

"ਆਵਦੇ ਹੱਥੀਂ...?"

"ਹਾਂਅ... ਆਵਦੇ ਹੱਥੀਂ।"

"ਆਵਦੇ ਹੱਥੀਂ?"

"ਬਸ ਕਿਸਬ ਈ ਵੈਰੀ ਬਣ ਖਲੋਤਾ...।" ਆਤੂ ਖਿਲਾਅ ਵਿਚ ਦੇਖਣ ਲੱਗਾ ਜਿਵੇਂ ਬੀਤੀਆਂ ਘਟਨਾਵਾਂ ਦੀਆਂ ਤੰਦਾਂ ਫੜ ਰਿਹਾ ਹੋਵੇ।

"ਤਾਇਆ, ਪੂਰੀ ਗੱਲ ਦੱਸ... ਮਨ ਹੌਲਾ ਹੋਜੂ।" ਮੈਂ ਆਤੂ ਦੇ ਰਿਸਦੇ ਜ਼ਖ਼ਮ 'ਚੋਂ ਪੀਕ ਕੱਢ ਦੇਣ ਦੀ ਨੀਅਤ ਨਾਲ ਪੁੱਛਿਆ। ਮੈਂ ਸੋਚਿਆ, ਇਸ ਨਾਲ ਆਤੂ ਨੂੰ ਆਰਾਮ ਮਿਲੇਗਾ।

ਆਤੂ ਨੇ ਦੋ ਤਿੰਨ ਲੰਮੇ ਲੰਮੇ ਹਉਕੇ ਭਰੇ।

"ਮਛਟਰ! ਵਖਤ-ਵਖਤ ਦੀਆਂ ਗੱਲਾਂ। ਕੋਈ ਟੈਮ ਆ, ਆਤੂ ਤੇਰੇ ਸਾਹਮਣੇ ਰਿੱਗੀ ਢਾਹੀ ਬੈਠਾ, ਕੋਈ ਟੈਮ ਸੀ ਏਹੀ ਆਤੂ ਸੌ-ਸੌ ਕੋਹ ਤੱਕ ਮਸ਼ਹੂਰ ਸੀ। ਤੂੰ ਤਾਂ ਹਜੇ ਕੱਲ੍ਹ ਜੰਮਿਆਂ। ਤੇਰਾ ਪਿਉ ਵੀ ਮੈਂ ਹੱਥੀਂ ਖਿਡਾਇਆ। ਤੈਨੂੰ ਕੀ ਪਤਾ ਆਤੂ ਖੋਜੀ ਬਾਰੇ। ਬਾਹਰਲੇ ਪਿੰਡਾਂ ਆਲੇ ਆਪਣੇ ਪਿੰਡ ਨੂੰ ਆਤੂ ਖੋਜੀ ਆਲਾ ਬੁੱਟਰ ਆਂਹਦੇ ਸੀ। ਮਾਰ ਬਠਿੰਡੇ ਮਾਨਸੇ ਤੱਕ ਦੇ ਲੋਕ ਲਿਜਾਂਦੇ ਸੀ ਪੈੜ ਕਢਵਾਉਣ ਵਾਸਤੇ।"

ਆਤੂ ਉਠ ਕੇ ਗੰਦਲ ਤੋੜਨ ਚਲਾ ਗਿਆ। ਭਾਵੇਂ ਉਹ ਮੇਰੀ ਸੁਰਤ ਤੋਂ ਪਹਿਲਾਂ ਹੀ ਖੋਜਪੁਣੇ ਦਾ ਕੰਮ ਛੱਡ ਚੁੱਕਾ ਸੀ ਪਰ ਉਸ ਦੇ ਇਕ ਮੰਨਿਆ-ਚੰਨਿਆ ਖੋਜੀ ਰਿਹਾ ਹੋਣ ਬਾਰੇ ਮੈਨੂੰ ਪਤਾ ਸੀ। ਆਤੂ ਨੂੰ ਪਿੰਡ ਦੇ ਲੋਕ ਅਜੇ ਵੀ ਆਤੂ ਖੋਜੀ ਹੀ ਆਖਦੇ ਸਨ । ਆਤੂ ਬਾਰੇ ਮਸ਼ਹੂਰ ਸੀ ਕਿ ਚੋਰੀ ਦੇ ਜਿਸ ਮਾਮਲੇ ਦੀ ਪੈੜ ਕੱਢਣ ਦਾ ਕੰਮ ਆਪਣੇ ਹੱਥ ਲੈ ਲੈਂਦਾ ਸੀ, ਚੋਰ ਫੜੇ ਜਾਣ ਦੇ ਡਰੋਂ ਰਾਤ-ਬਰਾਤੇ ਚੋਰੀ ਕੀਤਾ ਸਮਾਨ ਮਾਲਕਾਂ ਦੇ ਘਰ ਸੁੱਟ ਜਾਂਦਾ ਸੀ। ਕਈ ਤਾਂ ਗਿੜਗਿੜਾਅ ਕੇ ਘਰਵਾਲਿਆਂ ਤੋਂ ਜਾਨ ਬਖਸ਼ੀ ਕਰਵਾਅ ਲੈਂਦੇ ਸਨ। ਮੈਂ ਇਹ ਵੀ ਸੁਣਿਆ ਸੀ ਕਿ ਜਿਥੇ ਦੂਜੇ ਖੋਜੀ ਕਈ ਵਾਰ ਚੋਰਾਂ ਨਾਲ ਰਲ ਜਾਂਦੇ ਸਨ ਉਥੇ ਆਤੂ ਅਜਿਹਾ ਨਹੀਂ ਸੀ ਕਰਦਾ। ਬਾਪੂ ਦਸਦਾ ਹੁੰਦਾ ਸੀ ਕਿ ਆਤੂ ਖੋਜੀ ਦੇ ਨਾਂ ਤੋਂ ਹੀ ਚੋਰ ਭੈਅ ਖਾਂਦੇ ਸਨ। ਇਲਾਕੇ ਦੇ ਪੱਕੇ ਚੋਰਾਂ ਪੈਸੇ ਦੇ ਕੇ ਆਤੂ ਨੂੰ ਆਪਣੇ ਨਾਲ ਗੰਢਣ ਦੀ ਕੋਸ਼ਿਸ਼ ਵੀ ਕੀਤੀ। ਫੇਰ ਵਾਹ ਨਾ ਚੱਲਦੀ ਵੇਖ ਕੇ ਆਤੂ ਨੂੰ ਮਾਰਨ ਦੀ ਚਾਲ ਵੀ ਚੱਲੀ ਪਰ ਚੰਗੀ ਕਿਸਮਤ ਨੂੰ ਆਤੂ ਬਚ ਗਿਆ ਸੀ।

"ਮਛਟਰਾ! ਆਪਣੇ ਕਿਸਬ ਨੂੰ ਇਮਾਨਦਾਰੀ ਨਾਲ ਕਰਨਾ ਈ ਬੰਦੇ ਦਾ ਧਰਮ ਹੁੰਦਾ। ਜਿਮੇਂ ਤੂੰ ਮਛਟਰੀ ਕਰਦੈਂ, ਪੜ੍ਹਾਉਣਾ ਤੇਰਾ ਧਰਮ ਐ। ਬਾਜੇ ਬਾਜੇ ਬੰਦੇ ਏਹ ਗੱਲ ਨੀਂ ਸਮਝਦੇ। ਆਹ ਸੂਰਜ ਮੱਥੇ ਲੱਗਦਾ, ਮੈਂ ਆਪਣੇ ਕਿਸਬ ਨੂੰ ਧਰਮ ਸਮਝਦਾ ਰਿਹਾਂ, ਏਸੇ ਕਰਕੇ ਛੋਟੀ ਕੁੜੀ ਬੂਹੇ ਬਹਾਈ।"

ਆਪਣੀ ਗੱਲ ਦੇ ਹੁੰਗਾਰੇ ਲਈ ਆਤੂ ਗਹੁ ਨਾਲ ਮੇਰੀਆਂ ਅੱਖਾਂ ਵਿਚ ਝਾਕਿਆ। ਮੈਨੂੰ ਆਪਣੇ ਆਪ 'ਤੇ ਸ਼ਰਮ ਆਈ। ਮੈਂ ਤਲਵੰਡੀ ਆਪਣੇ ਹੁਣ ਵਾਲੇ ਸਕੂਲ ਪਹੁੰਚ ਗਿਆ ਸਾਂ। ਕਲਾਸ ਅੰਦਰ ਕੁਰਸੀ ਵਿਚ ਘੁਸਿਆ ਅਤੇ ਮੂਹਰਲੇ ਟੇਬਲ 'ਤੇ ਲੱਤਾਂ ਪਸਾਰੀ ਪਿਆ ਸਾਇੰਸ ਮਾਸਟਰ ਮੱਖਣ ਸਿੰਘ ਮਾਨ ਮੇਰੀਆਂ ਅੱਖਾਂ ਅੱਗੇ ਆ ਖੜੋਤਾ।

"ਸੰਧੂ ਸੈਬ੍ਹ... ਐਸ਼ ਕਰਿਆ ਕਰ ਐਸ਼। ਐਵੇਂ ਨਾ ਮੱਥਾ ਮਾਰਿਆ ਕਰੋ ਕੋਟੇ ਆਲਿਆਂ ਨਾਲ ...ਇਨ੍ਹਾਂ ਪੜ੍ਹ ਕੇ ਆਪਣੇ ਹੈੱਡਮਾਸਟਰ ਵਾਂਗੂੰ ਆਪਣੇ ਜੁਆਕਾਂ 'ਤੇ ਈ ਅਫ਼ਸਰ ਆ ਲੱਗਣਾ। ਆਪਣੇ ਐਕਸ਼ਨ ਦਾ ਉਲਟਾ ਰੀਐਕਸ਼ਨ ਹੋਣਾ। ਸੁਣਿਆ ਨੀ, ਐਕਸ਼ਨ ਐਂਡ ਰੀਐਕਸ਼ਨ ਆਰ ਈਕੁਅਲ ਐਂਡ ਆਪੋਜ਼ਿਟ। ਇਹ ਸਾਲਾ ਚੀਂਗਰਪੋਟ ਅਨਪੜ੍ਹ ਈ ਠੀਕ ਐ। ਨਾ ਪੜ੍ਹਨ ਨਾ ਕੁਰਸੀਆਂ ਸਾਂਭਣ। ਕੀ ਖਿਆਲ?" ਮਾਸਟਰ ਮਾਨ ਹੱਥ 'ਤੇ ਹੱਥ ਮਾਰ ਕੇ ਹੱਸਿਆ, ਜਿਵੇਂ ਸਾਰੇ ਸਿੱਖਿਆ ਢਾਂਚੇ ਨੂੰ ਦੰਦੀਆਂ ਚਿੜਾਅ ਰਿਹਾ ਹੋਵੇ। ਮੈਂ ਉਸਦੀ ਗੱਲ ਅਣਸੁਣੀ ਕਰ ਕੇ ਤੁਰ ਪਿਆ ਸੀ।

"ਇਕ ਤਾਂ ਇਨ੍ਹਾਂ ਨੂੰ ਕਾਮਰੇਡੀ ਨੀ ਟਿਕਣ ਦਿੰਦੀ...!" ਆਵਦੇ ਵੱਲੋਂ ਉਸ ਨੇ ਮੈਨੂੰ ਭੱਦੀ ਗਾਲ਼ ਕੱਢੀ ਸੀ।

"ਸੁਣਦੈਂ?" ਆਤੂ ਦੀ ਆਵਾਜ਼ ਨੇ ਮੈਨੂੰ ਨੀਂਦ 'ਚੋਂ ਕੱਢ ਲਿਆਂਦਾ।

"ਹਾਂਅ!"

"ਕੀ ਆਖਿਆ ਭਲਾ?" ਆਤੂ ਨੂੰ ਲੱਗਾ ਸੀ ਜਿਵੇਂ ਮੈਂ ਉਸ ਦੀ ਗੱਲ ਧਿਆਨ ਨਾਲ ਨਹੀਂ ਸੀ ਸੁਣ ਰਿਹਾ।

"ਏਹੀ ਕਿ ਆਪਣੇ ਕਸਬ ਨੂੰ ਇਮਾਨਦਾਰੀ ਨਾਲ ਕਰਨਾ ਈ ਬੰਦੇ ਦਾ ਅਸਲੀ ਧਰਮ ਹੁੰਦਾ। ਏਸ ਧਰਮ ਨੂੰ ਨਿਭਾਉਣ ਲਈ ਕੁਰਬਾਨੀਆਂ ਵੀ ਕਰਨੀਆਂ ਪੈਂਦੀਆਂ।" ਮੇਰੇ ਜੁਆਬ ਨਾਲ ਆਤੂ ਸੰਤੁਸ਼ਟ ਹੋ ਗਿਆ ਸੀ।

"ਮਛਟਰਾ! ਮਾੜਾ ਜਿਹਾ ਧਰਮ ਛੱਡਣ ਦੀ ਲੋੜ ਸੀ, ਰੁਪਈਏ ਭਮੇ ਫਹੁੜੀ ਨਾਲ ਕੱਠੇ ਕਰ ਲੈਂਦਾ। ਨਹੀਂ ਛੱਡਿਆ। ਮਛਟਰਾ, ਧਰਮ ਨੀ ਛੱਡਿਆ ਮੈਂ। ਧੀ ਜ਼ਰੂਰ ਬੂਹੇ ਬਹਾ'ਲੀ ਪਰ ਧਰਮ ਨੀ ਛੱਡਿਆ ਆਤੂ ਖੋਜੀ ਨੇ।'"

ਨਸ਼ਾ ਆਤੂ ਦੇ ਸਿਰ ਉੱਤੋਂ ਦੀ ਹੋ ਗਿਆ ਸੀ ਜਾਂ ਫਿਰ ਯਾਦਾਂ ਨੇ ਹੀ ਆਤੂ ਨੂੰ ਬੌਰਾ ਕਰ ਦਿੱਤਾ ਸੀ।

"ਹੱਲੂ ਪੱਤੀ ਆਲੇ ਜੂੰ ਖਾਣੇ ਲੱਭੂ ਨੂੰ ਜਾਣਦੈਂ?"

"ਜਾਣਦਾਂ!" .

"ਏਹਨਾਂ ਦਾ ਬੁੜ੍ਹਾ ਹੁੰਦਾ ਸੀ ਨੌਹਰੀਆਂ। ਬੜਾ ਔਤਰਾ ਬੁੜ੍ਹਾ ਸੀ। ਕੰਜ਼ਰ ਨੇ ਗਰੀਬ-ਗੁਰਬੇ ਨੂੰ ਦਾਸਾ-ਬੀਸਾ ਦੇ ਕੇ ਵਹੀ 'ਤੇ ਅੰਗੂਠਾ ਲਵਾਅ ਲੈਣਾ। ਵਿਆਜ 'ਤੇ ਵਿਆਜ ਲਾ ਕੇ ਡੂਢਾ-ਸਵਾਇਆ ਕਰੀ ਜਾਣਾ। ਰੱਤ

ਚੂਸ ਲੈਂਦਾ ਸੀ ਅਗਲੇ ਦੀ। ਏਨ੍ਹਾਂ ਦੇ ਸੀਰੀ ਹੁੰਦਾ ਸੀ ਗੁੱਦੜ ਮਜ਼ੂਬੀ। ਕੇਰਾਂ ਵਿਚਾਰੇ ਦੀ ਘਰਆਲੀ ਬਿਮਾਰ-ਠਮਾਰ ਹੋਗੀ। ਉਸਨੂੰ ਦਾਸਾ-ਬੀਸਾ ਫੜਨਾ ਪੈ ਗਿਆ ਜੂੰ ਖਾਣੀਏ ਤੋਂ। ਏਹਨੇ ਵਿਆਜ 'ਤੇ ਵਿਆਜ, ਵਿਆਜ 'ਤੇ ਵਿਆਜ ਲਾ ਕੇ ਬਣਾਅ ਧਰੀ ਰਕਮ। ਗੁੱਦੜ ਵਿਚਾਰੇ ਤੋਂ ਦੇ ਕਿੱਥੋਂ ਹੋਣੀ ਸੀ। ਨੌਹਰੀਏ ਨੇ ਏਸੇ ਰਕਮ ਦੇ ਵੱਟੇ ਗੁੱਦੜ ਦੀ ਸੱਜਰ ਸੂਈ ਝੋਟੀ ਕਿੱਲੇ ਤੋਂ ਖੋਹਲ ਲੀ। ਵਿਚਾਰੇ ਗਰੀਬ ਦੇ ਢਿੱਡ 'ਤੇ ਲੱਤ ਮਾਰੀ।"

"ਹੱਤ ਤੇਰੇ ...।." ਮੈਂ ਨੌਹਰੀਆਂ ਬੁੜ੍ਹਾ ਦੇਖਿਆ ਨਹੀਂ ਸੀ ਪਰ ਉਸਦੀ ਥਾਵੇਂ ਗਿੱਲ ਮਾਸਟਰ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਆ ਗਿਆ।

"ਮਛਟਰਾ! ਕਰਨੀ ਰੱਬ ਦੀ, ਜੂੰ ਖਾਣਿਆਂ ਦੇ ਕਿੱਲੇ ਤੋਂ ਚੋਰ ਰਾਤ-ਬਰਾਤੇ ਝੋਟੀ ਖੋਹਲਣ ਆ ਪਿਆ। ਨੌਹਰੀਏ ਕਾ ਬਿਮਾਰੀ ਖਾਧਾ ਬੁੜ੍ਹਾ ਪਿਆ ਸੀ ਪਸ਼ੂਆਂ ਦੀ ਰਾਖੀ। ਮਾੜੀ ਕਿਸਮਤ, ਉਹਨੂੰ ਕਿਤੇ ਜਾਗ ਆਗੀ। ਉਹਨੇ ਚੋਰ ਨੂੰ ਪਿੱਛੋਂ ਜੱਫਾ ਮਾਰ ਲਿਆ। ਅੱਗਿਓਂ ਚੋਰ ਸੀ ਮੁੰਡਾ-ਖੁੰਡਾ, ਉਹਨੇ ਬੁੜ੍ਹੇ ਨੂੰ ਭੁਆਂ ਮਾਰਿਆ। ਬੁੜ੍ਹਾ ਕਿਤੇ ਰੌਲਾ ਨਾ ਪਾ ਦੇਵੇ, ਚੋਰ ਨੇ ਗੋਹਾ ਹਟਾਉਣ ਆਲਾ ਫਹੁੜਾ ਬੁੜ੍ਹੇ ਦੇ ਸਿਰ 'ਚ ਟਿਕਾ'ਤਾ। ਬੁੜ੍ਹਾ ਤਾਂ ਰੇਲ ਦੇ ਕੰਨ ਆਂਗੂ ਉਥੇ ਹੀ ਟੇਢਾ ਹੋ ਗਿਆ। ਚੋਰ ਲੈ ਗਿਆ ਸਣੇ ਕਟਰੂ ਝੋਟੀ ਖੋਹਲ ਕੇ।"

"ਸੁਆਦ ਆ ਗਿਆ!" ਮੈਨੂੰ ਅਥਾਹ ਖੁਸ਼ੀ ਹੋਈ। ਬਿਲਕੁਲ ਉਸੇ ਤਰ੍ਹਾਂ ਦੀ ਖੁਸ਼ੀ ਜਿਹੋ ਜਿਹੀ ਮਾਸਟਰ ਮੱਖਣ ਸਿੰਘ ਮਾਨ ਦੇ ਫ਼ਰਜ਼ੰਦ ਦੇ ਪ੍ਰੈਪ ਵਿੱਚੋਂ ਲਗਾਤਾਰ ਦੂਜੀ ਵਾਰ ਫ਼ੇਲ੍ਹ ਹੋ ਜਾਣ ਬਾਰੇ ਪਤਾ ਲੱਗਣ 'ਤੇ ਹੋਈ ਸੀ। ਮਾਨ ਮਾਸਟਰ ਆਪਣੇ ਇਸ ਫ਼ਰਜ਼ੰਦ ਨੂੰ ਡਾਕਟਰ ਬਨਾਉਣ ਦੇ ਸੁਪਨੇ ਲੈਂਦਾ ਰਹਿੰਦਾ ਸੀ।

"ਲਉ ਜੀ, ਦੁਪਹਿਰ ਨੂੰ ਥਾਣਾ ਚੜ੍ਹ ਕੇ ਆ ਗਿਆ। ਚੋਰੀ ਤੋਂ ਵਧ ਕੇ ਮਾਮਲਾ ਕਤਲ ਤੇ ਡਾਕੇ ਦਾ ਬਣ ਗਿਆ। ਸਪ੍ਰਾਟਿਆਂ ਨੇ ਖੋਜੀ ਕੁੱਤੇ ਲਿਆਂਦੇ। ਉਨਾਂ ਇਧਰ-ਉਧਰ ਨੱਕ ਮੂੰਹ ਮਾਰਿਆ। ਪੈੜਾਂ ਸੁੰਘਦੇ ਥੋੜ੍ਹੀ ਦੂਰ ਗਏ ਤੇ ਪਿੰਡ ਆਲੇ ਟਿੱਬਿਆਂ 'ਚ ਜਾ ਕੇ ਬਹਿ'ਗੇ, ਅਗਾਂਹ ਤੁਰਨ ਈ ਨਾ। ਥਾਣੇਦਾਰ ਤੇ ਸਪ੍ਰਾਟੇ ਸਿਰ ਫੇਰ ਗਏ। ਜਾਣ ਤਾਂ ਕਿਧਰ ਜਾਣ? ਫੇਰ, ਜੂੰ ਖਾਣਿਆਂ ਸਪ੍ਰਾਟਿਆਂ ਨੂੰ ਹੱਥ ਪੱਲਾ ਝਾੜਿਆ ਕੋਈ ਨਾ। ਉਹਨਾਂ ਕਾਗਤੀਂ ਪੱਤਰੀਂ, ਤਿੰਨ ਪੰਜ ਕੀਤੀ ਤੇ ਤੁਰ'ਗੇ। ਪਿੰਡ ਦੇ ਸਿਆਣੇ ਬੰਦਿਆਂ ਜੂੰ ਖਾਣਿਆਂ ਨੂੰ ਰੈਅ ਦਿੱਤੀ ਅਖੇ ਆਤੂ ਨੂੰ ਲਿਆਉ। ਉਹ ਕੱਢੂ ਖੁਰਾ ਖੋਜ। ਬੰਦੇ ਕੱਠੇ ਹੋ ਕੇ ਮੇਰੇ ਕੋਲ ਆ'ਗੇ। ਮੈਂ ਅੱਗੋਂ ਸਤਿ ਬਚਨ ਆਖ ਦਿੱਤਾ। ਤੈਨੂੰ ਪਤਾ ਸਾਡੀ ਕੌਮ ਗੁਰੂ ਗੁਸਾਈਂ ਨੂੰ ਬੜਾ ਮੰਨਦੀ ਆ। ਮੈਂ ਗੁਰੂ ਗੁਸਾਈਂ ਨੂੰ ਧਿਆਇਆ, ਮੱਥਾ ਟੇਕਿਆ ਤੇ ਜਾ ਪੈੜ ਨੱਪੀ।"

"ਖੋਜੀ ਨੂੰ ਪੈੜ ਦੀ ਪਛਾਣ ਕਿਵੇਂ ਆ ਜਾਂਦੀ?" ਮੈਂ ਪੁੱਛਿਆ।

"ਮਛਟਰਾ! ਜਿਵੇਂ ਤੁਸੀਂ ਜੁਆਕਾਂ ਦੀ ਲਿਖਾਈ ਪਛਾਣ ਲੈਨੇ ਓਂ, ਉਵੇਂ-ਜਿਵੇਂ ਸਾਨੂੰ ਪੈੜ ਦੀ ਸਿਆਣ ਆ ਜਾਂਦੀ। ਕੁਜਰਤ ਵਲੋਂ ਕਿਸੇ ਬੰਦੇ ਦਾ ਪੈਰ ਦੂਜੇ ਬੰਦੇ ਦੇ ਪੈਰ ਨਾਲ ਨੀ ਰਲਦਾ। ਇਕ ਦੀ ਤੋਰ ਵੀ ਨਹੀਂ ਰਲਦੀ ਦੂਜੇ ਨਾਲ। ਕਿਸੇ ਦਾ ਪੈਰ ਲੰਮਾ ਹੁੰਦਾ ਕਿਸੇ ਦਾ ਮਧਰਾ । ਕੋਈ ਚਪਟਾ ਹੁੰਦਾ, ਕੋਈ ਡੂੰਘ ਆਲਾ। ਕਿਸੇ ਦੀਆਂ ਉਂਗਲਾਂ ਲੰਮੀਆਂ ਹੁੰਦੀਆਂ ਕਿਸੇ ਦੀਆਂ ਛੋਟੀਆਂ। ਕਿਸੇ ਦੇ ਪੈਰ ਦਾ ਅੰਗੂਠਾ ਮੋਟਾ ਹੁੰਦਾ ਕਿਸੇ ਦਾ ਪਤਲਾ। ਕਿਸੇ ਦੀ ਅੱਡੀ ਚੌੜੀ ਹੁੰਦੀ, ਚਾਪੜ ਅਰਗੀ। ਇਵੇਂ ਤੋਰ ਦਾ ਹੁੰਦਾ। ਤੁਰਨ ਲੱਗੇ ਕਿਸੇ ਦਾ ਪੱਬ ਧਰਤੀ 'ਤੇ ਪੂਰਾ ਲੱਗਦਾ ਕਿਸੇ ਦਾ ਅੱਧਾ। ਕੋਈ ਉਂਗਲਾਂ ਦਬਾਅ ਕੇ ਤੁਰਦਾ ਏ ਤਾਂ ਕੋਈ ਅੱਡੀ 'ਤੇ ਜ਼ੋਰ ਦੇ ਕੇ। ਕਈਆਂ ਦੇ ਤੁਰਦਿਆਂ ਅੱਡੀ ਖੁੰਜੇ ਲੱਗਦੀ ਈ ਨ੍ਹੀ। ਕਈ ਟੇਢੇ ਰੋਕ ਪੈਰ ਚੱਕਦੇ। ਕਈ...।"

"ਤਾਇਆ ਸਿਆ! ਤੂੰ ਪੈੜ ਜਾ ਨੱਪੀ, ਫੇਰ ਕੀ ਹੋਇਆ?" ਮੈਂ ਵਿਚਾਲਿਓਂ ਟੋਕ ਦਿੱਤਾ। ਮੈਨੂੰ ਲੱਗਾ ਪੈੜਾਂ ਦੀ ਤਫ਼ਸੀਲ ਦੱਸਦਾ ਆਤੂ ਕਿਤੇ ਸ਼ੁਰੂ ਕੀਤੀ ਤਵਾਰੀਖ਼ ਭੁੱਲ ਹੀ ਨਾ ਜਾਵੇ।

"ਭਤੀਜ! ਮੈਂ ਪੈੜ ਫੜੀ ਤੇ ਹੋ ਲਿਆ ਪੈੜ ਦੇ ਮਗਰ। ਪਿੰਡ ਦੀ ਖ਼ਲਕਤ ਮੇਰੇ ਮਗਰ-ਮਗਰ। ਤੈਨੂੰ ਪਤਾ ਈ ਆ, ਤਮਾਸ਼ਾ ਦੇਖਣ ਆਲੇ ਭੂੰਡਾਂ ਦੀ ਖੱਖਰ ਆਂਗੂ ਆ ਜੁੜਦੇ। ਹੋ-ਹੋਅ ਕਰਦੀ ਮੁੰਡੀਹਰ ਮਗਰੇ ਤੁਰੀ ਆਵੇ। ਮੈਂ ਪੈੜ ਸਿਆਣਦਾ-ਸਿਆਣਦਾ ਲੈ ਆਇਆ ਗੱਜੂਪੁਰੇ। ਬੁੱਟਰਾਂ ਤੋਂ ਪੰਜਵੇਂ ਪਿੰਡ। ਗੱਜੂਪੁਰੇ ਪਿੰਡ 'ਚ ਆ ਕੇ ਪੈੜ ਔਟਲ 'ਗੀ। ਮੈਂ ਜੂੰ ਖਾਣੀਏ ਨੌਹਰੀਏ ਨੂੰ ਆਖਿਆ ਥੋਡਾ ਚੋਰ ਐਸੇ ਪਿੰਡ ਐ। ਥੋਡੀ ਮੱਝ ਐਦੂੰ 'ਗਾਂਹ ਨੀ ਗਈ। ਚੈਰ ਵੀ ਐਸ ਪਿੰਡ ਤੋਂ 'ਗਾਂਹ ਨਹੀਂ ਗਿਆ।"

"ਗੱਜੂਪੁਰੇ ਆ ਕੇ ਪੈੜ ਕਿਵੇਂ ਗੁਆਚਗੀ?" ਗੱਲ ਮੇਰੀ ਸਮਝੋਂ ਬਾਹਰ ਹੋ ਚੱਲੀ ਸੀ।

"ਮਛਟਰਾ! ਚੋਰੀ ਆਲੀ ਗੱਲ ਨੂੰ ਤੀਆ ਦਿਨ ਹੋ ਗਿਆ ਸੀ। ਪਿੰਡ 'ਚ ਸੁਆਣੀਆਂ ਬਹੁਕਰ-ਬੁਹਾਰੀ ਕਰ ਦਿੰਦੀਆਂ। ਮਿਟ ਜਾਂਦੀਆਂ ਪੈੜਾਂ। ਬਾਕੀ ਪਿੰਡ 'ਚ ਆਵਾਜਾਈ ਵੀ ਹੁੰਦੀ ਰਹਿੰਦੀ ਆ। ਪੈੜਾਂ 'ਤੇ ਪੈੜਾਂ ਚੜ੍ਹ ਜਾਂਦੀਆਂ। ਆਏ ਪੈੜ ਦਾ ਪੂਰਾ ਲੱਖਣ ਨੀ ਲੱਗਦਾ। ਡਰ ਰਹਿੰਦਾ ਐ ਕਿਤੇ ਨਜੈਜ ਬੰਦੇ ਘਰ ਨਾ ਚਲੇ ਜਾਈਏ। ਐਮੇ ਖਾਹ-ਮਖਾਹ ਕੋਈ ਔਭੜ ਬੰਦਾ ਫਸ'ਜੇ। ਕਈ ਬਾਜੇ-ਬਾਜੇ ਖੋਜੀ ਫਸਾਅ ਵੀ ਦਿੰਦੇ ਸੀਗੇ ਮਾਤ੍ਰੜ-ਤੁਮਾਤ੍ਰੜ ਨੂੰ।"

"ਰਹਿਗੀ ਫਿਰ ਵਿੱਚ ਕੀਤੀ-ਕੱਤਰੀ ?"

"ਕਾਹਨੂੰ? ਆਤੂ ਦੇ ਹੁੰਦਿਆਂ-ਸੁੰਦਿਆਂ ਕਿੱਥੇ ਰਹਿਣੀ ਸੀ। ਮੈਂ ਆਖਿਆ ਮੈਨੂੰ ਪਿੰਡ ਦੇ ਕੱਲੇ-ਕੱਲੇ ਬੰਦੇ ਦੀ ਪੈੜ ਦਿਖਾਅ ਦਿਉ, ਮੈਂ ਚੋਰ ਦੀ ਪੈੜ ਸਿਆਣ ਦੂੰ। ਨਾਲ ਗਏ ਬੰਦਿਆਂ ਗੁੱਜੂਪੁਰੀਏ ਸਰਪੈਂਚ ਨਾਲ ਗੱਲ ਕੀਤੀ। ਸਰਪੈਂਚ ਮੇਰਾ ਵੀ ਵਾਕਫ਼ ਸੀ। ਛੋਟੀ ਕੁੜੀ ਉਥੇ ਈ ਤਾਂ ਵਿਆਹੀ ਸੀ। ਕੁੜੀ ਕੋਲ ਆਉਣ-ਜਾਣ ਤਾਂ ਬਣਿਆ ਈ ਰਹਿੰਦਾ ਸੀ। ਨਾਲੇ ਇਲਾਕੇ 'ਚ ਐਹੇ 'ਜਾ ਕਿਹੜਾ ਬੰਦਾ ਸੀ ਜਿਹੜਾ ਆਤੂ ਨੂੰ ਭੁੱਲਿਆ ਹੋਵੇ। ਸਰਪੈਂਚ ਨੇ ਆਵਦੇ

ਪੰਚੈਤੀ ਬੰਦਿਆਂ ਨਾਲ ਗੱਲ ਕੀਤੀ। ਫੈਸਲਾ ਹੋਇਆ ਵਈ ਪਿੰਡ ਦੇ ਅਠਾਰਾਂ ਸਾਲ ਤੋਂ ਉੱਤੇ ਆਲੇ ਬੰਦਿਆਂ ਦੀ ਪੈੜ ਵੇਖੀ ਜਾਵੇ। ਸਪੀਕਰ 'ਚ ਲੋਸਮੈਂਟ ਕਰ'ਤੀ ਵਈ ਜਿਹੜਾ ਘਰੇ ਰਿਹਾ, ਸਮਝ ਲੋ ਉਹੀ ਚੋਰ ਆ ਬੁੱਟਰ ਆਲਿਆਂ ਦਾ। ਚੋਰੀ ਉਹਦੇ ਨਾਉਂ ਲੱਗੂ । ਘਰੇ ਫਿਰ ਕੀਹਨੇ ਰਹਿਣਾ ਸੀ? ਸਾਰਾ ਪਿੰਡ ਆ ਕੱਠਾ ਹੋਇਆ ਸ਼ਾਮਲਾਟ 'ਚ।''

"ਲੈ ...।" ਆਤੂ ਦੀ ਸਿਖਰ ਵੱਲ ਜਾਂਦੀ ਕਹਾਣੀ ਨੇ ਮੇਰੀ ਉਤਸੁਕਤਾ ਵਧਾਅ ਦਿੱਤੀ।

"ਮੇਲਾ ਲੱਗ ਗਿਆ ਉਥੇ ਤਾਂ। ਦੋ ਪਿੰਡ ਤਾਂ ਜੁੜੇ ਵੇ ਸੀ। ਮੈਂ ਕਹੀ ਮੰਗਾਅ ਕੇ ਥੋੜ੍ਹੀ ਜਿਹੀ ਥਾਂ ਪੁੱਟ ਕੇ ਮਿੱਟੀ ਪੋਲੀ ਕਰਾਅ ਲਈ। ਵਾਰੋ-ਵਾਰੀ ਕੱਲਾ-ਕੱਲਾ ਬੰਦਾ ਮਿੱਟੀ 'ਤੋਂ ਦੀ ਲੰਘਣ ਲੱਗਾ। ਆਪਣੀ ਕੁੜੀ ਦੇ ਪ੍ਰਾਹੁਣੇ ਹੱਥੀਂ ਝਾੜੂ ਫੜਿਆ ਵਿਐ ਸੀ। ਜਦੋਂ ਕੋਈ ਬੰਦਾ ਲੰਘਜੇ, ਮੈਂ ਪੈੜ ਧਿਆਨ ਨਾਲ ਦੇਖਾਂ। ਮੇਰੇ ਨਾਂਹ ਵਿਚ ਸਿਰ ਫੇਰਦਿਆਂ ਹੀ ਪ੍ਰਾਹੁਣਾ ਪੈੜ ਸਾਫ਼ ਕਰ ਦੇਵੇ। ਲਉ ਜੀ, ਇਕ-ਇਕ ਕਰ ਕੇ ਸਾਰਾ ਪਿੰਡ ਲੰਘ ਗਿਆ। ਕੱਠ 'ਚੋਂ ਆਵਾਜਾਂ ਵੀ ਆਈ ਜਾਣ ਅਖੇ ਆਤੂਆ, ਕਿਉਂ ਭਕਾਈ ਕਰਾਉਨਾਂ ਪਿੰਡ ਆਲਿਆਂ ਦੀ, ਐਤਕੀਂ ਨੀ ਚੱਲਣੀ ਤੇਰੀ ਕਾਰਾਗਰੀ। ਪਰੇਸ਼ਾਨ ਮੈਂ ਵੀ ਸੀਗਾ। ਪਿਛੇ ਰਹਿ ਗਿਆ ਕੱਲਾ ਜੁਆਈ। ਉਹਦੇ ਬਾਰੇ ਕਿਸੇ ਪਿੰਡ ਆਲੇ ਨੂੰ ਚਿੱਤ ਚੇਤਾ ਈ ਨਾ। ਮੈਂ ਪ੍ਰਾਹੁਣੇ ਨੂੰ ਆਖਿਆ, ''ਲਿਆ ਵਈ ਜੁਆਨਾ, ਝਾੜੂ ਫੜਾਅ ਮੈਨੂੰ ਤੇ ਲੰਘ ਨੂੰ ਵੀ ਭਉਜਲ। ਲਉ ਜੀ ਪ੍ਰਾਹੁਣਾ ਪੋਲੇ ਪੋਲੇ ਪੈਰੀਂ ਲੰਘ ਗਿਆ। ਮੈਂ ਧਿਆਨ ਨਾਲ ਪੈੜ ਦੇਖੀ ਗਿਆ। ਮੇਰਾ ਸਿਰ ਚਕਰਾਉਣ ਲੱਗ ਪਿਆ। ਸਿਰ ਵਿਚ ਜਿਵੇਂ ਬੰਬ ਫਟਣ ਲੱਗੇ। ਮੈਂ ਸਿਰ ਫੜ ਕੇ ਬੈਠ ਗਿਆ। ਲੋਕ ਹੈਰਾਨ।''

''ਹੱਛਾ!'' ਆਪ ਮੁਹਾਰੇ ਮੇਰੇ ਮੂੰਹੋਂ ਨਿਕਲ ਗਿਆ।

''ਡਮਾਕ ਕੁਛ ਦਾ ਕੁਛ ਸੋਚ ਗਿਆ। ਸੋਚਿਆ ਜੂੰ ਖਾਣੀਏ ਦੀ ਕਿਹੜਾ ਦਸਾਂ ਨਹੁਆਂ ਦੀ ਕਿਰਤ ਐ। ਇਹਨੇ ਵਿਚਾਰੇ ਗਰੀਬ ਗੁੱਦੜ ਨਾਲ ਗਰੀਬਮਾਰ ਕੀਤੀ ਐ। ਜੇ ਚੋਰੀ ਨਾ ਵੀ ਫੜੀ ਗਈ ਕਿਹੜਾ ਸਾਲੇ ਜੂੰ ਖਾਣੇ ਨੌਹਰੀਏ ਦੀ ਕੋਈ ਗੁੱਠ ਲਿੱਸੀ ਪੈ'ਜੂ। ਮਛਟਰਾ! ਵਿਧਵਾ ਹੋ ਕੇ ਘਰੇ ਬੈਠੀ ਧੀ ਮੇਰੀਆਂ ਅੱਖਾਂ ਅੱਗੇ ਆ ਖੜੋਤੀ। ਵਾਰ-ਵਾਰ ਡਮਾਕ 'ਚ ਏਹੀ ਆਈ ਜਾਵੇ ਵਈ ਇਕ ਤਾਂ ਵਿਧਵਾ ਹੋ ਕੇ ਆਈ ਆ, ਦੂਜੀ ਨੂੰ ਕਿਉਂ ਬਹਾਵਾਂ। ਕਤਲ ਡਾਕੇ ਦੇ ਕੇਸ 'ਚ ਪ੍ਰਾਹੁਣਾ ਫਾਹੇ ਲਗੂ, ਨਹੀਂ ਵੀਹ ਸਾਲੀਂ ਤਾਂ ਬੱਝੂ ਈ ਬੱਝੂ । ਮੈਂ ਨਾਂਹ ਵਿਚ ਸਿਰ ਮਾਰਨ ਦਾ ਫ਼ੈਸਲਾ ਕੀਤਾ ਪਰ ਸਿਰ ਤਾਂ ਸੱਜੇ-ਖੱਬੇ ਹਿੱਲੇ ਈ ਨਾ। ਫੇਰ ਜਾਣੀਦਾ ਅੰਦਰੋਂ 'ਵਾਜ ਆਈ, ''ਆਤੂਆ ਏਹ ਕੋਈ ਧਰਮ ਨ੍ਹੀ। 'ਨਸਾਫ਼ ਨ੍ਹੀ। ਤੇਰੇ ਆਵਦੇ ਨਾਲ ਵੀ 'ਨਸਾਫ਼ ਨੀ, ਰੱਬ ਨਾਲ ਵੀ ਨਸਾਫ਼ ਨ੍ਹੀ। ਕੁਜਰਤ ਨੇ ਤੇਰੇ ਹੱਥ 'ਨਸਾਫ਼ ਦੀ ਤੱਕੜੀ ਦਿੱਤੀ... ਸੱਚੋ-ਸੱਚ ਤੋਲ।' ਫੇਰ ਮਟਰਾ...!" ਆਤੂ ਦੀ ਆਵਾਜ਼ ਭਾਰੀ ਹੋਣ ਲੱਗੀ। ਉਹਦਾ ਗੱਚ ਭਰ ਆਇਆ ਸੀ। ਉਹਨੇ ਨੱਕ 'ਚ ਵਗ ਆਏ ਪਾਣੀ ਨੂੰ ਸਾਫ਼ ਕੀਤਾ ਤੇ ਬੋਲਿਆ, 'ਲਉ ਫੜੋ ਐਹ ਜੇ ਥੋਡਾ ਚੋਰ।' ਮਛਟਰਾ! ਮੈਂ ਪ੍ਰਾਹੁਣੇ ਨੂੰ ਗਲ੍ਹਮਿਓਂ ਫੜ ਕੇ ਨੌਹਰੀਏ ਵੱਲ ਧੱਕ ਦਿੱਤਾ ਤੇ ਵਾਹੋ-ਦਾਹੀ ਪਿੰਡ ਵੱਲ ਨੂੰ ਭੱਜ ਪਿਆ।"

ਮੈਂ ਆਤੂ ਦੀ ਗੱਲ ਦਾ ਕੋਈ ਹੁੰਗਾਰਾ ਨਾ ਭਰ ਸਕਿਆ। ਮੇਰੇ ਤਾਂ ਦੰਦ ਹੀ ਜੁੜ ਗਏ ਸਨ। ਮੈਨੂੰ ਮਹਿਸੂਸ ਹੋਇਆ ਜਿਵੇਂ ਹਵਾ ਵੀ ਆਤੂ ਦੇ ਨਾਲ ਨਾਲ ਹੀ ਹੁਬਕੀਂ-ਹੁਬਕੀਂ ਰੋਣ ਲੱਗੀ ਸੀ। ਕਿੰਨਾ ਚਿਰ ਚੁੱਪ ਛਾਈ ਰਹੀ।

''ਮਛਟਰਾ! ਪ੍ਰਾਹੁਣੇ ਕੋਲੋਂ ਚੋਰੀ ਬਰਾਮਦ ਹੋਗੀ। ਕਤਲ ਪੈ ਗਿਆ। ਮੈਂ 'ਦਾਲਤਾਂ ਦੇ ਚੱਕਰ ਕੱਟੇ। ਪੈਰਵਾਈ ਕੀਤੀ। ਏਹ ਵੀ ਮੇਰਾ ਧਰਮ ਸੀ। ਜੁਆਈ ਸੀ, ਕਰਨੀਓਂ ਸੀ। ਪਰ ... ਹੋਣੀਹਾਰ। ਦੂਜੀ ਕੁੜੀ ਵੀ ਸਿਰੋਂ ਨੰਗੀ ਹੋ ਕੇ ਪਿਉ ਦੇ ਬੂਹੇ ਆ ਬੈਠੀ। ਮੇਰਾ ਬੁਢਾਪਾ ਰੁਲ ਗਿਆ।" ਆਤੂ ਨੇ ਲੰਬਾ ਸਾਹ ਲਿਆ।

ਮੈਂ ਆਤੂ ਨਾਲ ਅੱਖਾਂ ਨਾ ਮਿਲਾਅ ਸਕਿਆ। ਉਸ ਕੋਲੋਂ ਦੂਰ ਜਾ ਕੇ ਅੱਖਾਂ 'ਚ ਸਿੰਮ ਆਇਆ ਪਾਣੀ ਸਾਫ਼ ਕੀਤਾ। ਵਗਦੀ ਆੜ 'ਚੋਂ ਪਾਣੀ ਦੇ ਛਿੱਟੇ ਅੱਖਾਂ 'ਤੇ ਮਾਰੇ। ਕਿੰਨਾ ਚਿਰ ਆਵਾਗੌਣ ਹੀ ਵੱਟਾਂ 'ਤੇ ਫਿਰਦਾ ਰਿਹਾ। ਇਕ ਹਲਚਲ ਜਿਹੀ ਮੇਰੇ ਦਿਮਾਗ ਵਿੱਚ ਮੱਚ ਗਈ ਸੀ। ਮਾਸਟਰ ਮੱਖਣ ਸਿੰਘ ਮਾਨ ਮੇਰਾ ਜ਼ਿਹਨ ਮੱਲ ਖੜੋਤਾ ਸੀ। ਇਸ ਸਾਲ ਅਧਿਆਪਕ ਦਿਵਸ 'ਤੇ ਸਿੱਖਿਆ ਮੰਤਰੀ ਨੇ ਉਸ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਅੱਜਕੱਲ੍ਹ ਉਹ ਆਪਣੇ ਨਾਂ ਨਾਲ ਸਟੇਟ ਐਵਾਰਡੀ ਲਿਖਣ ਲੱਗਿਆ ਸੀ। ਉਸ ਦੇ ਬਾਰੇ ਲੇਖ ਵੀ ਅਖ਼ਬਾਰਾਂ ਵਿਚ ਛਪੇ ਸਨ।

''ਤਾਇਆ! ਤੂੰ ਪ੍ਰਾਹੁਣੇ ਨੂੰ ਬਚਾਅ ਸਕਦਾ ਸੀ ਨਾ? ਕੀ ਲੋੜ ਸੀ ਤੈਨੂੰ ਚੋਰੀ ਫੜਾਉਣ ਦੀ? ਠੀਕ ਕੀਤਾ ਸੀ ਤੂੰ?''

''ਮਛਟਰਾ! ਆਵਦੇ ਜਾਣੀ ਤਾਂ ਠੀਕ ਕੀਤਾ ਸੀ। ਬਾਕੀ ਤੂੰ ਜ਼ਿਆਦਾ ਸਿਆਣਾਂ। ਤੂੰ ਦੱਸ ਠੀਕ ਕੀਤੇ ਮੈਂ?"

ਆਤੂ ਨੇ ਉਲਟਾ ਸੁਆਲ ਕਰ ਦਿੱਤਾ ਸੀ। ਕੀ ਜੁਆਬ ਦਿੰਦਾ ਮੈਂ?

(ਜਨਾਬ ਰਾਜਿੰਦਰ ਬਿਮਲ, ਜਲੰਧਰ, ਵੱਲੋਂ ਲੱਕਡਾਊਨ ਵਿਚ ਪੜ੍ਹਨ ਲਈ ਸੁਝਾਈਆਂ ਗਈਆਂ ਕੁਝ ਮਸ਼ਹੂਰ ਹੋਈਆਂ ਕਹਾਣੀਆਂ ਪੇਸ਼ ਹਨ।- ਸੰ.

ਤੱਕੜੀ ਵਾਲੀ ਔਰਤ ਨੇ ਅੱਖਾਂ ਤੋਂ ਪੱਟੀ ਖੋਲ੍ਹ ਲਈ ਹੈ

ਸਵਾਮੀ ਅੰਤਰ ਨੀਰਵ, ਜੰਮੂ

ਬਾਬਾ ਗਾਉਂਦਾ

ਬਾਬੇ ਆਖਿਆ, ਮਰਦਾਨਿਆ
ਰਬਾਬ ਛੇੜ
ਨਾਮਦੇਵ ਗਾਈਏ
ਰਬਾਬੀ ਰਬਾਬ ਵਜਾਂਦਾ
ਬਾਬਾ ਗਾਂਦਾ
ਰਬਾਬ, ਮਰਦਾਨਾ, ਨਾਮਦੇਵ
ਸਭ ਭਿੱਜੀ ਭਿੱਜੀ ਜਾਂਦਾ
ਨਾਲੇ ਭਿੱਜਦੇ ਪਏ ਹਨ
ਤਿੰਨ ਅੱਖਾਂ ਵਾਲਾ ਤਿਰਲੋਚਨ
ਤੇ ਪਰਮਾਨੰਦ
ਨੰਗੇ ਪੈਰ ਬਾਬਾ
ਜੁੱਤੀਆਂ ਨੀ ਪਾਂਦਾ
ਰਵਿਦਾਸ ਗਾਂਦਾ
ਤੁਰੀ ਜਾਂਦਾ ਤੁਰੀ ਜਾਂਦਾ
ਨੀਂਦਰ ਦੀ ਨਹੀਂ
ਫ਼ਰੀਦ ਦੀ ਝੋਲੀ ਸਿਰ ਰੱਖ
ਸੌਂਦਾ, ਸਧਨੇ ਤੋਂ
ਮਾਸ ਦੀ ਥਾਂ ਸ਼ਬਦ ਮੰਗਦਾ
ਰਾਮ ਰਾਮ ਕਰਦੇ
ਕਬੀਰ ਦੀ ਲੋਈ, ਹੁਣ
ਬਾਬੇ ਦੀ ਹੋਈ
ਅੱਖਾਂ ਮੂੰਦ ਸੁਣਦਾ
ਧੁਰ ਵਿਚ ਵਗਦੇ
ਗੀਤ ਗੋਵਿੰਦ ਵਾਲੇ
ਜੈਦੇਵ ਦੇ ਗੀਤ
ਵਾਹੁ ਵਾਹੁ ਪ੍ਰੀਤ
ਸ੍ਰੀਰਾਗ, ਰਾਮਕਲੀ, ਪ੍ਰਭਾਤੀ ਵਿਚ
ਬਾਬੇ ਬੇਣੀ ਗਾਵਿਆ
ਰਾਮਾਨੰਦ ਸੁਆਮੀ ਰਮਤ ਬ੍ਰਹਮ
ਖੇਤਾਂ ਦਾ ਧੰਨਾ
'ਜੋ ਬਰਹਮੰਡੇ ਸੋਈ ਪਿੰਡੇ', ਇਹ
ਪੀਪਾ ਭਾਖੈ
ਸੇਨ ਹਜਾਮਤ ਕਰਦਾ
ਸਭ ਜਾਤੀ ਪਾਤੀ
ਭੀਖਨ ਜਿੱਡਾ ਗੁਣੀਜਨ
ਪੁਜਿਆ ਪ੍ਰਭਾਤੀ
ਤਰਬਾਂ ਵਿਚੋਂ ਉਗਮਿਆ ਹੈ
ਰਾਗ ਸਾਰੰਗ
ਬਾਬੇ ਬਾਬਾ ਗਾਵਿਆ
ਛਾਡਿ ਮਨ ਹਰਿ ਬਿਮੁੱਖਨ ਕੋ ਸੰਗ

ਸੋਨੇ ਦੀ ਚਿੜੀ

ਤੱਕੜੀ ਵਾਲੀ ਔਰਤ ਨੇ
ਅੱਖਾਂ ਤੋਂ ਪੱਟੀ ਖੋਲ੍ਹ ਲਈ ਹੈ
ਬੰਦੇ ਅਤੇ ਲੋਹੇ ਵਿਚਲੀ
ਲੜਾਈ ਦੇਖਦੀ, ਉਹ
ਲੋਹੇ ਦੀ ਜਿੱਤ ਉੱਤੇ
ਤਾੜੀਆਂ ਵਜਾਅ ਰਹੀ ਹੈ
ਬਲ਼ਦੀ ਸੜਕ ਉੱਤੇ
ਦੌੜਦੇ ਟਾਇਰਾਂ ਦੇ ਨਹੀਂ
ਟੁਰਦੇ ਪੈਰਾਂ ਦੇ ਖਿਲਾਫ਼
ਫ਼ੈਸਲਾ ਲਿਖ ਕੇ, ਉਸਨੇ
ਕਲਮ ਤੋੜ ਛੱਡੀ ਹੈ
ਉਸ ਵਾਸਤੇ
ਮੁਲਕ ਅਜੇ ਵੀ
ਸੋਨੇ ਦੀ ਚਿੜੀ ਹੈ
ਭੁਖ ਨੂੰ
ਰੋਟੀ ਦੀ ਥੁੜ੍ਹ ਨਹੀਂ
ਮਨੁੱਖੀ ਸੁਭਾਅ ਦੀ ਕਰਤੂਤ ਮੰਨਦੀ
ਖੜ੍ਹਨਾ ਚਾਹੁੰਦੀ ਹੈ
ਮੰਚ ਵਾਲੀ
ਚਿੱਟੀ ਰੌਸ਼ਨੀ ਵਿਚ
ਪਰਦਾ ਖਿੱਚ ਰਹੇ
ਦੋ ਨਕਾਬਪੋਸ਼
ਰੋਸ਼ਨੀ ਜਗੀ ਨਹੀਂ ਹੈ
ਪਰਦਾ ਖਿੱਚ ਚੁੱਕੇ ਹਨ ਨਕਾਬਪੋਸ਼
ਨਾਟਕ ਜਾਰੀ ਹੈ
ਰੌਸ਼ਨੀ ਕਿਤੇ ਨਹੀਂ ਹੈ

ਲੇਖ ਰਾਜ

ਲੇਖਾ ਭਾਪਾ, ਲੇਖਾ ਚਾਚਾ, ਲੇਖਾ ਮਾਮਾ
ਲੇਖਰਾਜ ਅੰਕਲ
ਮੁੱਹਲੇ ਦਾ ਪਿਆਰਾ
ਚੰਨ ਤਾਰਾ
ਸਾਬਕਾ ਫੌਜੀ ਲੇਖਰਾਜ
ਫ਼ੌਜ ਦੀਆਂ, ਫੌਜੋਂ ਬਾਹਰ ਦੀਆਂ
ਗੱਲਾਂ ਸੁਣਾਉਂਦਾ
ਕਿ ਪੂਰੀ ਤਰ੍ਹਾਂ ਮਾਫ਼ ਹੁੰਦੇ ਹਨ
ਫੌਜੀ ਨੂੰ ਪੂਰੇ ਸੱਤ ਖ਼ੂਨ
-ਦੋਵ੍ਹਾਂ ਵਿਚ
ਨਹੀਂ ਸੀ ਆ ਸਕੇ ਤਿੰਨ
ਮੈਂ ਇਨ੍ਹਾਂ ਹੱਥਾਂ ਨਾਲ ਹੀ
ਤੋੜੇ ਸਨ
ਵੱਡੇ ਕੱਦੂਆਂ ਜਿੱਡੇ ਜਿੱਡੇ ਟਮਾਟਰ
ਓਪਰੀ ਧਰਤੀ 'ਤੇ
-ਕਿ ਗੁੜ ਗੰਨੇ ਦੇ ਹੇਠਲੇ
ਸਿਰੇ 'ਤੇ ਲੱਗਦਾ ਹੈ ਜੜ੍ਹਾਂ ਕੋਲ
ਚੀਨੀ ਉੱਪਰ
-ਕਿ ਜੰਗਲਾਂ ਚੋਂ ਲੰਘਦੇ ਉਸਨੂੰ
ਆਪਣੀਆਂ ਸ਼ਾਖ਼ਾਵਾਂ ਨਾਲ
ਚੁੱਕ ਲਿਆ ਸੀ
ਇਕ ਆਦਮਖੋਰ ਬਿਰਖ਼ ਨੇ
ਕਿ ਉਸਨੇ ਕੱਠੇ[1] ਦੀ ਡੱਬ ਵਿਚ
ਤੰਦਵੇ[2] ਦੇ ਸੁੱਟੇ ਜਾਲ ਤੰਦਿਆਂ ਚੋਂ

੧ ਪਹਾੜੀ ਨਾਲਾ ੨ ਆਕਟੋਪਸ ਵਰਗਾ ਕਾਲਪਨਿਕ ਜੀਵ

ਕਿਵੇਂ ਬਚਾਅ ਲਿਆ ਸੀ
ਇਕ ਬੱਕਰਵਾਲ[3] ਬੱਚਾ *੩ ਆਜੜੀ*
-ਕਿ ਉਸਨੇ ਸਿਆਣਪ ਅਤੇ ਧੋਖੇ ਨਾਲ
ਕੀਤਾ ਸੀ ਬਣਬੁੱਡੀ[4] ਦਾ ਸ਼ਿਕਾਰ
੪ ਕਾਲਪਨਿਕ ਜੰਗਲੀ ਔਰਤ ਜੋ ਸ਼ਿਕਾਰੀ/ਜੰਗਲ ਵੱਢਣ ਗਏ ਮਾਰ ਦਿੰਦੀ/ ਬਹੁਤ ਕੁੱਟਦੀ ਹੈ
-ਕਿ ਗੁਰਿੱਲਾ ਫ਼ੌਜ ਵਿਚ
ਬੰਦੇ ਨਹੀਂ
ਵੱਡੇ ਕਾਲੇ ਬਾਂਦਰ ਹੁੰਦੇ
ਬੰਦਿਆਂ ਤੋਂ ਸਿਆਣੇ
ਫ਼ੌਜੀਆਂ ਤੋਂ ਜਮ੍ਹਾਂ ਸਿਆਣੇ
-ਕਿ ਉਸਨੇ ਆਪਣੀਆਂ ਅੱਖਾਂ ਨਾਲ
ਸੂਰਜ ਪੱਛਮ ਵਿਚ ਨਹੀਂ
ਸਮੁੰਦਰ ਵਿਚ ਡੁੱਬਦੇ ਵੇਖਿਆ ਹੈ
ਪਹਾੜਾਂ ਤੋਂ ਬਹੁਤ ਦੂਰ
ਪਿਛਲੇ ਪਾਸੇ ਹੈ ਸਮੁੰਦਰ
-ਕਿ ਬਾਲ ਬ੍ਰਹਮਚਾਰੀ ਹੁੰਦੇ
ਸੁੰਘਣ ਵਾਲੇ ਖੋਜੀ ਕੁੱਤੇ
ਕਿ ਉਸਨੂੰ ਰੋਜ਼ ਸੁਫ਼ਨੇ ਵਿਚ
ਮਿਲਣ ਔਂਦੀ ਹੈ ਕਾਲੀ ਮਾਤਾ
-ਕਿ ਉਸਨੇ
ਪੈਰੀਂ ਹੱਥ ਲਾਇਆ ਹੋਇਐ
ਆਪਣੇ ਲਿੰਗ ਨਾਲ
ਦੁੱਧ ਪੀਂਦੇ ਯੋਗੀ ਦੇ
ਕਹਿੰਦੇ ਲੇਖਰਾਜ
ਦਿਮਾਗ਼ ਦੀ ਦਵਾਈ ਖਾਂਦਾ ਸੀ
ਉਹ ਮਾਸ ਨਹੀਂ ਸੀ ਖਾਂਦਾ
ਸ਼ਰਾਬ ਨਹੀਂ ਸੀ ਪੀਂਦਾ

ਉਦਾਸੀ

ਜਦ ਉਦਾਸ ਹੁੰਦੀ ਹਾਂ
ਚਿੜੀਆਂ ਵੱਲ
ਕੰਨ ਧਰਦੀ ਹਾਂ
ਛੱਤ ਉੱਤੇ ਦਾਣਾ ਪਾਣੀ ਰਖ
ਉਨ੍ਹਾ ਦੇ ਔਣ ਦੀ
ਉਡੀਕ ਕਰਦੀ ਹਾਂ
ਉਹ
ਜਦ ਉਦਾਸ ਹੁੰਦਾ ਹੈ
ਬੰਦੂਕ ਚੁੱਕ ਨਿਕਲ ਜਾਂਦਾ ਹੈ
ਸ਼ਾਮਾਂ ਵੇਲੇ, ਉਹ
ਖੁਸ਼ ਹੁੰਦਾ ਹੈ
ਮੈਂ ਹੋਰ ਉਦਾਸ

ਮੇਰੇ ਇਲਾਕੇ ਦੇ ਲੋਕ

ਮੰਦਰ ਨਹੀਂ ਜਾਂਦੇ
ਗੁਰਦੁਆਰੇ ਨਹੀਂ ਜਾਂਦੇ
ਰੱਬ ਉੱਤੇ ਭਰੋਸਾ ਰਖਦੇ
ਭੁਖ ਰਖ ਕੇ ਖਾਂਦੇ
ਕਦੀ ਬਿਮਾਰ ਨਹੀਂ ਹੁੰਦੇ
ਡਾਕਟਰ ਕੋਲ ਨਹੀਂ ਜਾਂਦੇ
ਅਸਪਤਾਲ ਨਹੀਂ ਜਾਂਦੇ
ਦਵਾਈ ਲੈਣ ਨਹੀਂ ਜਾਂਦੇ
ਮਰਨ ਵੇਲੇ, ਮਰ ਜਾਂਦੇ
ਤੋਪ ਦਾ ਮੁਕਾਬਲਾ
ਤਲਵਾਰ ਨਾਲ ਕਰਦੇ
ਤਲਵਾਰ ਦਾ ਸੋਟੀ ਨਾਲ
ਸੋਟੀ ਵਾਲੇ ਦਾ ਨਿੱਹਥੇ
ਨਿੱਹਥੇ ਬੰਦੇ ਦਾ ਮੁਕਾਬਲਾ
ਚੁੱਪ ਨਾਲ਼ ਕਰਦੇ ਹਨ
ਚੁੱਪ ਅੱਗੇ
ਹਮੇਸ਼ਾ ਹਾਰਦੇ ਰਹੇ ਹਨ
ਮੇਰੇ ਇਲਾਕੇ ਦੇ ਲੋਕ

2

ਇਥੇ
ਫੱਲ ਦੇਣੇ ਰੁੱਖਾਂ ਦੇ ਤਣੇ
ਲਕ ਹੁੰਦੇ
ਜੜ੍ਹਾਂ ਪੈਰ
ਗੰਢਾਂ ਮੋਢੇ
ਟਾਹਣੀਆਂ ਬਾਹਵਾਂ, ਹੱਥ
ਮਿੱਟੀ ਵਿਚ ਦੱਬੀਆਂ ਜੜ੍ਹਾਂ
ਰੁੱਖ ਦਾ ਸਿਰ ਹੁੰਦੀਆਂ
ਕੋਈ ਨਹੀਂ ਵੱਢਦਾ
ਰੁੱਖਾਂ ਦੇ ਹੱਥ ਪੈਰ
ਛਾਂਗ-ਸਾਂਭ ਨੂੰ
ਨਹੂੰ ਵੱਢਣਾ
ਅੜਿਕਾਂ ਕੱਢਣਾ ਕਹਿੰਦੇ
ਤਿਉਹਾਰ ਵਾਲੇ ਦਿਨ
ਨਾ ਫਲਦੇ ਰੁੱਖ ਨੂੰ
ਘਰ ਦਾ ਛੋਟਾ
ਕੁਹਾੜੀ ਨਾਲ ਵੱਢਣ
ਦਾ ਨਾਟਕ ਪਾਉਂਦਾ
ਉੱਚੀ ਬੋਲਦਾ,
ਗਾਲਾਂ ਕੱਢਦਾ,
ਧਮਕਾਉਂਦਾ
ਘਰ ਦਾ ਵਡੇਰਾ
ਰੁੱਖ ਵਲੋਂ ਮਾਫੀ ਮੰਗਦਾ
ਐਤਕੀਂ ਫਲਣ ਦੀ
ਗਵਾਹੀ ਭਰਦਾ
ਆਣ ਛੁੜਾਉਂਦਾ
ਸੱਚੀ ਮੁੱਚੀ, ਬਿਰਖ
ਐਤਕੀਂ ਫਲ ਜਾਂਦਾ

ਨਿੱਕੀ ਬੂਟੀ ਦਾ ਸੂਟ

ਗੁਰਬਚਨ ਸਿੰਘ ਭੁੱਲਰ

ਭੂਆ ਨੇ ਸੁਨੇਹਾ ਭੇਜਿਆ ਹੀ ਅਜਿਹਾ ਸੀ ਕਿ ਦਿਲ ਦੀਆਂ ਸੱਭੇ ਤਾਰਾਂ ਹਿਲਾ ਗਿਆ। ਮੋਹ ਵਿਚ ਭਿੱਜਿਆ ਹੋਇਆ, ਕੁਝ-ਕੁਝ ਗਿਲ਼ੇ ਜਿਹੇ ਨਾਲ ਭੇਜਿਆ ਗਿਆ ਸੁਨੇਹਾ। ਉਹਦੀਆਂ ਅੱਖਾਂ ਪਿਆਰ ਦੀ ਛੱਲ ਨਾਲ ਸਿੱਲ੍ਹੀਆਂ ਹੋ ਗਈਆਂ। ਉਹਨੇ ਸੋਚਿਆ, ਸੱਚ-ਮੁੱਚ ਹੀ ਹੁਣ ਤਾਂ ਭੂਆ ਨਦੀ-ਕਿਨਾਰੇ ਰੁੱਖੜਾ ਹੋਵੇਗੀ। ਪਤਾ ਨਹੀਂ ਕਿਸ ਦਿਨ ਉੱਖੜ ਕੇ ਸਮੇਂ ਦੇ ਅਨੰਤ ਅਤੇ ਅਰੁਕ ਵਗਦੇ ਪਾਣੀਆਂ ਵਿਚ ਸਹਿਜੇ ਜਿਹੇ ਡਿੱਗ ਪਵੇ। ਕਈ ਸਾਲ ਪਹਿਲਾਂ ਹੀ, ਜਦੋਂ ਉਹ ਅਜੇ ਆਪਣੇ ਪਿੰਡਾਂ ਤੋਂ ਏਨਾ ਦੂਰ ਨਹੀਂ ਸੀ ਆਇਆ, ਭੂਆ ਬਿਰਧ ਹੁੰਦੀ ਜਾਂਦੀ ਲੱਗਦੀ ਸੀ। ਹੁਣ ਤਾਂ ਉਹਦੇ ਬੁੱਕ ਵਿਚੋਂ ਸਾਹਾਂ ਦੇ ਕਿੰਨੇ ਹੀ ਹੋਰ ਦਾਣੇ ਕਿਰ ਚੁੱਕੇ ਹੋਣਗੇ। ਉਹਨੇ ਸੁਨੇਹਾ ਦੇਣ ਵਾਲੇ ਹੱਥ ਕਿਹਾ ਸੀ, "ਮੇਰੇ ਬਚੜੇ ਨੂੰ ਕਹੀਂ, ਇਕ ਵਾਰ ਮੇਲਾ-ਗੇਲਾ ਕਰ ਜਾਵੇ। ਹੁਣ ਤਾਂ ਬਸ ਚਲੌਚਲੀ ਹੀ ਐ। ਨਦੀ ਕਿਨਾਰੇ ਰੁੱਖੜਾ! ਨਾਲ ਵਹੁਟੀ ਨੂੰ ਤੇ ਨਿਆਣਿਆਂ ਨੂੰ ਜ਼ਰੂਰ ਲਿਆਵੇ। ਮੂਲ ਨਾਲੋਂ ਸੂਦ ਬਹੁਤਾ ਪਿਆਰਾ ਹੁੰਦਾ ਐ।"

ਜਦੋਂ ਕਦੇ ਚੇਤਾ ਬੀਤੇ ਦਿਨਾਂ ਵੱਲ ਜਾਂਦਾ, ਭੂਆ ਉਹਦੇ ਕਈ ਵਾਰ ਯਾਦ ਆਉਂਦੀ, ਪਰ ਉਹਦੇ ਇਸ ਸੁਨੇਹੇ ਮਗਰੋਂ ਤਾਂ ਉਹਨੂੰ ਅਜਿਹਾ ਜਾਪਿਆ ਜਿਵੇਂ ਉਹ ਜਾ ਰਹੀ ਹੋਵੇ ਅਤੇ ਉਹਨੂੰ ਮੂੰਹ ਦੇਖਣ ਲਈ ਆਵਾਜ਼ਾਂ ਮਾਰ ਰਹੀ ਹੋਵੇ। ਉਹਨੇ ਦੋ-ਚਾਰ ਛੁੱਟੀਆਂ ਲੈ ਕੇ ਜਾਣ ਦੀ ਸਲਾਹ ਬਣਾ ਲਈ।

ਕਿੰਨੇ ਚਿਰ ਮਗਰੋਂ ਉਸ ਨੇ ਭੂਆ ਨੂੰ ਮਿਲਣਾ ਸੀ ਅਤੇ ਕਿੰਨੇ ਪਿਆਰ ਨਾਲ ਉਹਨੇ ਬੁਲਾਇਆ ਸੀ। ਉਹਦਾ ਦਿਲ ਕੀਤਾ, ਭੂਆ ਲਈ ਕੁਝ ਲੈ ਕੇ ਜਾਵੇ। ਉਹਦੇ ਨਿਰਛਲ ਮੋਹ ਦਾ ਕੋਈ ਨਿਮਾਣਾ ਜਿਹਾ ਹੁੰਗਾਰਾ। ਉਹਦੇ ਲਈ ਆਪਣੇ ਆਦਰ ਦੀ ਕੋਈ ਤੁੱਛ ਜਿਹੀ ਨਿਸ਼ਾਨੀ। ਉਹ ਕਈ ਦਿਨ ਸੋਚਦਾ ਰਿਹਾ। ਆਖਰ ਉਹਨੇ ਪਿੰਡਾਂ ਦੇ ਪੁਰਾਣੇ ਰਿਵਾਜ਼ ਅਨੁਸਾਰ ਕਈ ਦੁਕਾਨਾਂ ਫਿਰ ਕੇ ਮਿੱਠੇ-ਮਿੱਠੇ ਰੰਗਾਂ ਦੀਆਂ ਨਿੱਕੀਆਂ-ਨਿੱਕੀਆਂ ਬੂਟੀਆਂ ਵਾਲਾ ਬੜਾ ਸੋਹਣਾ ਸੂਟ ਖਰੀਦ ਲਿਆ। ਸੁਨੇਹਾ ਆਉਣ ਤੇ ਤੁਰਨ ਦੇ ਵਿਚਕਾਰ ਜਿਹੜੇ ਦਿਨ ਬੀਤੇ, ਉਨ੍ਹਾਂ ਵਿਚ ਵਾਰ-ਵਾਰ ਭੂਆ ਦੀਆਂ ਗੱਲਾਂ ਉਹਨੂੰ ਯਾਦ ਆਉਂਦੀਆਂ। ਕਈ ਵਾਰ ਉਹ ਇਹ ਗੱਲਾਂ ਮਨ ਹੀ ਮਨ ਵਿਚ ਯਾਦ ਕਰਦਾ, ਕਈ ਵਾਰ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੀ ਸੁਣਾਉਂਦਾ। ਖਾਸ ਕਰ ਕੇ ਉਹਨੂੰ ਪਿਆਰਾ ਲੱਗਦਾ ਸੀ ਧੌਲੇ ਸਿਰ ਵਾਲੀ ਭੂਆ ਦਾ ਉਹਦੀ ਧੌਲੇ ਸਿਰ ਵਾਲੀ ਮਾਂ ਨੂੰ ਮੋਹ ਨਾਲ 'ਭਾਬੋ' ਕਹਿਣਾ। ਉਹ ਕਦੀ ਵੀ ਉਹਦੀ ਮਾਂ ਦਾ ਨਾਂ ਨਾ ਲੈਂਦੀ। ਭਾਬੋ-ਭਾਬੋ ਕਰਦੀ ਦਾ ਉਹਦਾ ਮੂੰਹ ਨਾ ਥੱਕਦਾ। ਉਹਦੀ ਮਾਂ ਜਵਾਬ ਵਿਚ ਉਹਦੀ ਭੂਆ ਨੂੰ ਬੀਬੀ ਆਖਦੀ। ਘਰ ਵਿਚ ਸਾਰਾ ਦਿਨ ਭਾਬੋ-ਭਾਬੋ, ਬੀਬੀ-ਬੀਬੀ ਹੁੰਦੀ ਰਹਿੰਦੀ।

ਭੂਆ ਪੇਕੀਂ ਆਉਂਦੀ ਤਾਂ ਕਦੀ ਵੀ ਪਰਾਹੁਣੀਆਂ ਵਾਂਗ ਨਾ ਬੈਠਦੀ। ਉਹ ਕੰਮਾਂ ਵਿਚ ਉਲਝੀ ਹੋਈ ਮਾਂ ਦੇ ਕਈ ਨਿੱਕੇ-ਮੋਟੇ ਕੰਮ ਕਰ ਜਾਂਦੀ, ਕਈ ਵਿਗੜੇ ਹੋਏ ਕੰਮ ਸੰਵਾਰ ਜਾਂਦੀ। ਮਾਂ ਦੇ ਨਾਂਹ-ਨਾਂਹ ਕਰਦਿਆਂ ਵੀ ਉਹ ਰਜਾਈਆਂ-ਤਲਾਈਆਂ ਸੂਰਜ ਵੱਲ ਕਰ-ਕਰ ਦੇਖਦੀ। ਟੁੱਟੇ ਲੋਗੜ ਵਾਲੀਆਂ ਦੇ ਨਗੰਦੇ ਉਧੇੜ ਕੇ ਕੱਪੜਾ ਧੋਣ ਲਈ ਸੋਢੇ ਵਿਚ ਭਿਉਂ ਦਿੰਦੀ ਅਤੇ ਲੋਗੜ ਪਿੰਜਾਉਣ ਲਈ ਗਠੜੀ ਬੰਨ੍ਹ ਦਿੰਦੀ। ਬੋਰੀ ਵਿਚ ਪਾ ਕੇ ਪੜਛੱਤੀ ਉਤੇ ਰੱਖੇ ਸੂਤ ਨੂੰ ਮੰਜਾ ਬੁਣਨ ਲਈ ਰੰਗ ਦੇ ਦੋ ਬੱਠਲਾਂ ਵਿਚ ਡੱਬ ਦਿੰਦੀ ਅਤੇ ਉੱਖੜੀ ਹੋਈ ਚੁਗਾਠ ਠੋਕਣ ਲਈ ਤਰਖਾਣਾਂ ਦੇ ਭੇਜ ਦਿੰਦੀ ਤੇ ਫੇਰ ਸਵੇਰ ਦੇ ਕੰਮ ਮੁਕਾ ਕੇ ਆਥਣ ਦੇ ਕੰਮਾਂ ਤੋਂ ਪਹਿਲਾਂ ਉਹ ਦੁਪਹਿਰ ਵੇਲੇ ਦੋਵੇਂ ਰਲ ਕੇ ਨਵੀਆਂ ਭਰੀਆਂ ਰਜਾਈਆਂ-ਤਲਾਈਆਂ ਦੇ ਨਗੰਦੇ ਪਾਉਂਦੀਆਂ ਜਾਂ ਮੰਜਾ ਬੁਣਨ ਬੈਠਦੀਆਂ ਤਾਂ ਧੀਮੀ-ਧੀਮੀ ਆਵਾਜ਼ ਵਿਚ ਨਣਦ-ਭਰਜਾਈ ਦੇ ਗੀਤ ਗਾਉਂਦੀਆਂ ਜਾਂ ਇਉਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀਆਂ ਜਿਵੇਂ ਮਾਂ ਨਵੀਂ-ਨਵੀਂ ਸਹੁਰੀਂ ਆਈ ਹੋਵੇ ਅਤੇ ਭੂਆ ਨੂੰ ਉਹਦਾ ਦਿਲ ਲੁਆਉਣ ਲਈ ਉਹਦੇ ਕੋਲ ਬਿਠਾਇਆ ਗਿਆ ਹੋਵੇ।

ਜਦੋਂ ਕਦੀ ਉਹ ਉਹਦੇ ਪਿੰਡ ਜਾਂਦਾ, ਭੂਆ ਨੂੰ ਲੋਹੜੇ ਦਾ ਚਾਅ ਚੜ੍ਹਦਾ। ਉਹ ਰੱਜ ਕੇ ਪਿਆਰ ਕਰਦੀ ਅਤੇ ਰੱਜ ਕੇ ਖੁਆਉਂਦੀ-ਪਿਆਉਂਦੀ। ਮੁਰਾਦਾਬਾਦੀ ਥਾਲ ਵਿਚ ਰੱਖ ਕੇ ਘਰ ਦੇ ਘਿਉ ਨਾਲ ਨੁੱਚੜਦੇ ਲੂਣੇ ਪਰੌਂਠੇ ਦਿੰਦੀ। ਪਰੌਂਠਿਆਂ ਵਿਚ ਦਰੜਾ ਜਿਹਾ ਕੀਤੀਆਂ ਲਾਲ ਮਿਰਚਾਂ ਥਾਂਥਾਂ ਤਾਰਿਆਂ ਵਾਂਗ ਚਮਕਦੀਆਂ। ਥਾਲ ਵਿਚ ਉਹ ਵੱਡਾ ਸਾਰਾ ਕਾਂਸੀ ਦਾ ਕਟੋਰਾ ਦਹੀਂ ਦਾ ਭਰ ਕੇ ਰੱਖ ਦਿੰਦੀ। ਕਟੋਰਾ ਕਾਹਦਾ ਹੁੰਦਾ, ਛੰਨਾ ਹੁੰਦਾ ਸੀ ਕਿ ਉਹ। ਦਹੀਂ ਦੇ ਇਕ ਪਾਸੇ ਮੱਖਣੀ ਦਾ ਪੇੜਾ ਪਿਆ ਹੁੰਦਾ ਜਾਂ ਫੇਰ ਉਹ ਗੁੜ ਖੋਰ ਕੇ ਅਤੇ ਆਟੇ ਵਿਚ ਘਿਉ ਝੱਸ ਕੇ ਮਿੱਠੀਆਂ ਰੋਟੀਆਂ ਪਕਾਉਂਦੀ। ਉਨ੍ਹਾਂ ਨਾਲ ਉਹ ਸੌਂਫ, ਕਲੌਂਜੀ ਅਤੇ ਮੇਥਿਆਂ ਦੇ ਮਸਾਲੇ ਵਿਚ ਲੁਕੀ ਹੋਈ ਅੰਬ ਦੇ ਆਚਾਰ ਦੀ ਫਾੜੀ ਰੱਖਦੀ ਜਾਂ ਰਾਈ ਨਾਲ ਭਰੀ ਹੋਈ ਹਰੀ-ਹਰੀ ਗਿੱਠ ਲੰਮੀ ਮਿਰਚ ਰੱਖਦੀ, ਜੀਹਦੇ ਚੀਰ ਵਿਚੋਂ ਪੀਲਾ-ਪੀਲਾ ਖੱਟਾ-ਕਰਾਰਾ ਰਸ ਚਿਉਂਦਾ। ਤੇ ਫੇਰ ਉਹ ਹੋਰ-ਹੋਰ ਖਾਣ ਲਈ ਮਜਬੂਰ ਕਰਦੀ। ਅੰਤ ਨੂੰ ਹੱਥ ਬੰਨ੍ਹ ਕੇ ਹਾੜੇ ਕੱਢ ਕੇ, ਫੁੱਲਿਆ ਪੇਟ ਦਿਖਾ ਕੇ ਹੀ ਭੂਆ ਤੋਂ ਖਹਿੜਾ ਛੁਡਾਉਣਾ ਪੈਂਦਾ।

ਤੇ ਫੇਰ ਉਹ ਛੇਤੀ-ਛੇਤੀ ਮੁੜਨ ਨਾ ਦਿੰਦੀ। ਕਦੀ ਕੋਈ ਲਾਰਾ ਲਾ ਕੇ ਕਦੀ ਕੋਈ ਬਹਾਨਾ ਬਣਾ ਕੇ ਉਹ 'ਇਕ ਦਿਨ ਹੋਰ, ਇਕ ਦਿਨ ਹੋਰ' ਆਖਦਿਆਂ ਕਈ-ਕਈ ਦਿਨ ਲੰਘਾ ਦਿੰਦੀ। ਉਹ ਮਾਂ ਦੀ ਚਿੰਤਾ ਬਾਰੇ ਆਖਦਾ ਤਾਂ ਉਹ ਜਵਾਬ ਦਿੰਦੀ, "ਕੋਈ ਨਹੀਂ ਚਿੰਤਾ ਹੁੰਦੀ ਤੇਰੀ ਮਾਂ ਨੂੰ। ਕਿਸੇ ਓਪਰੀ ਥਾਂ ਨਹੀਂ ਆਇਆ ਹੋਇਆ ਤੂੰ। ਉਹਨੂੰ ਪਤਾ ਐ, ਭੂਆ ਕੋਲ ਗਿਆ ਹੈ, ਦਿਨ ਤਾਂ ਲੱਗਣਗੇ ਹੀ।"

ਉਹ ਸਕੂਲ ਖੁੱਲ੍ਹਣ ਬਾਰੇ ਆਖਦਾ ਤਾਂ ਉਹ ਬੋਲਦੀ, "ਕੋਈ ਨਹੀਂ ਨ ਭੱਜ ਚੱਲਿਆ ਤੇਰਾ ਮਦਰੱਸਾ ਕਿਧਰੇ।"

ਜਦੋਂ ਦਾ ਉਹ ਨੌਕਰੀ ਉਤੇ ਲੱਗਿਆ ਸੀ, ਬਹੁਤੇ ਰਿਸ਼ਤੇਦਾਰ ਇਕ-ਇਕ ਕਰ ਕੇ ਉਹਤੋਂ ਦੂਰ ਹਟਦੇ ਗਏ ਸਨ। ਉਹਨੂੰ ਦੁੱਖ ਵੀ ਹੁੰਦਾ, ਪਰ ਉਹ ਕਰ ਵੀ ਕੁਝ ਨਹੀਂ ਸੀ ਸਕਦਾ। ਰਹਿਣੀ-ਬਹਿਣੀ ਅਤੇ ਕਦਰਾਂ-

ਕੀਮਤਾਂ ਦਾ ਫ਼ਰਕ ਕਿਵੇਂ ਨਾ ਕਿਵੇਂ ਪਾੜਾ ਪਾ ਹੀ ਦਿੰਦਾ। ਉਹਦੇ ਘਰ ਵਿਚ ਸ਼ਹਿਰੀ ਜੀਵਨ ਦੀਆਂ ਸਾਧਾਰਨ ਚੀਜ਼ਾਂ ਟੈਲੀਵਿਜ਼ਨ, ਫ਼ਰਿਜ, ਸੋਫ਼ਾ ਆਦਿ ਦੇਖ ਕੇ ਰਿਸ਼ਤੇਦਾਰ ਉਹਦੇ ਪੈਸਿਆਂ ਬਾਰੇ ਕੁਝ ਸੱਚਾ ਅਤੇ ਬਹੁਤਾ ਕਲਪਿਤ ਹਿਸਾਬ ਲਾ ਲੈਂਦੇ।

ਕਿਸਾਨ ਦਾ ਪੈਸੇ ਬਾਰੇ ਨਜ਼ਰੀਆ ਆਪਣਾ ਹੀ ਹੁੰਦਾ ਹੈ। ਉਹ ਬਹੁਤੀ ਜ਼ਮੀਨ ਦਾ ਮਾਲਕ ਹੋਵੇ ਜਾਂ ਥੋੜ੍ਹੀ ਦਾ, ਉਹਦੀ ਆਮਦਨ ਤਾਂ ਘਰ ਛੇ ਮਹੀਨਿਆਂ ਮਗਰੋਂ ਹੀ ਹਾੜ੍ਹੀ-ਸਾਉਣੀ ਨੂੰ ਆਉਣੀ ਹੁੰਦੀ ਹੈ। ਉਹ ਵੀ ਜੇ 'ਰੱਬ ਸੁੱਖ ਰੱਖੇ' ਅਤੇ ਸੋਕਿਆਂ ਤੋਂ ਤੇ ਝੱਖੜਾਂ ਤੋਂ, ਹੜ੍ਹਾਂ ਤੋਂ ਤੇ ਰੋਗਾਂ ਤੋਂ ਫਸਲ ਦਾ ਬਚਾਉ ਹੋ ਜਾਵੇ। ਮੁਲਾਜ਼ਮ ਦੀ ਤਨਖ਼ਾਹ ਨੂੰ ਜੱਟ ਬੱਝਵੀਂ ਆਮਦਨ ਕਹਿੰਦੇ ਹਨ ਜੋ ਚੜ੍ਹੇ ਮਹੀਨੇ, ਰੱਬ ਸੁੱਖ ਰੱਖੇ ਜਾਂ ਨਾ, ਆ ਹੀ ਜਾਂਦੀ ਹੈ।

ਤੇ ਉਹ ਉਹਦੀ ਰਹਿਣੀ-ਬਹਿਣੀ ਦੇ ਭਰਮ-ਭੁਲੇਖੇ ਵਿਚ ਆ ਕੇ ਸੋਚਦੇ, ਪੈਸੇ ਮੰਗਣ ਵਿਚ ਕੀ ਹਰਜ ਹੈ। ਮਿਲ ਗਏ ਤਾਂ ਠੀਕ ਹੈ, ਨਹੀਂ ਤਾਂ ਇਨਕਾਰ ਕਰਨ ਵਾਲਾ ਆਪੇ ਸ਼ਰਮਿੰਦਾ ਹੋਵੇਗਾ। ਕਿਸੇ ਰਿਸ਼ਤੇਦਾਰ ਨੇ ਪੁਰਾਣਾ ਟਰੈਕਟਰ ਵੇਚ ਕੇ ਨਵਾਂ ਖਰੀਦਣਾ ਹੁੰਦਾ। ਕਿਸੇ ਰਿਸ਼ਤੇਦਾਰ ਦੀ ਸਲਾਹ ਇਕ ਹੋਰ ਟਿਊਬਵੈਲ ਲਾਉਣ ਦੀ ਹੁੰਦੀ। ਕਿਸੇ ਰਿਸ਼ਤੇਦਾਰ ਨੇ ਕੁੜੀ ਜਾਂ ਮੁੰਡੇ ਦਾ ਵਿਆਹ ਕਰਨਾ ਹੁੰਦਾ। ਜਦੋਂ ਉਹ ਮਜਬੂਰੀ ਪ੍ਰਗਟਾਉਂਦਾ, ਰਿਸ਼ਤੇਦਾਰ ਮੂੰਹ ਵੱਟ ਕੇ ਤੁਰ ਜਾਂਦੇ ਅਤੇ ਫੇਰ ਇਕ-ਦੂਜੇ ਕੋਲ ਉਹਨੂੰ ਨਿੰਦਦੇ ਰਹਿੰਦੇ।

ਇਕ ਵਾਰ ਇਕ ਰਿਸ਼ਤੇਦਾਰ ਉਸ ਤੋਂ ਬਲਦ ਖਰੀਦਣ ਲਈ ਪੈਸੇ ਲੈਣ ਆਇਆ ਸੀ। ਉਹਦੇ ਮਜਬੂਰੀ ਪ੍ਰਗਟਾਉਣ ਉਤੇ ਉਹ ਫ਼ਰਿਜ ਵੱਲ ਹੱਥ ਕਰਦਿਆਂ ਸ਼ਬਦਾਂ ਵਿਚ ਕੁੜਿੱਤਣ ਭਰ ਕੇ ਬੋਲਿਆ ਸੀ, "ਤੂੰ ਆਹ ਪਾਣੀ ਠੰਢਾ ਕਰਨ ਵਾਲੀ ਮਸ਼ੀਨ ਉਤੇ ਤਾਂ ਥੱਬਾ ਨੋਟਾਂ ਦਾ ਫੂਕ ਸਕਦਾ ਹੈਂ...ਪਾਣੀ ਤਾਂ ਤੌੜੇ ਵਿਚ ਵੀ ਠੰਢਾ ਹੋ ਜਾਂਦਾ ਹੈ, ਪਰ ਔਖੇ ਵੇਲੇ ਰਿਸ਼ਤੇਦਾਰ ਦੀ ਮੱਦਦ ਕਰਨ ਲਈ ਤੇਰੇ ਕੋਲ ਪੈਸਾ ਹੈ ਨਹੀਂ।"

ਪਰ ਬੇਲਾਗ ਮੋਹ ਮਰਿਆ-ਮੁੱਕਿਆ ਤਾਂ ਨਹੀਂ ਸੀ। ਭੂਆ ਦਾ ਸੁਨੇਹਾ ਸੁਣ ਕੇ ਉਹ ਜਜ਼ਬਾਤੀ ਹੋ ਗਿਆ ਤੇ ਉਹਦੀਆਂ ਅੱਖਾਂ ਵਹਿਣਾਂ ਵਿਚ ਵਹਿ ਕੇ ਸਿੱਲ੍ਹੀਆਂ ਹੋ ਗਈਆਂ। ਉਹਨੇ ਸਿੱਧਾ ਭੂਆ ਕੋਲ ਜਾਣ ਅਤੇ ਬਿਨਾ ਹੋਰ ਕਿਸੇ ਨੂੰ ਮਿਲਿਆਂ, ਉਥੋਂ ਹੀ ਪਰਤ ਆਉਣ ਦਾ ਮਨ ਬਣਾਇਆ। ਉਹਨੂੰ ਨਿਰਾਰਥਕ ਜਿਹੀ ਕਾਹਲ ਲੱਗ ਗਈ, ਕਿਤੇ ਭੂਆ ਉਹਦੇ ਜਾਣ ਤੋਂ ਪਹਿਲਾਂ ਹੀ ਨਾ ਚੱਲਦੀ ਬਣੇ। ਉਹਨੂੰ ਬੇਥੁਵਾ ਜਿਹਾ ਖਿਆਲ ਆਉਂਦਾ, ਜਿਵੇਂ ਭੂਆ ਮੰਜੀ ਉਤੇ ਨਿਢਾਲ ਪਈ ਹੋਵੇ ਤੇ ਮੁਸ਼ਕਲ ਨਾਲ ਅੱਖਾਂ ਖੋਲ੍ਹ ਕੇ ਪੁੱਛ ਰਹੀ ਹੋਵੇ, "ਆਇਆ ਨਹੀਂ ਮੇਰਾ ਭਤੀਜਾ, ਮੇਰਾ ਬਚੜਾ?"

ਤੇ ਰੱਬ ਦਾ ਸ਼ੁਕਰ ਸੀ ਕਿ ਜਦੋਂ ਉਹ ਪੁੱਜੇ, ਭੂਆ ਵਿਹੜੇ ਵਿਚ ਟਾਹਲੀ ਹੇਠ ਬੈਠੀ ਸੂਤ ਦੀ ਅੱਟੀ ਕਰ ਰਹੀ ਸੀ। ਉਹਨੂੰ ਜਿਵੇਂ ਕੁਝ ਗੁਆਚਿਆ ਲੱਭ ਪਿਆ। ਆਵਾਜ਼ਾਂ ਮਾਰ-ਮਾਰ ਉਹ ਆਪਣੀ ਨੂੰਹ ਅਤੇ ਪੋਤੇ-ਪੋਤੀਆਂ ਨੂੰ ਬੁਲਾਉਣ ਲੱਗੀ। ਹੌਲੀ-ਹੌਲੀ ਸਾਰੇ ਇਕੱਠੇ ਹੋ ਗਏ। ਬਾਈ ਕਿਸੇ ਕੰਮ ਸਹੁਰੀਂ ਗਿਆ ਹੋਇਆ ਸੀ। ਉਹ ਭੂਆ ਕੋਲ ਟਾਹਲੀ ਹੇਠ ਹੀ ਬੈਠ ਗਏ। ਭੂਆ ਉਨ੍ਹਾਂ ਵਿਚੋਂ ਇਕ ਨੂੰ ਫੜਦੀ ਅਤੇ ਕਾਲਜੇ ਨਾਲ ਘੁੱਟ ਲੈਂਦੀ। ਉਹਨੂੰ ਬੁੱਕਲ ਵਿਚੋਂ ਕੱਢਦੀ ਤਾਂ ਦੂਜੇ ਨੂੰ ਫੜ ਕੇ ਹਿੱਕ ਨਾਲ ਲਾ ਲੈਂਦੀ। ਮਿੱਠੀ-ਮਿੱਠੀ ਰੁੱਤ ਸੀ। ਨਾ ਸਰਦੀ, ਨਾ ਗਰਮੀ; ਪਰ ਛਾਂਵੇਂ ਬੈਠਿਆਂ ਆਨੰਦ ਆਉਂਦਾ। ਧੁੱਪ ਪਿੰਡੇ ਨੂੰ ਕੁਝ-ਕੁਝ ਚੁਭਣ ਲੱਗੀ ਸੀ।

ਭੂਆ ਨੇ ਖੇਤ ਵਿਚ ਕੋਠੀ ਵਰਗਾ ਘਰ ਪਾਇਆ ਹੋਇਆ ਸੀ। ਲੰਮੀ ਚੌੜੀ ਨੀਵੀਂ-ਨੀਵੀਂ ਚਾਰ-ਦੀਵਾਰੀ ਵਾਲਾ ਮੋਕਲਾ ਵਿਹੜਾ ਸੀ। ਚਾਰ ਦੀਵਾਰੀ ਤੋਂ ਬਾਹਰ ਇਕ ਪਾਸੇ ਟਿਊਬਵੈਲ ਸੀ ਜੀਹਦੇ ਕੋਲ ਟਰੈਕਟਰ ਖਲੋਤਾ ਹੋਇਆ ਸੀ। ਤੇ ਅੱਗੇ ਭੂਆ ਦੇ ਖੇਤ ਵਿਛੇ ਹੋਏ ਸਨ।

ਬੱਚੇ ਕੁਝ ਪਲ ਟਿਕੇ ਬੈਠੇ ਰਹੇ ਅਤੇ ਫੇਰ ਖੇਤਾਂ ਵੱਲ ਭੱਜ ਗਏ। ਭੂਆ ਦੇ ਪੋਤੇ-ਪੋਤੀਆਂ ਉਨ੍ਹਾਂ ਨੂੰ ਕਣਕ ਦੀਆਂ ਅਧ-ਪੱਕੀਆਂ ਬੱਲੀਆਂ ਮਲ-ਮਲ ਕੇ ਦੇ ਰਹੇ ਸਨ। ਫਿਰ ਉਹ ਛੋਲਿਆਂ ਦੇ ਕੁਝ ਅਧ-ਸੁੱਕੇ ਬੂਟੇ ਭਾਲ ਕੇ ਹੋਲਾਂ ਕਰਨ ਲੱਗ ਪਏ। ਉਹਦੀ ਪਤਨੀ ਨੇ ਰੇਤੇ ਵਿਚ ਲਿੱਬੜਦੇ ਬੱਚਿਆਂ ਨੂੰ ਝਿੜਕਿਆ ਤਾਂ ਉਹਨੇ ਉਹ ਵਰਜ ਦਿੱਤੀ, "ਕਰਨ ਦੇ ਮੌਜ। ਕਿੰਨੀ ਵਧੀਆ ਰੁੱਤ ਹੈ। ਚਾਰ-ਚੁਫੇਰੇ ਸੁਰਗ ਹੀ ਸੁਰਗ। ਪੜ੍ਹਾਈ ਦੀ ਚਿੰਤਾ ਭੁੱਲ ਜਾਣ ਦੇ ਦੋ ਦਿਨ।"

ਭੂਆ ਨੇ ਨੂੰਹ ਨੂੰ ਰੋਟੀ ਲਈ ਗੁੜ ਘੋਲਣ ਅਤੇ ਆਟੇ ਵਿਚ ਘਿਉ ਝੱਸਣ ਵਾਸਤੇ ਕਿਹਾ ਅਤੇ ਉਨ੍ਹਾਂ ਨੂੰ ਨ੍ਹਾਉਣ ਧੋਣ ਲਾ ਕੇ ਆਪ ਉਹ ਠੰਢੇ-ਠੰਢੇ ਕੁਝ ਦਿਨ ਪਹਿਲਾਂ ਵੱਢੀ ਗਈ ਸਰ੍ਹੋਂ ਦੇ ਕਰਚਿਆਂ ਉਤੇ ਫੁੱਟੀਆਂ ਨਿੱਕੀਆਂ ਨਿੱਕੀਆਂ ਗੰਦਲਾਂ ਦਾ ਸਾਗ ਆਥਣ ਦੀ ਰੋਟੀ ਲਈ ਤੋੜਨ ਵਿਚ ਰੁੱਝ ਗਈ।

ਮਿੱਠੀਆਂ ਰੋਟੀਆਂ ਦਾ ਉਹੋ ਭੂਆ ਵਾਲਾ ਸਵਾਦ! ਲੱਗਦਾ ਸੀ, ਉਹਨੇ ਆਪਣੀ ਕਲਾ ਨੂੰਹ ਨੂੰ ਸਿਖਾ ਦਿੱਤੀ ਸੀ। ਅਗਲੀ ਸਵੇਰ ਬੱਚੇ ਫਿਰ ਖੇਤਾਂ ਵੱਲ ਭੱਜ ਗਏ। ਉਹਦੀ ਪਤਨੀ ਉਨ੍ਹਾਂ ਦੇ ਕੱਲ੍ਹ ਦੇ ਮੈਲੇ ਕੀਤੇ ਹੋਏ ਕੱਪੜੇ ਧੋ ਰਹੀ ਸੀ। ਭਾਬੀ ਨੇ ਉਹਦੇ ਹੱਥੋਂ ਕੱਪੜੇ ਖੋਹੇ ਵੀ ਸਨ, ਪਰ ਉਹ ਉਹਨੂੰ ਨਾਸ਼ਤਾ ਬਣਾਉਣ ਲਈ ਕਹਿ ਕੇ ਆਪੇ ਕੱਪੜੇ ਧੋਣ ਲੱਗ ਪਈ ਸੀ। ਭੂਆ ਅਤੇ ਉਹ ਟਾਹਲੀ ਹੇਠ ਬੈਠੇ ਗੱਲਾਂ ਕਰ ਰਹੇ ਸਨ। ਉਹਦੀ ਪਤਨੀ ਇਕ ਦੋ ਕੱਪੜੇ ਧੋ ਨਚੋੜ ਕੇ ਵਿਹੜੇ ਵਿਚ ਬੰਨ੍ਹੀ ਰੱਸੀ ਉਤੇ ਸੁੱਕਣੇ ਪਾਉਣ ਆਉਂਦੀ ਅਤੇ ਫੇਰ ਬਾਕੀ ਕੱਪੜੇ ਧੋਣ ਜਾ ਲਗਦੀ।

ਉਹਦੀ ਪਤਨੀ ਉਹਨੂੰ ਖ਼ੁਸ਼ ਦੇਖ ਕੇ ਖ਼ੁਸ਼ ਸੀ। ਬੱਚੇ ਮਿੱਟੀ ਵਿਚ ਖੇਡ ਕੇ ਖ਼ੁਸ਼ ਹੋ ਰਹੇ ਸਨ ਅਤੇ ਕਿਲਕਾਰੀਆਂ ਮਾਰ ਰਹੇ ਸਨ। ਉਹ ਦਫ਼ਤਰ ਦੀਆਂ ਫ਼ਾਈਲਾਂ ਭੁੱਲ ਕੇ ਬੜਾ ਸੰਤੁਸ਼ਟ ਸੀ।

ਸਾਰੇ ਪਰਿਵਾਰ ਨੂੰ ਉਨ੍ਹਾਂ ਦੇ ਆਉਣ ਦਾ ਚਾਅ ਸੀ,

ਪਰ ਭੂਆ ਨੂੰ ਤਾਂ ਬਹੁਤਾ ਹੀ ਸੀ। ਉਹਨੂੰ ਤਸੱਲੀ ਸੀ ਕਿ ਉਹਦਾ ਭਤੀਜਾ ਪਹਿਲੇ ਸੁਨੇਹੇ ਉਤੇ ਹੀ ਸਭ ਕੰਮ ਛੱਡ ਕੇ ਉਹਨੂੰ ਮਿਲਣ ਆ ਗਿਆ ਸੀ। ਨਹੀਂ ਤਾਂ ਅੱਜਕੱਲ੍ਹ ਦੇ ਜ਼ਮਾਨੇ ਵਿਚ ਕਿੱਥੇ ਰਹਿ ਗਏ ਹਨ ਮੋਹ-ਪਿਆਰ। ਭੂਆ ਉਹਨੂੰ ਮੁਰੱਬਾਬੰਦੀ ਤੋਂ ਮਗਰੋਂ ਬਣੇ ਖੇਤ ਦੀਆਂ ਹੱਦਾਂ ਬਾਰੇ ਦੱਸਣ ਲੱਗੀ। ਚੜ੍ਹਦੇ ਪਾਸੇ ਜਿਸ ਰਾਹ ਉਹ ਆਏ ਸਨ, ਖੇਤ ਉਹਦੇ ਨਾਲ ਜਾ ਲਗਦਾ ਸੀ। ਦੱਖਣ ਵਾਲੇ ਪਾਸੇ ਛੁਹਾਰੇ ਬੇਰਾਂ ਵਾਲੀ ਬੇਰੀ ਹੁਣ ਹੱਦ ਉਤੇ ਆ ਗਈ ਸੀ ਜੀਹਦੇ ਬੇਰ ਛੋਟਾ ਹੁੰਦਾ ਉਹ ਬੜਾ ਸੁਆਦ ਲੈ-ਲੈ ਖਾਂਦਾ ਹੁੰਦਾ ਸੀ। ਉੱਤਰ ਵਾਲੇ ਪਾਸੇ ਭੂਆ ਦਾ ਮੁਰੱਬਾ ਕੱਸੀ ਤੱਕ ਫੈਲਿਆ ਹੋਇਆ ਸੀ। ਤੇ ਛਿਪਦੇ ਵੱਲ ਦੀ ਬਾਹੀ ਉਤੇ ਉਚੇ ਲੰਮੇ ਸਫ਼ੈਦਿਆਂ ਦੀ ਲੰਮੀ ਪਾਲ ਲੱਗੀ ਹੋਈ ਸੀ। ਮੁਰੱਬਾਬੰਦੀ ਵਿਚ ਹੋਰ ਖੇਤਾਂ ਦੇ ਬਦਲੇ ਇਸ ਖੇਤ ਨਾਲ ਜੁੜੀ ਜ਼ਮੀਨ ਕੁਝ ਨਿਤਾਣੀ ਵੀ ਸੀ ਅਤੇ ਉਚੀ ਨੀਵੀਂ ਵੀ, ਪਰ ਬਾਈ ਨੇ ਭਰਵੀਂ ਖਾਦ ਪਾ ਕੇ ਅਤੇ ਮਿਹਨਤ ਨਾਲ ਕਰਾਹੇ ਲਾ ਕੇ ਉਹ ਜ਼ਮੀਨ ਵੀ ਆਪਣੀ ਜ਼ਮੀਨ ਵਰਗੀ ਹੀ ਵਧੀਆ ਬਣਾ ਲਈ ਸੀ। ਹੁਣ ਸਾਰੀ ਜ਼ਮੀਨ ਵਿਚ ਇਕੋ ਜਿਹੀ ਭਰਪੂਰ ਫ਼ਸਲ ਜੰਮਦੀ ਅਤੇ ਭੋਇੰ ਪੱਧਰੀ ਏਨੀ ਸੀ ਕਿ ਇਕ ਸਿਰੇ ਪਾਣੀ ਦੀ ਬਾਲਟੀ ਡੋਲ੍ਹ ਦਿਓ, ਉਹ ਵਗ ਕੇ ਦੂਜੇ ਸਿਰੇ ਜਾ ਲੱਗੇ।

ਤੇ ਫੇਰ ਭੂਆ ਨੇ ਦੱਸਿਆ ਕਿ ਸਫ਼ੈਦਿਆਂ ਦੇ ਪਰਲੇ ਪਾਸੇ ਕਿਸੇ ਦੀ ਪੰਜ ਘੁਮਾਂ ਜ਼ਮੀਨ ਸੀ। ਬੜੀ ਨਰੋਈ ਧਰਤੀ, ਸੋਨਾ ਪੈਦਾ ਕਰਨ ਵਾਲੀ ਤੇ ਆਪਣੇ ਖੇਤ ਦੇ ਏਨੀ ਬਰਾਬਰ ਦੀ ਪੱਧਰੀ, ਜਿਵੇਂ ਇਹਦਾ ਹੀ ਟੋਟਾ ਹੋਵੇ। ਤੇ ਹੁਣ ਉਹ ਵਿਕ ਰਹੀ ਸੀ। ਭਾਅ ਤਾਂ ਜ਼ਮੀਨ ਦਾ ਬਹੁਤ ਚੜ੍ਹ ਚੁੱਕਿਆ ਸੀ, ਪਰ ਉਹ ਸਸਤੀ ਹੀ ਬਣ ਜਾਣੀ ਸੀ। ਮਾਲਕ ਲੋੜਵੰਦ ਹੋਣ ਕਰਕੇ ਬਣ ਤਾਂ ਹੋਰ ਵੀ ਸਸਤੀ ਜਾਂਦੀ ਪਰ ਇਕ-ਦੋ ਗਾਹਕ ਹੋਰ ਖੜ੍ਹੇ ਹੋ ਗਏ ਜਿਸ ਕਰਕੇ ਭਾਅ ਵਧ ਗਿਆ। ਫੇਰ ਵੀ ਉਹ ਨਾਲ ਲਗਦੀ ਹੋਣ ਕਰਕੇ ਮਹਿੰਗੀ ਨਹੀਂ ਸੀ। ਅੰਤ ਵਿਚ ਭੂਆ ਨੇ ਤੋੜਾ ਝਾੜਿਆ, "ਕੁਛ ਤਾਂ ਭਾਈ, ਹਾੜ੍ਹੀ ਵੇਚ ਕੇ ਪੈਸੇ ਘਰੇ ਹੀ ਹੋ ਜਾਣਗੇ, ਕੁਛ ਇਧਰੋਂ-ਉਧਰੋਂ ਹੋਰ ਪ੍ਰਬੰਧ ਹੋ ਜਾਊ। ਬਾਕੀ ਰੁਪੱਈਆ ਕਾਕਾ ਤੂੰ ਦੇਹ ਆਬਦੇ ਬਾਈ ਨੂੰ। ਆਪਾਂ ਇਹ ਭੋਇੰ ਕਿਸੇ ਹੀਲੇ ਵੀ ਛੱਡਣੀ ਨਹੀਂ, ਪੈਸੇ ਤੇਰੇ ਛੇਤੀ ਹੀ ਮੁੜ ਆਉਣਗੇ।"

ਉਹਨੇ ਇਕ ਬਿੰਦ ਅਵਾਕ ਹੋ ਕੇ ਭੂਆ ਵੱਲ ਦੇਖਿਆ ਅਤੇ ਫੇਰ ਡੱਕੇ ਨਾਲ ਮਿੱਟੀ ਖੁਰਚਦਾ ਹੋਇਆ ਉਹ ਉਖੜਿਆ-ਉਖੜਿਆ ਜਿਹਾ ਉੱਤਰ ਦੇਣ ਲੱਗ ਪਿਆ, ਜੀਹਤੋਂ ਨਾ ਉਹਦੀ ਨਾਂਹ ਸਪੱਸ਼ਟ ਹੁੰਦੀ ਸੀ ਅਤੇ ਨਾ ਉਹਦੀ ਹਾਂ ਦਾ ਹੀ ਪਤਾ ਲਗਦਾ ਸੀ। ਸਿੱਧੀ ਨਾਂਹ ਕਰਨੀ ਉਹਨੂੰ ਬਹੁਤ ਔਖੀ ਲੱਗ ਰਹੀ ਸੀ ਅਤੇ ਹਾਂ ਕਰਨ ਦੀ ਉਸ ਵਿਚ ਉੱਕਾ ਹੀ ਪੁੱਜਤ ਨਹੀਂ ਸੀ।

ਉਹਦੀ ਪਤਨੀ ਕੱਪੜੇ ਧੋਣ ਮਗਰੋਂ ਨ੍ਹਾ ਕੇ ਤੌਲੀਆ ਸੁੱਕਣਾ ਪਾ ਰਹੀ ਸੀ। ਬੱਚੇ ਚਾਂਭਲੇ ਹੋਏ ਬਾਹਰੋਂ ਭੱਜੇ-ਭੱਜੇ ਆਏ। ਉਹ ਮੱਥੇ ਉਤੇ ਤਿਊੜੀ ਪਾ ਕੇ ਬੋਲਿਆ, "ਹੇ ਖਾਂ, ਕਿਵੇਂ ਭੂਤ ਬਣੇ ਨੇ ਲਿੱਬੜ ਕੇ।" ਤੇ ਉਹਨੇ ਆਪਣੀ ਪਤਨੀ ਨੂੰ ਉਨ੍ਹਾਂ ਨੂੰ ਨਵ੍ਹਾ ਕੇ ਤਿਆਰ ਕਰਨ ਲਈ ਕਿਹਾ ਤਾਂ ਜੋ ਠੰਢੇ-ਠੰਢੇ ਤੁਰਿਆ ਜਾ ਸਕੇ। ਕੱਪੜੇ ਰੋਟੀ ਖਾਂਦਿਆਂ-ਖਾਂਦਿਆਂ ਸੁੱਕੇ ਜਾਣੇ ਸਨ। ਭੂਆ ਬੋਲੀ, "ਅੱਜ ਹੀ ਜਾਉਂਗੇ? ਨਾ ਪੁੱਤਰ, ਅੱਜ ਤਾਂ ਨਹੀਂ ਅਸੀਂ ਜਾਣ ਦਿੰਦੇ। ਨਾਲੇ ਆਥਣ ਤਾਈਂ ਜਰਨੈਲ ਸਿਉਂ ਸਹੁਰਿਆਂ ਤੋਂ ਮੁੜ ਆਊ। ਉਹਨੂੰ ਮਿਲੇ ਬਿਨਾ ਥੋੜ੍ਹੇ ਚਲੇ ਜਾਉਂਗੇ।" ਰਸੋਈ ਵਿਚ ਬੈਠੀ ਭਾਬੀ ਭੂਆ ਦੀ ਹਾਂ ਵਿਚ ਹਾਂ ਮਿਲਾ ਰਹੀ ਸੀ।

ਉਹ ਬੋਲਿਆ, "ਨੌਕਰੀ ਵਿਚ ਏਨੀ ਵਿਹਲ ਕਿੱਥੇ? ਨੌਕਰੀ ਨੂੰ ਇਸੇ ਕਰਕੇ ਤਾਂ ਨਖਿੱਧ ਕਹਿੰਦੇ ਨੇ। ਨਾ ਆਉਣ ਆਪਣੇ ਹੱਥ, ਨਾ ਮੁੜਨਾ ਆਪਣੇ ਹੱਥ।...ਫੇਰ ਕਿਤੇ ਲੰਮੀ ਛੁੱਟੀ ਆਵਾਂਗੇ।"

ਉਹਦੀ ਪਤਨੀ ਨੁਆਉਣ ਲਈ ਵੱਡੇ ਮੁੰਡੇ ਦੇ ਕੱਪੜੇ ਉਤਾਰਦਿਆਂ ਅਬੋਲ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦੀ ਰਹੀ। ਤਿਆਰ ਹੋ ਕੇ ਉਹ ਪਰੌਂਠੇ ਖਾਣ ਲੱਗੇ। ਸੁਵਖਤਾ ਹੋਣ ਕਰ ਕੇ ਭੁੱਖ ਵੀ ਨਹੀਂ ਸੀ ਅਤੇ ਆਟੇ ਵਿਚ ਵੀ ਕੁਝ ਕਿਰਕ ਜਿਹੀ ਲਗਦੀ ਸੀ। ਇਕ ਪਰੌਂਠਾ ਖਾ ਕੇ ਹੀ ਉਹਦੀ ਬੱਸ ਹੋ ਗਈ। ਕੱਪੜੇ ਟੋਹੇ। ਸੁੱਕੇ ਤਾਂ ਨਹੀਂ ਸਨ, ਪਰ ਸੁੱਕਿਆਂ ਵਰਗੇ ਹੋਏ ਪਏ ਸਨ। ਉਹ ਕਮਰੇ ਵਿਚ ਜਾ ਕੇ ਸਾਮਾਨ ਠੀਕ ਕਰਨ ਲੱਗਿਆ। ਉਹਦੀ ਪਤਨੀ ਨੇ ਰੱਸੀ ਤੋਂ ਲਾਹੇ ਕੱਪੜੇ ਪਲੰਘ ਉਤੇ ਲਿਆ ਢੇਰੀ ਕੀਤੇ।

ਉਹਨੇ ਉਹਦੀ ਆਦਤ ਜਾਣਦਿਆਂ ਇਸ ਸਮੇਂ ਕੁਝ ਵੀ ਪੁੱਛਣਾ ਬੇਲੋੜਾ ਸਮਝਿਆ ਅਤੇ ਚੁੱਪ ਹੋ ਰਹੀ। ਉਹ ਕੱਪੜੇ ਤਹਿ ਕਰਨ ਲੱਗੀ, ਜਦੋਂ ਉਹ ਤਹਿ ਕੀਤੇ ਕੱਪੜੇ ਅਟੈਚੀ ਵਿਚ ਪਾਉਣ ਲੱਗਿਆ ਤਾਂ ਪਤਨੀ ਨੇ ਹੇਠੋਂ ਬੂਟੀਆਂ ਵਾਲਾ ਸੂਟ ਕੱਢ ਲਿਆ ਜੀਹਨੂੰ ਉਹ ਭੁੱਲ ਗਿਆ ਲਗਦਾ ਸੀ।

"ਪਿਆ ਰਹਿਣ ਦੇ ਵਿਚੇ...", ਉਹ ਨੀਰਸ ਜਿਹੀ ਆਵਾਜ਼ ਵਿਚ ਬੋਲਿਆ। ਅਬੋਲ ਪਤਨੀ ਦੀਆਂ ਅੱਖਾਂ ਵਿਚ ਲਟਕਦੇ ਸਵਾਲ ਦੇ ਜਵਾਬ ਵਿਚ ਉਹਨੇ ਕਿਹਾ, "ਰੱਖ ਦੇ ਇਹਨੂੰ ਵਿਚੇ ਹੀ...ਦੇਖੀ ਜਾਊ ਫੇਰ ਕਦੇ!"

ਉਹ ਕਾਹਲੀ-ਕਾਹਲੀ ਕੱਪੜੇ ਅਟੈਚੀ ਵਿਚ ਪਾ ਰਿਹਾ ਸੀ ਅਤੇ ਨਿੱਕੀ ਬੂਟੀ ਦਾ ਸੂਟ ਉਹਦੀ ਪਤਨੀ ਦੇ ਹੱਥਾਂ ਵਿਚ ਕੰਬ ਰਿਹਾ ਸੀ। -

ਮੰਟੋ ਆਪਣੇ ਬਾਰੇ -2

ਸਆਦਤ ਹਸਨ ਮੰਟੋ

ਮੈਂ ਇਸ ਤੋਂ ਪਹਿਲਾਂ ਕਹਿ ਚੁੱਕਾ ਹਾਂ ਕਿ ਮੰਟੋ ਅੱਵਲ ਦਰਜੇ ਦਾ ਫ਼ਰੱਾਡ ਹੈ। ਇਸ ਦਾ ਹੋਰ ਸਬੂਤ ਇਹ ਹੈ ਕਿ ਉਹ ਅਕਸਰ ਕਹਿੰਦਾ ਹੁੰਦਾ ਹੈ ਕਿ ਉਹ ਕਹਾਣੀ ਨਹੀਂ ਸੋਚਦਾ ਆਪ ਕਹਾਣੀ ਉਸ ਨੂੰ ਸੋਚਦੀ ਹੈ। ਇਹ ਵੀ ਇੱਕ ਫ਼ਰੱਾਡ ਹੈ ਹਾਲਾਂਕਿ ਮੈਂ ਜਾਣਦਾ ਹਾਂ ਕਿ ਜਦੋਂ ਉਸ ਨੇ ਕਹਾਣੀ ਲਿਖਣੀ ਹੁੰਦੀ ਹੈ ਤਾਂ ਉਸਦੀ ਓਹੀ ਹਾਲਤ ਹੁੰਦੀ ਹੈ ਜਿਹੜੀ ਕਿਸੇ ਕੁੱਕੜੀ ਦੀ ਹੁੰਦੀ ਹੈ ਜਦੋਂ ਉਸ ਨੇ ਆਂਡਾ ਦੇਣਾ ਹੁੰਦਾ ਹੈ। ਪਰ ਉਹ ਇਹ ਆਂਡਾ ਲੁਕ ਕੇ ਨਹੀਂ ਦਿੰਦਾ। ਸਾਰਿਆਂ ਦੇ ਸਾਹਮਣੇ ਦੇਂਦਾ ਹੈ। ਇਸ ਦੇ ਯਾਰ ਦੋਸਤ ਬੈਠੇ ਹੋਏ ਨੇ, ਇਸ ਦੀਆਂ ਤਿੰਨ ਬੱਚੀਆਂ ਰੌਲਾ ਪਾ ਰਹੀਆਂ ਹਨ ਅਤੇ ਉਹ ਆਪਣੀ ਖ਼ਾਸ ਕੁਰਸੀ 'ਤੇ ਕੱਠਾ ਹੋਇਆ ਬੈਠਾ ਆਂਡੇ ਦਈ ਜਾਂਦਾ ਹੈ, ਜਿਹੜੇ ਬਾਅਦ ਵਿਚ ਚੂੰ ਚੂੰ ਕਰਦੇ ਕਹਾਣੀਆਂ ਬਣੀ ਜਾਂਦੇ ਹਨ। ਉਸ ਦੀ ਬੀਵੀ ਉਸ ਤੋਂ ਬਹੁਤ ਔਖੀ ਹੈ। ਉਹ ਉਸ ਨੂੰ ਅਕਸਰ ਕਹਿੰਦੀ ਰਹਿੰਦੀ ਹੈ ਕਿ ਤੂੰ ਕਹਾਣੀਕਾਰੀ ਛੱਡ ਦੇ...ਕੋਈ ਦੁਕਾਨ ਖੋਲ੍ਹ ਲਵੇ ਪਰ ਮੰਟੋ ਦੇ ਦਿਮਾਗ਼ ਵਿਚ ਜੋ ਦੁਕਾਨ ਖੁੱਲ੍ਹੀ ਹੋਈ ਹੈ ਉਸ ਵਿਚ ਮਨਿਆਰੀ ਦੇ ਸਮਾਨ ਨਾਲੋਂ ਕਿਤੇ ਵਧੇਰੇ ਸਮਾਨ ਪਿਆ ਹੈ। ਇਸ ਲਈ ਉਹ ਅਕਸਰ ਸਚਦਾ ਹੁੰਦਾ ਹੈ ਕਿ ਜੇ ਮੈਂ ਕੋਈ ਸਟੋਰ ਖੋਲ੍ਹ ਲਿਆ ਤਾਂ ਇਹ ਨਾ ਹੋਏ ਕਿ ਉਹ ਕੋਲਡ ਸਟੋਰੇਜ ਯਾਨੀ ਸਰਦਖਾਨਾ ਬਣ ਜਾਏ.....ਜਿੱਥੇ ਉਸ ਦੇ ਸਾਰੇ ਖ਼ਿਆਲ ਅਤੇ ਫ਼ਿਕਰ ਬਰਫ਼ ਵਾਂਗ ਜੰਮ ਜਾਣ।

ਮੈਂ ਇਹ ਮਜ਼ਮੂਨ ਲਿਖ ਰਿਹਾ ਹਾਂ ਅਤੇ ਮੈਨੂੰ ਡਰ ਹੈ ਕਿ ਮੰਟੋ ਮੇਰੇ ਨਾਲ ਗੁੱਸੇ ਹੋ ਜਾਏਗਾ। ਉਸ ਦੀ ਹਰ ਚੀਜ਼ ਬਰਦਾਸ਼ਤ ਕੀਤੀ ਜਾ ਸਕਦੀ ਹੈ ਪਰ ਨਰਾਜ਼ਗੀ ਬਰਦਾ-ਸ਼ਤ ਨਹੀਂ ਕੀਤੀ ਜਾ ਸਕਦੀ। ਗੁੱਸੇ ਦੀ ਹਾਲਤ ਵਿਚ ਉਹ ਬਿਲਕੁਲ ਸ਼ੈਤਾਨ ਬਣ ਜਾਂਦਾ ਹੈ ਪਰ ਸਿਰਫ਼ ਕੁਝ ਕੁ ਛਿਣਾਂ ਲਈ -ਪਰ ਉਹ ਕੁਝ ਕੁ ਛਿਣ, ਅੱਲ੍ਹਾ ਬਚਾਏ....

ਕਹਾਣੀ ਲਿਖਣ ਦੇ ਮਾਮਲੇ ਵਿਚ ਉਹ ਨਖ਼ਰੇ ਜ਼ਰੂਰ ਵਿਖਾਂਦਾ ਹੈ ਪਰ ਮੈਂ ਜਾਣਦਾ ਹਾਂ, ਇਸ ਲਈ ਕਿਓਂਕਿ ਉਸਦੇ ਨਾਲ ਜੋ ਜੰਮਿਆ ਸੀ...ਕਿ ਉਹ ਫ਼ਰੱਾਡ ਕਰ ਰਿਹਾ ਹੈ... ਉਸ ਨੇ ਇੱਕ ਵਾਰ ਆਪ ਲਿਖਿਆ ਸੀ ਕਿ ਉਸ ਦੀ ਜੇਬ ਵਿਚ ਅਣਗਿਣਤ ਕਹਾਣੀਆਂ ਲਿਖੀਆਂ ਪਈਆਂ ਹੁੰਦੀਆਂ ਹਨ। ਅਸਲੀਅਤ ਉਸਦੇ ਉਲਟ ਹੈ। ਜਦੋਂ ਉਸ ਕਹਾਣੀ ਲਿਖਣੀ ਹੋਵੇ ਤਾਂ ਉਹ ਰਾਤ ਨੂੰ ਸੋਚੇਗਾ....ਉਸ ਦੀ ਸਮਝ ਵਿਚ ਕੁਝ ਨਹੀਂ ਆਏਗਾ। ਸਵੇਰੇ ਪੰਜ ਵਜੇ ਉੱਠੇਗਾ ਅਤੇ ਅਖ਼ਬਾਰਾਂ ਵਿਚੋਂ ਕਿਸੇ ਕਹਾਣੀ ਦਾ ਰਸ ਚੂਸਣ ਦਾ ਖ਼ਿਆਲ ਹੋਏਗਾ....ਪਰ ਉਸ ਨੂੰ ਕੁਝ ਹੱਥ ਨਹੀਂ ਆਏਗਾ। ਫੇਰ ਉਹ ਗੁਸਲਖ਼ਾਨੇ ਵਿਚ ਜਾਏਗਾ। ਓਥੇ ਉਹ ਆਪਣੇ ਖੋਰੂ ਪਾਉਂਦੇ ਸਿਰ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਜੋ ਉਹ ਸੋਚਣ ਦੇ ਕਾਬਿਲ ਹੋ ਸਕੇ ਪਰ ਸਭ ਬੇਫ਼ਾਇਦਾ ਰਹੇਗਾ। ਫੇਰ ਛਿੱਥਾ ਪੈ ਕੇ ਆਪਣੀ ਬੀਵੀ ਨਾਲ ਖ਼ਾਹਮਖ਼ਾਹ ਦਾ ਝਗੜਾ ਸ਼ੁਰੂ ਕਰ ਦੇਵੇਗਾ। ਇੱਥੇ ਵੀ ਕੋਈ ਫ਼ਾਇਦਾ ਨਾ ਹੋਇਆ ਦੇਖ ਬਾਹਰ ਪਾਨ ਲੈਣ ਚਲਾ ਜਾਏਗਾ। ਪਾਨ ਉਸ ਦੀ ਮੇਜ਼ 'ਤੇ ਪਿਆ ਰਹੇਗਾ ਪਰ ਕਹਾਣੀ ਦਾ ਵਿਸ਼ਾ ਉਸ ਦੀ ਸਮਝ ਵਿਚ ਫੇਰ ਵੀ ਨਹੀਂ ਆਏਗਾ। ਅਖੀਰ ਉਹ ਬਦਲਾ ਲੈਣ ਵਾਂਗ ਕਲਮ ਜਾਂ ਪੈਨਸਿਲ ਹੱਥ ਵਿਚ ਲਏਗਾ ਅਤੇ 786 ਲਿਖ ਕੇ ਜਿਹੜਾ ਪਹਿਲਾ ਵਾਕ ਉਸ ਦੇ ਦਿਮਾਗ਼ ਵਿਚ ਆਏਗਾ, ਉਸ ਨਾਲ ਕਹਾਣੀ ਸ਼ੁਰੂ ਕਰ ਦੇਵੇਗਾ।

ਬਾਬੂ ਗੋਪੀ ਨਾਥ, ਟੋਬਾ ਟੇਕ ਸਿੰਘ, ਹੱਤਕ, ਮੱਮੀ, ਮੋਜ਼ੇਲ, ਇਹ ਸਾਰੀਆਂ ਕਹਾਣੀਆਂ ਉਸ ਫ਼ਰੱਾਡ ਨੇ ਇਸੇ ਤਰ੍ਹਾਂ ਲਿਖੀਆਂ ਹਨ।

ਇਹ ਅਜੀਬ ਗੱਲ ਹੈ ਕਿ ਲੋਕ ਉਸਨੂੰ ਬੜਾ ਗ਼ੈਰ ਮਜ਼ਹਬੀ ਅਤੇ ਅਸ਼ਲੀਲ ਇਨਸਾਨ ਸਮਝਦੇ ਹਨ ਤੇ ਮੇਰਾ ਵੀ ਖ਼ਿਆਲ ਹੈ ਕਿ ਉਹ ਕਿਸੇ ਹੱਦ ਤੱਕ ਉਸ ਦਰਜੇ ਵਿਚ ਆਉਂਦਾ ਹੈ। ਇਸ ਲਈ ਕਿਓਂਕਿ ਅਕਸਰ ਮੌਕਿਆਂ 'ਤੇ ਉਹ ਬੜੇ ਡੂੰਘੇ ਵਿਸ਼ਿਆਂ 'ਤੇ ਕਲਮ ਚੁੱਕਦਾ ਹੈ ਅਤੇ ਅਜਿਹੇ ਲਫ਼ਜ਼ ਆਪਣੀ ਲਿਖਤ ਵਿਚ ਵਰਤਦਾ ਹੈ ਜਿਨ੍ਹਾਂ ਉੱਤੇ ਇਤਰਾਜ਼ ਦੀ ਗੁੰਜਾਇਸ਼ ਵੀ ਹੋ ਸਕਦੀ ਹੈ ਪਰ ਮੈਂ ਜਾਣਦਾ ਹਾਂ ਕਿ ਜਦੋਂ ਵੀ ਉਸ ਨੇ ਕੁਝ ਲਿਖਿਆ, ਪਹਿਲੇ ਸਫ਼ੇ ਦੇ ਮੱਥੇ 'ਤੇ 786 ਜ਼ਰੂਰ ਲਿਖਿਆ ਜਿਸਦਾ ਮਤਲਬ ਹੈ ਬਿਸਮਿੱਲਾਹ...ਅਤੇ ਇਹ ਸ਼ਖ਼ਸ ਜੋ ਅਕਸਰ ਖ਼ੁਦਾ ਤੋਂ ਮੁਨਕਰ ਨਜ਼ਰ ਆਉਂਦਾ ਹੈ

ਕਾਗ਼ਜ਼ 'ਤੇ ਮੋਮਿਨ ਬਣ ਜਾਂਦਾ ਹੈ। ਇਹ ਉਹ ਕਾਗ਼ਜ਼ੀ ਮੰਟੋ ਹੈ, ਜਿਸ ਨੂੰ ਤੁਸੀਂ ਕਾਗ਼ਜ਼ੀ ਬਦਾਮਾਂ ਵਾਂਗ ਸਿਰਫ਼ ਉਂਗਲਾਂ ਵਿਚ ਹੀ ਭੰਨ ਸਕਦੇ ਹੋ, ਨਹੀਂ ਤਾਂ ਉਹ ਲੋਹੇ ਦੇ ਹਥੌੜੇ ਨਾਲ ਵੀ ਟੁੱਟਣ ਵਾਲਾ ਆਦਮੀ ਨਹੀਂ।

ਹੁਣ ਮੈਂ ਮੰਟੋ ਦੀ ਸ਼ਖ਼ਸੀਅਤ ਵੱਲ ਆਉਂਦਾ ਹਾਂ। ਜੋ ਕੁਝ ਥੋੜ੍ਹੇ ਜਿਹੇ ਲੇਬਲ ਹਨ ਬਿਆਨ ਕਰ ਦੇਂਦਾ ਹਾਂ। ਉਹ ਚੋਰ ਹੈ। ਝੂਠਾ ਹੈ। ਦਗ਼ਾਬਾਜ਼ ਹੈ ਅਤੇ ਮਜਮਾਗੀਰ ਹੈ।

ਉਸ ਨੇ ਅਕਸਰ ਆਪਣੀ ਬੀਵੀ ਦੀ ਲਾਪਰਵਾਹੀ ਦਾ ਫ਼ਾਇਦਾ ਚੁੱਕਦੇ ਹੋਏ ਕਈ ਕਈ ਸੌ ਰੁਪਏ ਉੜਾਏ ਹਨ। ਓਧਰ ਅੱਠ ਸੌ ਲਿਆਅ ਕੇ ਦਿੱਤੇ ਅਤੇ ਚੋਰ ਅੱਖ ਨਾਲ ਦੇਖਦਾ ਰਿਹਾ ਕਿ ਉਸ ਨੇ ਕਿੱਥੇ ਰੱਖੇ ਹਨ ਅਤੇ ਦੂਸਰੇ ਦਿਨ ਉਸ ਵਿਚੋਂ ਇੱਕ ਹਰਾ ਹਰਾ ਗ਼ਾਇਬ ਕਰ ਦਿੱਤਾ ਅਤੇ ਉਸ ਵਿਚਾਰੀ ਨੂੰ ਜਦੋਂ ਆਪਣੇ ਇਸ ਨੁਕਸਾਨ ਦੀ ਖ਼ਬਰ ਹੋਈ ਤਾਂ ਉਸ ਨੇ ਨੌਕਰਾਂ ਨੂੰ ਡਾਂਟਣਾ ਡਪਟਣਾ ਸ਼ੁਰੂ ਕਰ ਦਿੱਤਾ....

ਇਓਂ ਤਾਂ ਮੰਟੋ ਦੇ ਬਾਰੇ ਮਸ਼ਹੂਰ ਹੈ ਕਿ ਉਹ ਸੱਚੀ ਗੱਲ ਕਰਨ ਵਾਲਾ ਹੈ ਪਰ ਮੈਂ ਇਸ ਨਾਲ ਸਹਿਮਤ ਹੋਣ ਨੂੰ ਤਿਆਰ ਨਹੀਂ। ਉਹ ਅੱਵਲ ਦਰਜੇ ਦਾ ਝੂਠਾ ਹੈ....ਸ਼ੁਰੂ ਸ਼ੁਰੂ ਵਿਚ ਉਸ ਦਾ ਝੂਠ ਉਸ ਦੇ ਘਰ ਚੱਲ ਜਾਂਦਾ ਸੀ, ਏਸ ਲਈ ਕਿ ਉਸ ਵਿਚ ਮੰਟੋ ਦਾ ਇੱਕ ਖ਼ਾਸ ਟੱਚ ਹੁੰਦਾ ਸੀ ਪਰ ਫੇਰ ਉਸ ਦੀ ਬੀਵੀ ਨੂੰ ਪਤਾ ਲੱਗ ਗਿਆ ਕਿ ਹੁਣ ਤੱਕ ਮੈਨੂੰ ਖ਼ਾਸ ਮਾਮਲੇ ਦੇ ਮੁਤਾਬਕ ਜੋ ਕੁਝ ਕਿਹਾ ਜਾਂਦਾ ਸੀ, ਝੂਠ ਸੀ।

ਮੰਟੋ ਝੂਠ ਹਾਲਾਤ ਮੁਤਾਬਕ ਝੂਠ ਬੋਲਦਾ ਹੈ ਪਰ ਉਸ ਦੇ ਘਰ ਵਾਲੇ, ਮੁਸੀਬਤ ਹੈ ਕਿ ਹੁਣ ਇਹ ਸਮਝਣ ਲੱਗੇ ਹਨ ਕਿ ਉਸ ਦੀ ਹਰ ਗੱਲ ਝੂਠੀ ਹੈ...ਓਸ ਤਿਲ ਵਾਂਗ ਜੋ ਕਿਸੇ ਔਰਤ ਨੇ ਆਪਣੀ ਗੱਲ੍ਹ 'ਤੇ ਸੁਰਮੇ ਨਾਲ ਬਣਾਇਆ ਹੋਇਆ ਹੋਏ।

ਉਹ ਅਨਪੜ੍ਹ ਹੈ। ਉਹ ਇਸ ਤਰ੍ਹਾਂ ਕਿ ਉਸ ਨੇ ਕਦੇ ਮੱਾਰਕਸ ਨਹੀਂ ਪੜ੍ਹਿਆ। ਫ਼ਰਾਇਡ ਦੀ ਕੋਈ ਕਿਤਾਬ ਅੱਜ ਤੱਕ ਉਸਦੀ ਨਜ਼ਰ ਵਿਚੋਂ ਨਹੀਂ ਨਿਕਲੀ। ਹੇਗਲ ਨੂੰ ਉਹ ਸਿਰਫ਼ ਨਾਂ ਤੋਂ ਹੀ ਜਾਣਦਾ ਹੈ। ਹੀਵਲਕ ਐਲਿਸ ਨੂੰ ਉਹ ਸਿਰਫ਼ ਨਾਂ ਤੋਂ ਜਾਣਦਾ ਹੈ ਪਰ ਮਜ਼ੇਦਾਰ ਗੱਲ ਇਹ ਹੈ ਕਿ ਲੋਕ...ਮੇਰਾ ਮਤਲਬ ਹੈ ਸਾਹਿਤ ਦੇ ਪੜਚੋਲੀਏ, ਇਹ ਕਹਿੰਦੇ ਹਨ ਕਿ ਉਸ 'ਤੇ ਇਨ੍ਹਾਂ ਸਾਰੇ ਸੋਚਵਾਨਾਂ ਦਾ ਅਸਰ ਹੈ। ਜਿੱਥੋਂ ਤੱਕ ਮੈਂ ਜਾਣਦਾ ਹਾਂ, ਮੰਟੋ 'ਤੇ ਕਿਸੇ ਦੂਜੇ ਸ਼ਖ਼ਸ ਦੇ ਖ਼ਿਆਲ ਦਾ ਅਸਰ ਹੁੰਦਾ ਹੀ ਨਹੀਂ।

ਇਓਂ ਤਾਂ ਮੰਟੋ ਦੇ ਬਾਰੇ ਮਸ਼ਹੂਰ ਹੈ ਕਿ ਉਹ ਸੱਚੀ ਗੱਲ ਕਰਨ ਵਾਲਾ ਹੈ ਪਰ ਮੈਂ ਇਸ ਨਾਲ ਸਹਿਮਤ ਹੋਣ ਨੂੰ ਤਿਆਰ ਨਹੀਂ। ਉਹ ਅੱਵਲ ਦਰਜੇ ਦਾ ਝੂਠਾ ਹੈ....ਸ਼ੁਰੂ ਸ਼ੁਰੂ ਵਿਚ ਉਸ ਦਾ ਝੂਠ ਉਸ ਦੇ ਘਰ ਚੱਲ ਜਾਂਦਾ ਸੀ, ਏਸ ਲਈ ਕਿ ਉਸ ਵਿਚ ਮੰਟੋ ਦਾ ਇੱਕ ਖ਼ਾਸ ਟੱਚ ਹੁੰਦਾ ਸੀ ਪਰ ਫੇਰ ਉਸ ਦੀ ਬੀਵੀ ਨੂੰ ਪਤਾ ਲੱਗ ਗਿਆ ਕਿ ਹੁਣ ਤੱਕ ਮੈਨੂੰ ਖ਼ਾਸ ਮਾਮਲੇ ਦੇ ਮੁਤਾਬਕ ਜੋ ਕੁਝ ਕਿਹਾ ਜਾਂਦਾ ਸੀ, ਝੂਠ ਸੀ।

ਉਹ ਸਮਝਦਾ ਹੈ ਕਿ ਸਮਝਾਉਣ ਵਾਲੇ ਸਾਰੇ ਮਹਾਂਮੂਰਖ ਹਨ। ਦੁਨੀਆ ਨੂੰ ਸਮਝਾਉਣਾ ਨਹੀਂ ਚਾਹੀਦਾ, ਆਪਣੇ ਆਪ ਨੂੰ ਸਮਝਣਾ ਚਾਹੀਦਾ ਹੈ।

ਆਪਣੇ ਆਪ ਨੂੰ ਸਮਝ ਸਮਝ ਕੇ ਉਹ ਇੱਕ ਅਜਿਹੀ ਸਮਝ ਬਣ ਗਿਆ ਹੈ ਜੋ ਅਕਲ ਅਤੇ ਸਮਝ ਤੋਂ ਉੱਤੋਂ ਦੀ ਕੋਈ ਚੀਜ਼ ਹੈ। ਕਦੇ ਕਦੇ ਅਜਿਹੀਆਂ ਊਟ-ਪਟਾਂਗ ਗੱਲਾਂ ਕਰਦਾ ਹੈ ਕਿ ਮੈਨੂੰ ਹਾਸਾ ਆ ਜਾਂਦਾ ਹੈ। ਮੈਂ ਤੁਹਾਨੂੰ ਪੂਰੀ ਦਿਆਨਤਦਾਰੀ ਨਾਲ ਦੱਸ ਸਕਦਾ ਹਾਂ ਕਿ ਮੰਟੋ, ਜਿਸ 'ਤੇ ਅਸ਼ਲੀਲਤਾ ਦੇ ਸਿਲਸਿਲੇ ਵਿਚ ਕਈ ਮੁਕੱਦਮੇ ਚੱਲ ਚੁੱਕੇ ਹਨ, ਬਹੁਤ ਸੁੱਚਮਤਾਈ-ਸਫ਼ਾਈਪਸੰਦ ਹੈ, ਪਰ ਮੈਂ ਇਹ ਵੀ ਆਖੇ ਬਿਨਾ ਨਹੀਂ ਰਹਿ ਸਕਦਾ ਕਿ ਉਹ ਇੱਕ ਅਜਿਹਾ ਪਾਇਦਾਨ ਹੈ ਜੋ ਆਪਣੇ ਆਪ ਨੂੰ ਝਾੜਦਾ ਝੰਬਦਾ ਰਹਿੰਦਾ ਹੈ।

-ਰਸਾਲਾ ਨੁੱਕੂਸ਼, ਲਹੌਰ; ਅੰਕ 45/46,
ਸਤੰਬਰ, ਅਕਤੂਬਰ 1954

ਮੈਨੂੰ ਛੁੱਟੀ ਚਾਹੀਦੀ ਹੈ

ਸਪਨਾ ਚਾਮੜੀਆ

ਬੇਸ਼ਰਮ ਅੱਖਾਂ

ਕੀ ਕਦੇ ਸ਼ਬਦਾਂ ਦੇ ਏਕਾਧਿਕਾਰ (ਮਨੌਪਲੀ) ਬਾਰੇ ਵੀ ਗੱਲ ਹੋਵੇਗੀ ਜਾਂ ਫਿਰ 'ਮੌਕਿਆਂ ਦੀ ਸਮਾਨਤਾ' ਇੱਕ ਸੁਣਿਆ-ਸੁਣਾਇਆ ਮੁਹਾਵਰਾ ਬਣ ਕੇ ਰਹਿ ਜਾਏਗਾ? ਦਰਅਸਲ ਇਹ ਸਾਰੀ ਖੇਡ ਮਾਨਸਿਕ ਬਣਤਰ ਦੀ ਹੈ। ਲਗਾਤਾਰ ਦਬਾਅ ਨੇ ਮੇਰੇ ਮਨ, ਆਤਮਾ ਤੇ ਦਿਮਾਗ਼ ਦੇ ਤਾਰ ਇਸ ਤਰ੍ਹਾਂ ਉਲਝਾਅ ਦਿੱਤੇ ਹਨ ਕਿ ਮੈਨੂੰ ਸਮਝ ਹੀ ਨਹੀਂ ਆਉਂਦੀ ਕਿ ਕਿਹੜਾ ਵਿਸ਼ਾ ਆਤਮਾ ਨਾਲ ਸੰਬੰਧਤ ਹੈ ਤੇ ਕਿਹੜਾ ਦਿਮਾਗ਼ ਨਾਲ। ਜਿਵੇਂ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਕਦੋਂ ਪਿਆਰ ਪਿਆਰ ਵਿਚ ਮੈਨੂੰ ਵਰਤ ਲਿਆ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਕੋਈ ਆਫ਼ਿਸ ਵਿਚ ਮੇਰੀ ਪ੍ਰਸੰਸਾ ਕਰਦਾ ਹੈ ਤਾਂ ਮੈਂ ਸਮਝ ਨਹੀਂ ਪਾਉਂਦੀ ਕਿ ਇਹ ਮੇਰੀ ਯੋਗਤਾ ਨੂੰ ਅੰਡਰਲਾਈਨ (ਉਘਾੜਿਆ) ਕੀਤਾ ਜਾ ਰਿਹਾ ਹੈ ਜਾਂ ਮੇਰੇ ਔਰਤਪੁਣੇ ਨੂੰ ਪਲੋਸਿਆ ਜਾ ਰਿਹਾ ਹੈ ਤੇ ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਦੇ ਜੁਆਬ ਵਿਚ ਮੈਂ ਕੀ ਕਰਾਂ? ਕੀ ਮੁਸਕਰਾਅ ਦੇਵਾਂ? ਉਹ ਬਾਕੀ ਸਹਿਕਰਮੀਆਂ ਵਿਚ ਇਸ ਮੁਸਕਾਨ ਦੀ ਕਿਹੋ ਜਿਹੀ ਵਿਆਖਿਆ ਕਰੇਗਾ?

ਅਜੇ ਪਰਸੋਂ ਹੀ ਮੈਂ ਆਰ ਟੀ ਵੀ ਤੋਂ ਘਰ ਪਰਤ ਰਹੀ ਸੀ। ਸਾਰੇ ਯਾਤਰੀ ਗਰਮੀ, ਹੁੰਮਸ ਅਤੇ ਥਕਾਨ ਨਾਲ ਬੇਹੋਸ਼ ਹੋ ਰਹੇ ਸਨ। ਮੇਰੇ ਨਾਲ ਇੱਕ ਔਰਤ ਬੈਠੀ ਸੀ ਪਰ ਮੈਨੂੰ ਪਤਾ ਹੀ ਨਾ ਲੱਗਾ ਕਿ ਉਹ ਕਦੋਂ ਕਿਸ ਅੱਡੇ ਉੱਤੇ ਉੱਤਰ ਗਈ। ਉਸਦੀ ਥਾਂ ਇੱਕ ਆਦਮੀ ਆ ਬੈਠਾ। ਇਹ ਗੱਲ ਮੈਨੂੰ ਕੁਝ ਚਿਰ ਬਾਅਦ ਪਤਾ ਲੱਗੀ ਅਤੇ ਮੈਂ ਜਿਵੇਂ ਪਹਿਲਾਂ ਆਰਾਮ ਨਾਲ ਔਰਤ ਨਾਲ ਲੱਗ ਕੇ ਬੈਠੀ ਸੀ ਉਵੇਂ ਹੀ ਬੈਠੀ ਰਹੀ ਸੀ। ਜਦੋਂ ਮੈਨੂੰ ਪਤਾ ਲੱਗਾ ਤਾਂ ਮੈਂ ਇੱਕਦਮ ਸੁੰਗੜ ਗਈ ਅਤੇ ਬੜਾ ਚਿਰ ਪਰੇਸ਼ਾਨ ਰਹੀ। ਮੇਰਾ ਮਨ ਉਸ ਆਦਮੀ ਦੀ ਸੋਚ ਨੂੰ ਪੜ੍ਹਨ ਅਤੇ ਸਮਝਣ ਵਿਚ ਦੁਖੀ ਹੁੰਦਾ ਰਿਹਾ। ਉਹ ਏਨਾ ਸਮਾਂ ਮੇਰੇ ਬਾਰੇ ਕੀ ਸੋਚਦਾ ਰਿਹਾ ਹੋਊ ਅਤੇ ਇਹ ਸੋਚਣਾ ਬਿਨਾ ਕਾਰਨ ਤਾਂ ਨਹੀਂ ਸੀ। ਮੈਂ ਕਾਫ਼ੀ ਬੁੱਧੀਮਾਨ ਲੋਕਾਂ ਵਿਚ ਕੰਮ ਕਰਦੀ ਹਾਂ ਪਰ ਉਨ੍ਹਾਂ ਨੂੰ ਅਕਸਰ ਭੱਦੀਆਂ ਟਿੱਪਣੀਆਂ ਕਰਦੇ ਸੁਣਿਆ ਹੈ। ਉਹਨਾਂ ਦੀਆਂ ਅੱਖਾਂ ਦੀ ਤਾਂ ਗੱਲ ਹੀ ਛੱਡੋ। ਮੈਨੂੰ ਲੱਗਦਾ ਹੈ, ਲੱਗਦਾ ਹੀ ਨਹੀਂ ਬਲਕਿ ਮੇਰਾ ਦਾਅਵਾ ਹੈ ਕਿ ਮਰਦ ਦੀਆਂ ਅੱਖਾਂ ਦੁਨੀਆ ਦੀ ਸਭ ਤੋਂ ਬੇਸ਼ਰਮ ਸ਼ੈਅ ਹੈ। ਮੈਨੂੰ ਲੱਗਦਾ ਹੈ ਕਿ ਜਿਸ ਨੇ ਐਕਸ ਰੇ ਮਸ਼ੀਨ ਤਿਆਰ ਕੀਤੀ ਉਸ ਨੇ ਵੀ ਮਰਦਾਂ ਦੀਆਂ ਅੱਖਾਂ ਤੋਂ ਹੀ ਪ੍ਰੇਰਣਾ ਲਈ ਹੋਵੇਗੀ। ਇਹਨਾਂ ਅੱਖਾਂ ਨੇ ਹੀ ਔਰਤਾਂ ਦੀ ਆਤਮਾ ਨੂੰ ਜ਼ਖ਼ਮੀ ਕਰਨ ਵਾਲੇ ਮਸਲੇ ਅਤੇ ਮੁੱਦੇ ਲੱਭ ਕੇ ਇਹੋ ਜਿਹੇ ਨੇਮ ਬਣਾਏ ਹੋਣਗੇ ਕਿ ਸਦੀਆਂ ਤੱਕ ਅਸੀਂ ਜਿਊਂਦੀਆਂ ਅਤੇ ਮਰਦੀਆਂ ਰਹੀਏ। ਇਸੇ ਤਰ੍ਹਾਂ ਮਰ ਮਰ ਕੇ ਜਿਊਣ ਦੀ ਕੋਸ਼ਿਸ਼ ਕਰਦੀਆਂ ਦੋ ਔਰਤਾਂ ਨੂੰ ਮੈਂ ਬਹੁਤ ਨੇੜਿਓਂ ਦੇਖਿਆ ਹੈ- ਇੱਕ ਮੇਰੀ ਨਾਨੀ, ਅਤੇ ਦੂਜੀ, ਦਾਦੀ।

ਡੈਣ ਵਿਚ ਬਦਲਦੀ ਮੇਰੀ ਨਾਨੀ

ਭਗਤਨੀ ਨਾਨੀ ਅਸਲ ਵਿਚ ਮੇਰੀ ਮਾਂ ਦੀ ਨਾਨੀ ਸੀ ਪਰ ਅਸੀਂ ਸਾਰੇ ਵੀ ਉਸਨੂੰ ਨਾਨੀ ਹੀ ਆਖਦੇ ਸੀ। ਇਸ ਕਹਾਣੀ ਨੂੰ ਦੁਨੀਆ ਦੀਆਂ ਨਜ਼ਰਾਂ ਨਾਲ ਦੇਖਿਆ ਅਤੇ ਲਿਖਿਆ ਜਾਵੇ ਤਾਂ ਇਹ ਹੋਰ ਹੀ ਬਣੇਗੀ, ਪਰ ਮੈਂ ਜੋ ਆਖਣਾ ਚਾਹੁੰਦੀ ਹਾਂ ਉਹ ਇੱਕ ਨੌਂ ਸਾਲ ਦੀ ਬੱਚੀ ਦੀਆਂ ਨਿਰਛਲ ਨਜ਼ਰਾਂ ਦੀ ਕਹਾਣੀ ਹੋਵੇਗੀ, ਜੋ ਲੱਖ ਰੋਕਣ 'ਤੇ ਵੀ ਲੁਕ ਲੁਕ ਕੇ ਉਨ੍ਹਾਂ ਦੇ ਘਰ ਜਾਂਦੀ ਸੀ। ਪਰ ਗੱਲ ਅੱਗੇ ਤੋਰਨ ਤੋਂ ਪਹਿਲਾਂ ਮੈਨੂੰ ਉਸ ਮੁੰਡੇ ਬਾਰੇ ਦੱਸਣਾ ਪਵੇਗਾ- ਜਿਸ ਨੇ ਬਹੁਤ ਖੁੱਲ੍ਹ-ਦਿਲੀ ਨਾਲ ਮੇਰਾ ਰਾਹ-ਦਿਸੇਰਾ ਬਣਨਾ ਸਵਿਕਾਰਿਆ, ਜਿਸਦੇ ਬਿਨਾ ਮੇਰੇ ਲਈ ਪਿੰਡ ਅਤੇ ਘਰਾਂ ਦੀਆਂ ਗਲੀਆਂ ਘੁੰਮਣਾ ਅਸੰਭਵ ਹੁੰਦਾ। ਅੱਜ ਕੱਲ੍ਹ ਦੀ ਭਾਸ਼ਾ ਵਿਚ ਆਖੀਏ ਤਾਂ ਉਹ ਮੇਰਾ ਪਹਿਲਾ ਮਰਦ ਦੋਸਤ ਸੀ।, ਦਰਅਸਲ ਉਹ ਸਾਡੀ ਮਾਸੀ ਇੰਦਰਾ ਦਾ ਮੁੰਡਾ ਦੀ। ਅਸਲ ਵਿਚ ਮੁਨਮੁਨ ਮੇਰਾ ਮਾਮਾ ਲੱਗਦਾ ਸੀ ਪਰ ਕਿਓਂਕਿ ਅਸੀਂ ਇੱਕੋ ਉਮਰ ਦੇ ਸਾਂ ਇਸ ਲਈ ਮੈਂ ਉਸ ਨੂੰ ਮਾਮਾ ਆਖਣ ਦੇ ਬੰਧਨ ਤੋਂ ਆਜ਼ਾਦ ਸਾਂ। ਉਸ ਦੇ ਕਾਰਨ ਹੀ ਮੈਂ ਉਹ ਸਾਰੀਆਂ ਥਾਵਾਂ ਘੁੰਮੀਆਂ ਜਿੱਥੇ ਜਾਣਾ ਜਾਂ ਖੜ੍ਹੇ ਹੋਣਾ ਕੁੜੀਆਂ ਲਈ ਤਾਂ ਕੀ ਘਰ ਦੇ ਮੁੰਡਿਆਂ ਲਈ ਵੀ ਵਰਜਿਤ ਸੀ। ਸੋਚਦੀ ਹਾਂ ਕਿ ਜੇ ਮੁਨਮੁਨ ਮੇਰੀ ਜ਼ਿੰਦਗੀ ਵਿਚ ਨਾ ਹੁੰਦਾ ਤਾਂ ਮੇਰਾ ਦੇਖਣ ਦਾ ਘੇਰਾ ਏਨਾ ਵਿਸ਼ਾਲ ਨਾ ਹੁੰਦਾ ਅਤੇ ਘੱਟ ਦੇਖਣ ਕਾਰਨ ਸੋਚਣ ਦਾ ਦਾਇਰਾ ਵੀ ਛੋਟਾ ਰਹਿ ਜਾਂਦਾ। ਅਜੇ ਪਰਸੋਂ ਦੀ ਹੀ ਗੱਲ ਹੈ, ਮੇਰੀ ਇੱਕ ਅਜਿਹੇ ਵਿਦਿਆਰਥੀ ਨਾਲ ਗੱਲ ਹੋਈ ਜੋ ਭਾਗਲਪੁਰ ਦੰਗਿਆਂ 'ਤੇ ਕੰਮ ਕਰ ਰਿਹਾ ਸੀ। ਉਸ ਦੱਸਿਆ ਕਿ ਕਿਵੇਂ ਉਸ ਟ੍ਰੈਕਟਰਾਂ, ਮੋਟਰਸਾਈਕਲਾਂ 'ਤੇ ਪਿੰਡ ਪਿੰਡ ਘੁੰਮ ਕੇ, ਝੌਂਪੜੀਆਂ ਵਿਚ ਸੌਂ ਕੇ, ਕਿਤੇ ਵੀ ਕੁਝ ਖਾ ਕੇ ਤੱਥ ਇਕੱਠੇ ਕੀਤੇ। ਅਲੱਗ ਅਲੱਗ ਚੀਜ਼ਾਂ ਇਕੱਠੀਆਂ ਕਰਨ ਦੇ ਕਾਰਜ ਨੂੰ ਕਰਨਾ ਕਿੰਨਾ ਪਿਆਰਾ, ਕਿੰਨਾ ਤਕਲੀਫ਼ ਦੇਹ ਅਤੇ ਕਿੰਨਾ ਰੱਜਵਾਂ-ਰਜਾਉਣ ਵਾਲਾ ਹੁੰਦਾ ਹੈ। ਪਰ ਅੱਧੀ ਅਬਾਦੀ ਨੂੰ ਜਾਣ ਬੁੱਝ ਕੇ ਇਸ ਸ਼ਾਨਦਾਰ ਸਿਲਸਿਲੇ ਤੋਂ ਵਾਂਝਾ ਰੱਖਿਆ ਗਿਆ ਹੈ। ਮਰਦਾਂ ਦੇ ਜੀਵਨ ਵਿਚ ਅਨੁਭਵ-ਤਜਰਬੇ ਦੀ ਗੌਰਵਸ਼ਾਲੀ ਪਰੰਪਰਾ ਲਈ ਕਿੰਨੇ ਸ਼ਬਦ ਹਨ- ਪੜ੍ਹਾਕੂ, ਰਿਸ਼ੀ, ਘੁਮੱਕੜ, ਫੱਕਰ, ਅਣਘੜ, ਆਦਿ, ਅਤੇ ਮੇਰੀ ਸਮਝ ਵਿਚ ਇਹ ਸਾਰੇ ਸ਼ਬਦ ਇਸੇ ਆਜ਼ਾਦ ਕਰਨ ਵਾਲੇ ਸਿਲਸਿਲੇ ਵਿਚੋਂ ਪੈਦਾ ਹੋਏ ਹਨ। ਇਨ੍ਹਾਂ ਨੂੰ ਪੈਦਾ ਕਰਨ ਵਾਲੇ ਵੀ ਮਰਦ ਹਨ ਅਤੇ ਇਨ੍ਹਾਂ ਨੂੰ ਭੋਗਣ ਵਾਲੇ ਵੀ।

ਮੈਂ ਲਿਖਦਿਆਂ ਲਿਖਦਿਆਂ ਅਕਸਰ ਭਟਕ ਜਾਂਦੀ ਹਾਂ। ਕਿਸੇ ਦੀ ਭੁੱਖ, ਕਿਸੇ ਦੀ ਪਿਆਸ, ਕਿਸੇ ਦੀਆਂ ਇੱਛਾਵਾਂ ਚੌਵੀ ਘੰਟੇ ਮੇਰੇ ਦਿਮਾਗ਼ ਉੱਤੇ ਸਵਾਰ

ਰਹਿੰਦੀਆਂ ਹਨ। ਮੇਰਾ ਸਾਰਾ ਵਕਤ, ਸਾਰੀ ਜ਼ਿੰਦਗੀ ਅਲੱਗ ਅਲੱਗ ਕੰਮਾਂ ਨਾਲ ਜੁੜੀ ਹੋਈ ਹੈ। ਸਵੇਰੇ ਉੱਠਣ ਸਾਰ ਫ਼ਰਿੱਜ ਵਿਚੋਂ ਕੀ ਕੱਢਣਾ ਹੈ ਤੋਂ ਸੌਂਦਿਆਂ ਸੌਂਦਿਆਂ ਦਹੀਂ ਜਮਾਵਣ ਤੱਕ ਜਿਵੇਂ ਕੰਮਾਂ ਦੀ ਲੰਮੀ ਲਿਸਟ ਭਟਕਾਉਂਦੀ ਰਹਿੰਦੀ ਹੈ। ਕਦੇ ਕਦੇ ਸੋਚਦੀ ਹਾਂ ਮੈਂ ਭਟਕਦੀ ਕਾਹਦੇ ਤੋਂ ਹਾਂ? ਟੀਚਾ ਕੀ ਹੈ? ਮੈਂ ਕੀ ਬਣਨਾ ਸੀ– ਸੰਤ, ਕਵੀ, ਲੇਖਕ, ਰਾਜਨੀਤਕ ਪਾਰਟੀ ਦੀ ਕੁਲਵਕਤੀ ਕਾਰਕੁਨ ਜਾਂ ਕੁਝ ਵੀ ਨਹੀਂ ਬਸ ਵਿਧੋ–ਤਮਾਂ (ਮਾਫ਼ ਕਰੀਂ ਕਾਲੀਦਾਸ!)– ਮਹਾਕਵੀ ਕਾਲੀਦਾਸ ਦੀ ਕਵਿਤਾ ਦੀ ਪਿੱਠਭੂਮੀ ਦੀ ਪ੍ਰੇਰਣਾ; ਅਤੇ ਬੱਸ ਇਤਿਹਾਸ ਵਿਚ ਦੱਬੀ ਜਾਣਾ ਸੀ।

ਪਰ ਮੇਰੀ ਭਗਤਨੀ ਨਾਨੀ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਨਹੀਂ ਗਰਕਣ ਦਿੱਤਾ। ਉਸ ਨੇ ਆਪਣੀ ਸਮਝ ਅਤੇ ਢੰਗ ਨਾਲ ਜੋ ਚਾਹਿਆ, ਓਹੀ ਕੀਤਾ। ਉਸ ਦਾ ਵਿਆਹ ਬਚਪਨ ਵਿਚ ਹੀ ਹੋ ਗਿਆ ਸੀ। ਮੁਕਲਾਵੇ ਤੋਂ ਪਹਿਲਾਂ ਹੀ ਉਸ ਦਾ ਪਤੀ ਟੀ ਬੀ ਨਾਲ ਮਰ ਗਿਆ। 'ਨਾਨੀ' ਨਾਲ ਸਾਡੀ ਬਹੁਤ ਦੂਰ ਦੀ ਰਿਸ਼ਤੇਦਾਰੀ ਸੀ। ਰਿਸ਼ਤੇਦਾਰੀ ਤਾਂ ਠੀਕ ਤਰ੍ਹਾਂ ਨਹੀਂ ਯਾਦ ਪਰ ਏਨਾ ਪਤਾ ਹੈ ਕਿ ਸਾਡੇ ਅਤੇ ਉਨ੍ਹਾਂ ਦੇ ਘਰਾਂ ਦਰਮਿਆਨ ਵਿਆਹ ਹੋ ਸਕਦੇ ਸਨ, ਅਤੇ ਉਹ ਮੇਰੇ ਸਕੇ ਨਾਨੇ ਦੀ ਬਚਪਨ ਦੀ ਦੋਸਤ ਸੀ। ਵਿਧਵਾ ਹੋਣ ਬਾਅਦ ਦੋ ਚੀਜ਼ਾਂ ਵਾਪਰੀਆਂ, ਇੱਕ ਤਾਂ ਉਸਦਾ ਪੇਕਿਆਂ ਦੇ ਰਹਿਣਾ ਤੈਅ ਹੋ ਗਿਆ ਅਤੇ ਦੂਜਾ, ਉਹ ਸਾਡੇ ਨਾਨੇ ਨੂੰ ਪਿਆਰ ਕਰ ਬੈਠੀ। ਕਹਿੰਦੇ ਹਨ ਕਿ ਉਸ ਨੇ ਸਾਡੇ ਨਾਨੇ ਨਾਲ ਵਿਆਹ ਕਰਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਜਿਨ੍ਹਾਂ ਨੂੰ ਚੰਗਾ ਨਹੀਂ ਸੀ ਸਮਝਿਆ ਗਿਆ। ਸਾਡੇ ਸਮਾਜ ਵਿਚ ਇਹੋ ਜਿਹੀਆਂ ਕੋਸ਼ਿਸ਼ਾਂ ਨੂੰ ਹਿਮਾਕਤ ਕਹਿੰਦੇ ਹਨ। ਸਾਡਾ ਨਾਨਾ ਜਿਸ ਮਿੱਟੀ ਦਾ ਬਣਿਆ ਸੀ ਉਸ ਵਿਚ ਮਨੁੱਖੀ ਗੁਣ ਘੱਟ ਅਤੇ ਜਗੀਰੂ ਰਵਾਇਤਾਂ ਵੱਧ ਸਨ। ਉਹ ਕਠੋਰ, ਸ਼ੱਕੀ ਅਤੇ ਜ਼ਾਲਮ ਸੀ। ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਸੀ ਕਿ ਉਹ ਭਗਤਨੀ ਨਾਨੀ ਦੀ ਇੱਛਾ ਨੂੰ ਤਰਜੀਹ ਦਿੰਦੇ। ਮੈਂ ਉਹਨਾਂ ਨੂੰ ਸਾਡੇ ਸਾਰਿਆਂ ਉੱਤੇ ਸਮਾਜ ਦੇ ਸਖ਼ਤ ਨੇਮ ਲਾਗੂ ਕਰਵਾਉਂਦਿਆਂ ਹੀ ਦੇਖਿਆ। ਮੈਂ ਲਗਭਗ ਦਸਾਂ ਕੁ ਸਾਲਾਂ ਦੀ ਹੋਵਾਂਗੀ ਜਦੋਂ ਇੱਕ ਵਾਰ ਉਨ੍ਹਾਂ ਨੇ ਜ਼ਬਰਦਸਤੀ ਮੇਰੀ ਫ਼ਰੱਾਕ ਨਾਲ ਸਲਵਾਰ ਪੁਆਈ ਅਤੇ ਛਾਤੀ ਉੱਤੇ ਚੁੰਨੀ ਦੁਆਈ। ਮੈਂ ਬਹੁਤ ਭੈੜੀ ਦਿਸਦੀ ਹੋਣ ਕਾਰਨ ਵਿਲਕ ਵਿਲਕ ਕੇ ਰੋਂਦੀ ਹੋਈ ਰੇਲਵੇ ਸਟੇਸ਼ਨ ਤੱਕ ਗਈ ਪਰ ਉਨ੍ਹਾਂ ਦਾ ਦਿਲ ਨਹੀਂ ਪੰਘਰਿਆ। ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਉਹ ਮੇਰੀ ਮਨਭਾਉਂਦੀ ਕਾਲੇ ਰੰਗ ਦੀ ਲੈਸਾਂ ਵਾਲੀ ਫ਼ਰੱਾਕ ਸੀ। ਦਰਅਸਲ ਤੁਸੀਂ ਹੋਰ ਕੁਝ ਨਹੀਂ ਕਰਨਾ ਹੁੰਦਾ, ਬੱਸ ਖਿੱਚ ਧੂਹ ਕੇ ਇੱਕ ਔਰਤ ਨੂੰ ਇੱਕ ਢਾਂਚੇ ਵਿਚ ਫਿੱਟ ਕਰਨਾ ਹੁੰਦਾ ਹੈ। ਬਾਕੀ ਸਾਰਾ ਕੰਮ ਤਾਂ ਉਹ ਬਣਿਆ ਬਣਾਇਆ ਢਾਂਚਾ ਆਪ ਹੀ ਪੂਰਾ ਕਰ ਦਿੰਦਾ ਹੈ। ਮੇਰੀ ਇੱਕ ਛੋਟੀ ਭੈਣ ਦਾ ਖਿਆਲ ਹੈ ਕਿ ਪਾਰੇ ਵਾਲਾ ਸੰਧੂਰ ਸਾਲਾਂ ਤੱਕ ਹੌਲੀ ਹੌਲੀ ਔਰਤ ਦੇ ਸਿਰ ਦੇ ਮੁਸਾਮਾਂ ਰਾਹੀਂ ਅੰਦਰ ਰਿਸਦਾ ਰਹਿੰਦਾ ਹੈ ਅਤੇ ਉਹਨਾਂ ਨੂੰ ਦੱਬੂ (ਡਰਪੋਕ), ਤਣਾਅਮਾਰੀਆਂ ਅਤੇ ਮੋਟੀ ਮੱਤ ਦੀਆਂ ਬਣਾਅ ਦਿੰਦਾ ਹੈ। ਹੋ ਸਕਦਾ ਹੈ ਕਿ ਤੁਸੀਂ ਮੇਰਾ ਯਕੀਨ ਨਾ ਕਰੋ ਪਰ ਮੈਨੂੰ ਉਸ ਦਿਨ ਦੀ ਘਟਨਾ ਵਿਚੋਂ ਨਿਕਲਣ ਲਈ ਕਈ ਸਾਲ ਲੱਗੇ। ਮੇਰੇ ਹੀ ਸਰੀਰ ਦਾ ਇੱਕ ਹਿੱਸਾ, ਮੇਰੀਆਂ ਛਾਤੀਆਂ ਕਈ ਸਾਲਾਂ ਤੱਕ ਮੇਰੇ ਲਈ ਸ਼ਰਮਿੰਦਗੀ ਦਾ ਕਾਰਨ ਬਣੀਆਂ ਰਹੀਆਂ। ਮਰਦਾਂ ਨੂੰ ਇੱਕ ਤਜਰਬਾ ਕਰਨਾ ਚਾਹੀਦਾ ਹੈ– ਥੋੜ੍ਹੇ ਦਿਨ ਸਵੇਰ ਤੋਂ ਸ਼ਾਮ ਤੱਕ ਸਿਰ ਢਕ ਕੇ ਰੱਖਣਾ– ਕੁਝ ਦਿਨਾਂ ਬਾਅਦ ਤੁਹਾਨੂੰ ਪਤਾ ਲੱਗੇਗਾ ਕਿ ਤੁਸੀਂ ਸਿਰ ਚੁੱਕ ਕੇ ਤੁਰਨ, ਅਤੇ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਦੇ ਯੋਗ ਹੀ ਨਹੀਂ ਰਹੇ।

ਅੱਜ ਸਮਝ ਆਉਂਦਾ ਹੈ ਕਿ ਭਗਤਨੀ ਨਾਨੀ ਨੇ ਪਿਆਰ ਦਾ ਸ਼ਰੇਆਮ ਪਤਾ ਲੱਗ ਗਿਆ ਹੋਣਾ ਕਿਸ ਤਰ੍ਹਾਂ ਜਰਿਆ ਹੋਵੇਗਾ। ਕਹਿੰਦੇ ਨੇ ਕਿ ਉਸ ਨੇ ਸਿੱਧਾ ਸਿੱਧਾ ਨਾਨੇ ਨੂੰ ਪ੍ਰਪੋਜ਼ (ਸ਼ਾਦੀ ਦੀ ਪੇਸ਼ਕਸ਼) ਕਰ ਦਿੱਤਾ ਅਤੇ ਮਾਣ ਨਾਲ ਇਹ ਵੀ ਜੋੜਿਆ ਜਾਂਦਾ ਹੈ ਕਿ ਨਾਨੇ ਨੇ ਇਨਕਾਰ ਕਰ ਦਿੱਤਾ ਸੀ। ਮੁਨਮੁਨ ਮੈਨੂੰ ਚੋਰੀ ਚੋਰੀ ਭਗਤਨੀ ਨਾਨੀ ਦੇ ਘਰ ਲੈ ਜਾਂਦਾ ਹੁੰਦਾ ਸੀ। ਮੈਂ ਜਦੋਂ ਤੋਂ ਉਸਨੂੰ ਵੇਖਿਆ ਸੀ ਉਹ ਚਿੱਟੀ ਸਾੜ੍ਹੀ ਵਿਚ ਵਲ੍ਹੇਟੀ ਇੱਕ ਬੁੱਢੀ ਔਰਤ ਸੀ ਜੋ ਸਾਰਾ ਦਿਨ ਪਾਠ–ਪੂਜਾ ਕਰਦੀ ਰਹਿੰਦੀ ਸੀ। ਉਹ ਘਰੋਂ ਬਿਲਕੁਲ ਬਾਹਰ ਨਹੀਂ ਨਿਕਲਦੀ ਸੀ ਤੇ ਉਸ ਦਾ ਸਿਰ ਮੁੰਨਿਆ ਹੋਇਆ ਸੀ। ਉਹ ਆਪਣੇ ਸਮਾਨ ਨੂੰ ਕਿਸੇ ਨੂੰ ਹੱਥ ਨਾ ਲਾਉਣ ਦਿੰਦੀ। ਉਸਨੇ ਪਿਛਲੇ ਕਈ ਸਾਲਾਂ ਤੋਂ ਆਪਣੇ ਆਪ ਨੂੰ ਪਵਿੱਤਰਤਾ ਦੇ ਜਾਲ ਵਿਚ ਇਸ ਤਰ੍ਹਾਂ ਕੱਸ ਕੇ ਬੰਨ੍ਹਿਆ ਹੋਇਆ ਸੀ, ਜਿਵੇਂ ਇਸ ਵਿਚ ਹਵਾ ਦਾ ਬੁੱਲਾ ਵੀ ਦਾਖ਼ਲ ਹੋਇਆ ਤਾਂ ਅਨਰਥ ਹੋ ਜਾਵੇਗਾ। ਨਾਨੇ ਦਾ ਵਿਆਹ ਬਹੁਤ ਤਕੜੇ ਘਰ ਦੀ ਪਰੀ ਵਰਗੀ ਕੁੜੀ ਨਾਲ ਹੋਇਆ, ਜਿਸਨੂੰ ਉਸ ਨੇ ਸਾਰੀ ਉਮਰ ਜੁੱਤੀ ਦੀ ਨੋਕ 'ਤੇ ਰੱਖਿਆ। ਮੰਦੇ ਭਾਗਾਂ ਨੂੰ ਉਸਦੇ ਬੱਚੇ ਜਨਮ ਲੈਂਦਿਆਂ ਹੀ ਮਰ ਜਾਂਦੇ ਸਨ। ਅੱਜ ਮੈਡੀਕਲ ਸਾਇੰਸ ਕੋਲ ਇਸਦਾ ਜੁਆਬ ਹੈ ਕਿ ਇਸ ਤਰ੍ਹਾਂ ਕਿਉਂ ਹੁੰਦਾ ਸੀ, ਪਰ ਉਸ ਸਮੇਂ ਦੀ ਬਿਮਾਰ ਮਾਨਸਿਕਤਾ ਨੇ ਇਸ ਦਾ ਸਾਰਾ ਦੋਸ਼ ਭਗਤਨੀ ਨਾਨੀ 'ਤੇ ਲਾਇਆ, ਅਤੇ ਪੂਰੇ ਪਿੰਡ ਵਿਚ ਇਹ ਭਿਅੰਕਰ ਗੱਲ ਫੈਲ ਗਈ ਕਿ ਪੂਜਾ–ਪਾਠ ਤਾਂ ਇੱਕ ਢਕਵੰਝ ਹੈ, ਅਸਲ ਵਿਚ ਭਗਤਣੀ ਨਾਨੀ ਇੱਕ ਪਖੰਡਣ ਹੈ। ਉਹ ਤਾਂ ਡੈਣ ਹੈ ਅਤੇ ਈਰਖਾ ਕਾਰਨ ਨਾਨੀ ਦੇ ਸਾਰੇ ਬੱਚਿਆਂ ਉੱਤੇ ਟੂਣਾ ਕਰ ਦਿੰਦੀ ਹੈ।

ਜਦੋਂ ਮੁਨਮੁਨ ਨੇ ਮੈਨੂੰ ਇਹ ਸਾਰਾ ਕੁਝ ਦੱਸਿਆ ਤਾਂ ਮੇਰਾ ਛੋਟਾ ਜਿਹਾ ਦਿਮਾਗ਼ ਦੰਗ ਰਹਿ ਗਿਆ। ਓਦੋਂ ਸਿਧਾਂਤ, ਮੁਖ਼ਾਲਫ਼ਤ ਅਤੇ ਨਾਰੀ ਚੇਤਨਾ ਵਰਗੀਆਂ ਗੱਲਾਂ ਦੀ ਕੋਈ ਸਮਝ ਨਹੀਂ ਸੀ ਪਰ ਸਾਡੇ ਦੋਹਾਂ ਅਵਾਰਾ–

ਗਰਦਾਂ ਵਿਚ ਕੁਝ ਸੀ ਜਿਸ ਕਾਰਨ ਅਸੀਂ ਲੁਕ-ਲੁਕ ਕੇ ਭਗਤਨੀ ਨਾਨੀ ਦੇ ਘਰ ਜਾਂਦੇ ਰਹੇ। ਬੇਸ਼ਕ ਨਾਨੀ ਸਾਡੇ ਨਾਲ ਗੱਲਾਂ ਘੱਟ ਕਰਦੀ ਅਤੇ ਦੁਰਕਾਰਦੀ ਵੱਧ ਸੀ। 'ਡੈਣ' ਸ਼ਬਦ ਨੇ ਉਸ ਦੇ ਜੀਵਨ ਵਿਚਲੀ ਸਾਰੀ ਸੰਵੇਦਨਾ-ਨਰਮੀ ਸੋਖ ਲਈ ਸੀ। ਵੱਡੇ ਘਰ ਦੀ ਧੀ ਸੀ, ਇਸ ਲਈ ਉਹ ਸ਼ਰੇ ਆਮ ਬੇਇੱਜ਼ਤ ਨਹੀਂ ਸੀ ਹੋਈ। ਪਰ ਇਸ ਇਲਜ਼ਾਮ ਥੱਲੇ ਜਿਊਂਦੇ ਜੀਅ ਆਪਣੇ ਆਪ ਦਫ਼ਨ ਹੋ ਗਈ।

ਦੋ ਕੁ ਦਿਨ ਪਹਿਲਾਂ ਮੇਰੀ ਮਾਂ ਆਈ ਸੀ। ਮੈਂ ਮਾਂ ਨੂੰ ਭਗਤਨੀ ਨਾਨੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਹ ਸਾਡੇ ਘਰ ਦੀ ਨੂੰਹ ਸੀ ਅਤੇ ਉਸ ਦੇ ਪਤੀ ਦੀ ਵਕਤ ਤੋਂ ਪਹਿਲਾਂ ਮੌਤ ਹੋ ਗਈ ਸੀ। ਇਹ ਸਭ ਕੁਝ ਅਸਲ ਵਿਚ ਬਹੁਤ ਬਚਪਨ ਵਿਚ ਹੀ ਹੋ ਗਿਆ ਸੀ। ਸਾਡਾ ਨਾਨਾ ਰਿਸ਼ਤੇ ਵਿਚ ਦਿਓਰ ਤੇ ਨਾਨੀ ਦਾ ਪਿਆਰਾ ਬਾਲ ਮਿੱਤਰ ਸੀ। ਇਸ ਗੱਲ ਵਿਚ ਕੀ ਹੈਰਾਨੀ ਹੈ ਕਿ ਵਿਧਵਾ ਹੋਣ ਦੇ ਅਹਿਸਾਸ ਨਾਲ ਆਪਣੇ ਪਿਆਰੇ ਬਾਲ ਮਿ-ੱਤਰ ਤੋਂ ਪਿਆਰ ਦੀ ਇੱਛਾ ਅਤੇ ਭਾਵਨਾ ਜ਼ਿਆਦਾ ਵਧ ਗਈ ਹੋਵੇ। ਸਾਡੇ ਸਮਾਜ ਵਿਚ ਦਿਓਰ ਨਾਲ ਵਿਆਹ ਕੋਈ ਅਣਹੋਣੀ ਗੱਲ ਨਹੀਂ ਹੋਣੀ ਸੀ। ਸਗੋਂ ਕਈ ਵਾਰ ਪਰਿਵਾਰ ਵਿਚ ਜਾਇਦਾਦਾਂ ਦੇ ਮਸਲਿਆਂ ਦੇ ਹਲ ਲਈ ਧੱਕੇ ਨਾਲ ਵੀ ਅਜਿਹੇ ਵਿਆਹ ਕੀਤੇ ਜਾਂਦੇ ਹਨ। ਕਈ ਵਾਰ ਤਾਂ ਵਿਧਵਾ-ਆਸ਼ਰਮਾਂ ਵਿਚ ਦੇਹ ਦੇ ਪੱਧਰ ਉੱਤੇ ਅਤੇ ਘਰਾਂ ਦੇ ਕੰਮ ਕਾਜ ਲਈ ਵਿਧਵਾਵਾਂ ਨੂੰ ਵਰਤਿਆ ਜਾਂਦਾ ਹੈ। ਪਰ ਇੱਥੇ ਇਸ ਸਭ ਦੇ ਦਰਮਿਆਨ ਪਿਆਰ ਦੀ ਗੱਲ ਸੀ। ਪਿਆਰ ਸਵਿਕਾਰ ਨਾ ਹੋਇਆ ਅਤੇ ਨਾਨੀ ਚੁਪ ਚੁਪੀਤੇ ਜਾਦੂ ਟੂਣਾ ਕਰਨ ਵਾਲੀ ਦਾ ਬਿੰਬ-ਅਕਸ ਧਾਰਦੀ ਗਈ। ਕਿਤੇ ਇਹ ਵੀ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਣ ਦਾ ਇੱਕ ਢੰਗ ਤਾਂ ਨਹੀਂ ਸੀ?

ਮੈਨੂੰ ਲੱਗਦਾ ਹੈ ਕਿ ਜੇਕਰ ਤੁਸੀਂ ਸਮਾਜ ਦੇ ਇੱਕ ਹਿੱਸੇ ਨੂੰ ਲਗਾਤਾਰ ਦਬਾਉਂਦੇ ਅਤੇ ਸਤਾਉਂਦੇ ਰਹੋ ਤਾਂ ਕਈ ਵਾਰ ਉਸ ਦੇ ਵਤੀਰੇ-ਵਿਹਾਰ ਵਿਚ ਕੋਈ ਤਾਰਕਿਕਤਾ (ਜਵਾਬਦੇਹੀ ਦੇ ਅਰਥ ਵਿਚ- ਸੰ.) ਨਹੀਂ ਬਚਦੀ ਅਤੇ ਉਹ ਸਿਰਫ਼ ਫ਼ੌਰੀ ਹਲ ਦੇ ਢੰਗ ਸੋਚਦਾ ਹੈ। ਉਹ ਆਪਣੇ ਅੰਦਰ ਕੋਈ ਦੂਰ-ਦ੍ਰਿਸ਼ਟੀ ਪੈਦਾ ਨਹੀਂ ਕਰ ਸਕਦਾ ਅਤੇ ਦੂਜਾ ਹੁਸ਼ਿਆਰ ਅਤੇ ਹਰ ਗੱਲੇ ਸੌਖਾ ਵਰਗ ਇਸ ਹਾਲਤ ਦਾ ਪੂਰਾ ਫ਼ਾਇਦਾ ਉਠਾਉਂਦਾ ਹੋਇਆ ਲੀਡਰਸ਼ਿਪ ਵਾਲੀਆਂ ਭੂਮਿਕਾਵਾਂ ਨੂੰ ਹੜੱਪ ਲੈਂਦਾ ਹੈ। ਇੱਥੋਂ ਤੱਕ ਕਿ ਜਮਾਤੀ ਵੰਡੀਆਂ ਵਾਲੀ ਸਭ ਤੋਂ ਵੱਧ ਗੱਲ ਕਰਨ ਵਾਲੀ ਅਤੇ ਵਰਗ ਦੇ ਸੁਭਾਅ ਨੂੰ ਸਮਝਣ ਦਾ ਦਾਅਵਾ ਕਰਨ ਵਾਲੀ ਪਾਰਟੀ ਵੀ ਇਸ ਦਵੰਦ (ਖਹਿ) ਅਤੇ ਸਮਾਜ ਦੇ ਇਸ ਹਿੱਸੇ ਨੂੰ ਸਮਝ ਪਾਉਂਦੀ ਹੈ?

{ਜਾਰੀ

ਲੇਖਿਕਾ: sapna@gmail.com
ਅਨੁਵਾਦਕਾ ਨੀਤੂ ਅਰੋੜਾ: theneetuarora@gmail.com

ਲੱਕਡਾਊਨ ਮਨਿੰਦਰ ਕੌਰ ਮਨ

1

ਭੱਜ ਦੌੜ ਭਰੀ ਜ਼ਿੰਦਗੀ 'ਚ
ਅਕਸਰ ਸ਼ਿਕਾਇਤ ਰਹਿੰਦੀ -
"ਪਤਾ ਹੀ ਨਹੀਂ ਲਗਦਾ
ਕਿਵੇਂ ਦਿਨ, ਹਫ਼ਤੇ, ਮਹੀਨੇ
ਬੀਤ ਜਾਂਦੇ ਨੇ....."

ਹੁਣ ਅਹਿਸਾਸ ਹੁੰਦਾ
ਕਿੰਨਾ ਚੰਗਾ ਹੁੰਦੈ
ਦਿਨਾਂ, ਹਫ਼ਤਿਆਂ, ਮਹੀਨਿਆਂ ਦਾ
ਬਿਨਾਂ ਪਤਾ ਲੱਗੇ
ਮਲ੍ਹਕ ਦੇਣੀ ਲੰਘ ਜਾਣਾ
ਕਿੰਨਾ ਭਿਆਨਕ ਹੁੰਦੈ
ਹਰ ਪਲ, ਹਰ ਘੜੀ
ਪਹਾੜ ਜਿੱਡੀ ਜਾਪਣਾ
ਲੰਘਣ ਵਾਲੇ ਦਿਨ ਨੂੰ
ਮੌਤ ਦੇ ਅੰਕੜਿਆਂ ਸਮੇਤ ਸਾਂਭਣਾ
ਉਹਨਾਂ ਅੰਕੜਿਆਂ ਨੂੰ
ਆਉਣ ਵਾਲੇ ਦਿਨ 'ਚ ਜੋੜਨਾ

2

ਪਹਿਲਾਂ ਅਕਸਰ
ਸਵੇਰ ਤੋਂ ਰਾਤ ਤੀਕਰ
ਘੜੀ ਦੀਆਂ ਸੂਈਆਂ
ਕਦਮਾਂ ਦੀ ਰਫ਼ਤਾਰ ਨਾਲ
ਦੌੜ ਲਾਉਂਦੀਆਂ
ਥੋੜ੍ਹੇ ਜਿਹੇ ਵਕਫ਼ੇ ਨਾਲ
ਕਦਮ ਪਿੱਛੇ ਰਹਿ ਜਾਂਦੇ
ਸੂਈਆਂ ਅੱਗੇ ਲੰਘ ਜਾਂਦੀਆਂ....
ਪਰ ਹੁਣ....
ਸੂਈਆਂ ਆਪਣੀ ਚਾਲੇ ਚੱਲਦੀਆਂ
ਥਾਂਈ ਖੜੋਤੇ ਕਦਮਾਂ ਨੂੰ ਤੱਕਦੀਆਂ
ਕਦਮਾਂ ਦੀ ਹਰਕਤ ਨੂੰ ਉਡੀਕਦੀਆਂ
ਹੌਲ਼ੀ, ਹੋਰ ਹੌਲ਼ੀ ...ਹੋਈਆਂ ਜਾਪਦੀਆਂ
ਇੰਝ ਦਿਨ ਲੰਮੇਰੇ
ਹੋਰ ਲੰਮੇਰੇ ਹੋ ਗਏ
ਰਾਤਾਂ ਵੱਡੀਆਂ ਹੋਰ ਵੱਡੀਆਂ
ਕਿੰਨਾ ਗੂੜਾ ਰਿਸ਼ਤਾ ਹੈ
ਕਦਮਾਂ ਦੀ ਰਫ਼ਤਾਰ ਅਤੇ
ਘੜੀ ਦੀਆਂ ਸੂਈਆਂ ਵਿਚਕਾਰ.....

9465647120

ਡਾ. ਇਸ਼ਤਿਆਕ ਅਹਿਮਦ ਨਾਲ ਪਾਕਿਸਤਾਨ ਬਣਨ ਬਾਰੇ ਗੱਲਬਾਤ -ਜਾਰੀ

ਡਾ. ਇਸ਼ਤਿਆਕ: ਹਿੰਦੋਸਤਾਨ ਦੇ ਨਾਲ ਰੋਜ਼ ਝਗੜੇ ਦੀ ਗੱਲ ਜੋ ਹੈ, ਇਹ counter-productive (ਸਾਨੂੰ ਪੁੱਠੀ ਪੈਣ ਵਾਲੀ) ਹੈ, ਹੈਂ ਜੀ, ਬਜਾਇ ਇਹ ਸਿਖਾਉਣ ਦੇ, ..ਅਤੇ ਓਧਰੋਂ ਹੁਣ ਤਾਂ, ਖ਼ੈਰ, ਮਾਸ਼ਾ ਅੱਲਾਹ, ਓਧਰੋਂ ਵੀ ਕੋਈ ਘੱਟ ਨਹੀਂ ਹੈ, ਪਰ ਇਹ ਖ਼ਤਮ ਹੋਣਾ ਚਾਹੀਦਾ ਹੈ, ਓਧਰੋਂ ਵੀ ਤੇ ਇੱਧਰੋਂ ਵੀ- ਅਸੀਂ ਸਭ ਇਸ ਖਿੱਤੇ ਦੇ ਲੋਕ ਹਾਂ। ਅਸੀਂ ਸਭ ਦੱਖਣੀ ਏਸ਼ਿਆਈ ਲੋਕ ਹਾਂ। ਅਸੀਂ ਚੀਨੀ ਨਹੀਂ ਹਾਂ,ਅਸੀਂ ਅਮਰੀਕੀ ਨਹੀਂ ਹਾਂ। ਅਰਬੀ ਤਾਂ ਬਿਲਕੁਲ ਨਹੀਂ ਹਾਂ। ਅਸੀਂ ਇਸੇ ਮਿੱਟੀ ਦੇ ਹਾਂ। ਅਤੇ ਇਸੇ ਮਿੱਟੀ ਦਾ ਇੱਕ ਹਿੱਸਾ ਹਿੰਦੋਸਤਾਨ ਸੀ- 800 ਸਾਲ ਮੁਸਲਮਾਨਾਂ ਨੇ ਇੱਥੇ ਰਾਜ ਨਹੀਂ ਕੀਤਾ? ਤਾਂ ਉਹ ਕੀ ਸੀ? ਹਿੰਦੋਸਤਾਨੀ ਨਹੀਂ ਸਨ ਉਹ? ਤਾਂ ਇਹ ਸਭ ਸਿਆਸੀ ਗੱਲਾਂ ਹਨ ਜਨਾਬ, ਇਹ ਵਿਚਾਰਧਾਰਕ ਬਕਵਾਸ ਹੈ! ਸੱਚ ਤਾਂ ਇਹ ਹੈ ਕਿ ਹਿੰਦੋਸਤਾਨ ਵਿਚ ਜੋ ਗ਼ਰੀਬ ਹੈ ਤੇ ਪਿਸਿਆ ਹੋਇਆ ਹੈ, ਅਤੇ ਇੱਥੇ ਜੋ ਗ਼ਰੀਬ ਹੈ ਤੇ ਪਿਸਿਆ ਹੋਇਆ ਹੈ- ਇਹ ਉਨ੍ਹਾਂ ਹੀ ਲੋਟੂ ਤਾਕਤਾਂ ਦੇ ਅੱਗੇ...-ਬੇਬੱਸ ਹੈ। ਤਾਂ ਕਿਓਂ ਨਾ ਹੱਥਾਂ ਵਿਚ ਹੱਥ ਫੜੀਏ ਅਤੇ ਇੱਕ ਮਹਾਨ, ਮਹਾਨ ਦੱਖਣੀ ਏਸ਼ੀਆ ਬਣਾਅ ਲਈਏ -ਖ਼ੁਸ਼ਹਾਲੀ ਦਾ, ਅਮਨ ਦਾ, ਮੁਹੱਬਤ ਦਾ! ਹੈਂ ਜੀ! ਜਦੋਂ ਇੱਥੇ ਮੁਹੱਬਤ ਅਤੇ ਪਿਆਰ ਹੋਏਗਾ ਤਾਂ ਇਹ ਸਭਿਅਤਾ ਫੇਰ ਉਭਰੇਗੀ! ਇੱਕ ਨਵੀਂ ਮਿਸਾਲ ਦੇ ਵਾਂਗ! -ਕਿ ਇੱਥੇ ਵੱਖਰੇ ਵੱਖਰੇ ਧਰਮ ਹੈਨ, ਸੋਚਾਂ ਵੀ ਵੱਖ ਵੱਖ ਹਨ- ਪਰ ਅਸੀਂ ਅਮਨ ਅਤੇ ਪਿਆਰ ਦੇ ਨਾਲ ਜਿਊਣਾ ਜਾਣਦੇ ਹਾਂ। ਓਥੇ ਮੁਸਲਮਾਨਾਂ ਦੇ ਉੱਤੇ ਜ਼ੁਲਮ ਹੋ ਰਿਹਾ ਹੈ। ਯਾਨੀ ਹੁੰਦਾ ਤਾਂ ਹੈ ਨਾ? ਕਿਸੇ ਨੂੰ ਰੇਲਗੱਡੀ ਵਿਚੋਂ ਉਤਾਰ ਲਿਆ ਜਾਂਦਾ ਹੈ..ਕਦੇ ਇਹ ਹੁੰਦਾ ਹੈ..ਤੇ ਅਸੀਂ ਜੋ ਹਾਲ ਕਰਦੇ ਹਾਂ ਆਪਣੀਆਂ ਘੱਟ-ਗਿਣਤੀਆਂ ਦਾ- ਤਾਂ ਉਹ ਕਿਸ ਤੋਂ ਲੁਕਿਆ ਹੋਇਐ? ਮੈਂ ਤਾਂ ਇਹ ਮੰਨਦਾ ਹੀ ਨਹੀਂ ਹਾਂ। ਇਹ ਸਭ ਨਾਕਾਮਯਾਬੀ ਹੈ। ਮੈਂ ਪਾਕਿਸਤਾਨ ਦੇ ਲੋਕਾਂ ਨਾਲ ਪਿਆਰ ਤਾਂ ਕਰਦਾ ਹਾਂ, ਪਰ ਕੋਈ ਹਕੂਮਤ ਜੋ ਹੈ, ਕੋਈ ਅੱਛਾ ਕੰਮ ਕਰਦੀ ਹੈ ਤਾਂ ਤਾਰੀਫ਼ ਕਰਦੇ ਹਾਂ.।..ਜਿਵੇਂ ਮੈਂ ਫ਼ੌਜ ਦਾ ਦੱਸਿਐ, ਕਿ ਜੇ ਕੋਈ ਡਿਫ਼ੈਂਸ ਵਿਚ, ਕੋਈ ਜਰਨੈਲ ਨਹੀਂ ਸੋਚ ਰਿਹਾ, ਤਾਂ ਉਹ ਸਚਮੁਚ ਦਗ਼ਾ ਕਰ ਰਿਹਾ ਹੈ ਇੱਕ ਸੁੱਚੀ ਮੰਜ਼ਿਲ ਨਾਲ। ਇਹ ਤਾਂ ਹੋਣਾ ਹੀ ਸੀ- ਉਹ ਅੰਗ੍ਰੇਜ਼ਾਂ ਨੇ ਐਸੀ ਯੋਜਨਾ ਬਣਾਈ, ਜਾਂ ਲੀਕ ਐਸੀ ਬਣ ਗਈ? ਇਹ ਤਾਂ ਇੱਕ ਬਹੁਤ ਬਹੁਤ ਵੱਡਾ ਸੁਆਲ ਹੈ। ਪਰ ਸੱਚ ਬੋਲਣਾ ਚਾਹੀਦਾ ਹੈ! ਸੱਚ ਹਾਵੀ ਹੋ ਜਾਂਦਾ ਹੈ, ਕਿਓਂਕਿ ਅਸੀਂ ਰੋਂਦ ਨਹੀਂ ਮਾਰ ਰਹੇ ਹੁੰਦੇ- ਜਿਵੇਂ ਕਹਿੰਦੇ ਹਨ।

? ਅੱਛਾ ਡਾ ਇਸ਼ਤਿਆਕ ਸਾਹਿਬ, ਤੁਸੀਂ ਨੈਸ਼ਨਲ ਯੂਨਿਵਰਸਿਟੀ ਆਵ ਸਿੰਗਾਪੋਰ ਦੇ ਵਿਚ ਵੀ ਖੋਜੀ ਦੇ ਤੌਰ 'ਤੇ ਰਹੇ। ਕਿੰਨਾ ਅਰਸਾ ਤੁਸੀਂ ਰਹੇ ਅਤੇ ਸਿੰਗਾਪੋਰ ਬਾਰੇ ਕੀ ਖ਼ਿਆਲ ਹੈ? ਕੀ ਉਸ ਤੋਂ ਅਸੀਂ ਕੁਝ ਸਿੱਖ ਸਕਦੇ ਹਾਂ?

- ਬਹੁਤ ਸਿੱਖ ਸਕਦੇ ਹਾਂ!

? ਨਿੱਕਾ ਜਿਹਾ ਮੁਲਕ! ਜੋ ਹੁਣ ਫ਼ਾਈਨੈਂਸ ਦਾ ਧੁਰਾ ਬਣ ਚੁੱਕਾ ਹੈ... (- ਵਾਹ ਵਾਹ ਜੀ ਵਾਹ!)

? 50 ਲੱਖ ਦੀ ਮੁਸ਼ਕਿਲ ਨਾਲ ਉਨ੍ਹਾਂ ਦੀ ਅਬਾਦੀ ਹੈ! ਤਾਂ ਕੀ ਉਨ੍ਹਾਂ ਨੇ ਅੰਗ੍ਰੇਜ਼ੀ ਜ਼ਬਾਨ ਨੂੰ ਅਖ਼ਤਿਆਰ ਕੀਤਾ-4 ਜ਼ਬਾਨਾਂ ਸਨ ਉਨ੍ਹਾਂ ਦੀਆਂ- ਹੁਣ ਅੰਗ੍ਰੇਜ਼ੀ ਉਨ੍ਹਾਂ ਦੀ ਸਭ ਤੋਂ ਅਹਿਮ ਜ਼ਬਾਨ ਬਣ ਚੁੱਕੀ ਹੈ। ਕੀ ਉਨ੍ਹਾਂ ਦੀ ਤਰੱਕੀ ਵਿਚ ਅੰਗ੍ਰੇਜ਼ੀ ਦਾ ਕੋਈ ਹਿੱਸਾ ਹੈ?

- ਬੇਸ਼ਕ! ਬੇਸ਼ਕ! ਮੈਂ ਸਮਝਦਾ ਹਾਂ ਅੰਗ੍ਰੇਜ਼ੀ ਅੱਜ ਦੇ ਦੌਰ ਦਾ ਉਹ ਦਰਵਾਜ਼ਾ ਖੋਲ੍ਹਦੀ ਹੈ ਜਿਸ ਨਾਲ ਕਿ ਤੁਸੀਂ ਮੱਾਡਰਨ ਦੁਨੀਆ ਦਾ ਹਿੱਸਾ ਬਣਦੇ ਹੋ। ਤਾਂ ਮੈਂ ਤਾਂ ਇਸਦੇ ਪੂਰੇ ਹੱਕ ਵਿਚ ਹਾਂ ਕਿ ਪਾਕਿਸਤਾਨ ਵਿਚ - ਖ਼ੈਰ ਇਹਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ ਕਿ ਅੰਗ੍ਰੇਜ਼ੀ ਸਾਡੀ ਕੌਮੀ ਜ਼ਬਾਨ ਬਣ ਜਾਏ- ਪਰ ਇਹ ਸਾਡੀਆਂ.ਪੜ੍ਹਾਈਆਂ ਵਿਚ,-ਇਸਦੀ ਬਹੁਤ ਥਾਂ ਹੋਣੀ ਚਾਹੀਦੀ ਹੈ। ਤੁਸੀਂ ਉਰਦੂ ਨੂੰ ਬਣਾਓ, ਕਿਓਂਕਿ ਉਰਦੂ ਉਹ ਜ਼ਬਾਨ ਹੈ ਜੋ ਸਾਡੇ ਸਾਰੇ ਸੂਬਿਆਂ ਵਿਚ ਚੱਲਦੀ ਹੈ- ਸਹੀ ਜਾਂ ਗ਼ਲਤ- ਹਕੀਕਤ ਦੇ ਨੇੜੇ ਰਹਿਣਾ ਚਾਹੀਦਾ ਹੈ, ਪਰ ਪੰਜਾਬੀ ਨੂੰ ਵੀ ਚਾਹੁੰਦੇ ਹਾਂ ਕਿ ਇਸ ਨੂੰ ਲੋਕਾਂ ਤੱਕ ਲਿਆਂਦਾ ਜਾਏ, ਇਸਦੀ ਰਹਿਣੀ ਬਹਿਣੀ, ਇਸ ਵਿਚਲੀ ਸਿਆਣਪ -ਇਸ ਵਿਚ ਕੋਈ ਨੁਕਸਾਨ ਨਹੀਂ...ਪਰ ਸਿੰਗਾਪੋਰ ਤਾਂ ਇੱਕ ਟਾਪੂ ਹੀ ਸੀ, ਮਛੇਰਿਆਂ ਦਾ, ਤਾਂ ਉਸਦਾ ਤਾਂ ਨਾ ਕੋਈ ਇਤਿਹਾਸ ਸੀ- ਉਹ ਤਾਂ ਕੁਝ ਵੀ ਨਹੀਂ ਸੀ। ਤਾਂ ਉਹ ਇੱਕ ਬਰਤਾਨੀਆ ਦਾ ਜਹਾਜ਼ ਨੂੰ ਖਲ੍ਹਾਰਨ ਦਾ ਅੱਡਾ ਸੀ...ਮਛੇਰਿਆਂ ਦੇ ਪਿੰਡ ਸਨ। ਉਹ ਤਾਂ ਬਾਅਦ ਵਿਚ ਜਦੋਂ ਉਹ ਇੱਕ ਮੁਲਕ ਬਣਿਆ, ਤਾਂ ਉਨ੍ਹਾਂ ਨੇ ਫ਼ੈਸਲੇ ਲਏ ਜੋ ਸਾਰੇ ਉਨ੍ਹਾਂ ਦੇ ਫ਼ਾਇਦੇ ਵਿਚ ਗਏ।ਉਨ੍ਹਾਂ ਨੇ ਕਿਹਾ ਕਿ ਇਥੇ ਅਸੀਂ ਚੀਨੀ (ਭਾਸ਼ਾ ਨੂੰ) ਬਣਾਅ ਦਿਆਂਗੇ ਤਾਂ ਮਲਾਇ ਮੁਸਲਮਾਨ ਸਾਡੇ ਨਾਲ ...ਇਹ ਹੋ ਜਾਏਗਾ, ਅਹੁ ਹੋ ਜਾਏਗਾ..ਬਾਕੀ ਲੋਕ ਵੀ ਹਨ...ਤਾਂ ਚਲੋ ਅੰਗ੍ਰੇਜ਼ੀ ਨੂੰ ਬਣਾਅ ਦਿੰਦੇ

ਹਾਂ...ਅਤੇ ਇਹ ਉਨ੍ਹਾਂ ਨੂੰ ਸਹੀ ਬੈਠ ਰਿਹਾ ਹੈ...ਉਨ੍ਹਾਂ ਨੇ ਪੂਰੀ ਧਾਰਮਕ ਅਜ਼ਾਦੀ ਦਿੱਤੀ ਹੋਈ ਹੈ! ਮਸਜਿਦਾਂ ਪੂਰੀ ਤਰ੍ਹਾਂ ਆਜਾਦ ਹਨ! ਤੁਸੀਂ ਕਿਸੇ ਮੁਸਲਮਾਨ ਨੂੰ ਜੇ ਕੋਈ, ਜਿਵੇਂ ਮਜ਼ਾਕ ਕਰ ਦਿੰਦੇ ਨੇ, ਤੁਹਾਨੂੰ ਅਦ-ਾਲਤ ਵਿਚ ਲਿਜਾਇਆ ਜਾ ਸਕਦਾ ਹੈ; ਲੇਕਿਨ- ਜਦੋਂ ਹੀ ਤੁਸੀਂ ਸਿਆਸਤ ਲਿਆਂਦੀ ਮਜ਼ਹਬ ਵਿਚ, ਤੁਹਾਨੂੰ ਪੁਲਸ ਬੁੱਕ ਕਰ ਲਏਗੀ, ਅਦਾਲਤ ਵਿਚ ਲਿਜਾਇਆ ਜਾਏਗਾ ਤੇ ਤੁਹਾਡੇ ਉੱਤੇ ਮੁਕੱਦਮਾ ਚੱਲੇਗਾ। ਮੁਲਕ ਦਾ ਆਪਣਾ ਕੋਈ ਧਰਮ ਨਹੀਂ ਹੈ! ਬਸ਼ਿੰਦਿਆਂ ਦੇ ਧਰਮ ਹੁੰਦੇ ਹਨ ਤੇ ਉਨ੍ਹਾਂ ਨੂੰ ਪੂਰੀ ਆਜ਼ਾਦੀ ਹੈ ਧਰਮ ਦੀ। ਤਾਂ ਇਹ ਪਹੁੰਚ ਜੋ ਹੈ- ਸਿੰਗਾਪੋਰ ਇੱਕ ਆਦਰਸ਼ ਮੁਲਕ ਹੈ। ਸ਼ਾਇਦ- ਸੋਸ਼ਲਿਜ਼ਮ ਤਾਂ ਓਥੇ ਨਹੀਂ ਹੈ, ਪਰ ਫੇਰ ਵੀ ਸੁਰੱਖਿਆ ਦਾ ਅਹਿਸਾਸ ਹੈ, ਹੱਕ ਵਗੈਰਾ ਵੀ ਹੈਨ ਓਥੇ ਮਜ਼ਦੂਰਾਂ ਦੇ। ਮੈਂ ਤਾਂ ਸਿੰਗਾਪੋਰ ਤੋਂ ਬਹੁਤ ਪ੍ਰਭਾਵਤ ਹੋ ਕੇ ਆਇਆ ਹਾਂ। ਮੈਂ ਇਸਦੀ ਬਹੁਤ ਹੀ ਸਿਫ਼ਾਰਿਸ਼ ਕਰਦਾ ਹਾਂ। ਕਿ ਓਥੋਂ ਸਿੱਖਿਆ ਜਾਏ। ਮਜ਼-ਹਬੀ ਆਜ਼ਾਦੀ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਜੋ ਘੱਟਗਿਣਤੀਆਂ ਦੇ ਉੱਤੇ ਹੱਲਾ ਬੋਲਣ ਦੀ ਇਜਾਜ਼ਤ ਦੇ ਰਹੇ ਹੋ- ਤੇ ਘਟਗਿਣਤੀਆਂ ਜੋ ਹਨ ਉਹ ਦਬ ਕੇ ਰਹਿਣ, ਡਰ ਕੇ ਰਹਿਣ, ਲੁਕ ਕੇ ਰਹਿਣ। ਇਹ ਤਾਂ ਕੋਈ ਮੱਲ ਨਹੀਂ ਮਾਰ ਰਹੇ ਨਾ! ਮੱਲ ਤਾਂ ਇਹ ਹੈ ਕਿ ਤੁਸੀਂ ਕਮਜ਼ੋਰ ਦਾ ਸਾਥ ਦਿਓ। ਕਹਿੰਦੇ ਹਨ ਹਜ਼ਰਤ ਮੁਹੰਮਦ ਦਾ -ਜੋ ਪਹਿਲਾ ਬਿਆਨ ਦਿੱਤਾ ਉਨ੍ਹਾਂ ਨੇ, ਉਹ ਹੈ ਕਿ *"ਤੁਹਾਡੇ ਵਿਚੋਂ ਸਭ ਤੋਂ ਕਮਜ਼ੋਰ ਜੋ ਹੈ, ਉਹ ਹੁਣ ਤੋਂ ਸਭ ਤੋਂ ਤਾਕਤਵਰ ਹੈ! ਤੁਹਾਡੇ ਵਿਚੋਂ ਜੋ ਸਭ ਤੋਂ ਤਾਕਤਵਰ ਹੈ ਉਹ ਹੁਣ ਤੋਂ ਸਭ ਤੋਂ ਕਮਜ਼ੋਰ ਹੈ!"* -ਜੇ ਇਹ ਸੱਚ ਹੈ। ਮੈਂ ਇਹ ਸੁਣਿਆ ਹੈ, ਮੇਰੇ ਕੁਝ ਦੋਸਤਾਂ ਨੇ ਦੱਸਿਆ ਹੈ। ਤਾਂ ਸਾਡਾ- ਦੇਖੋ, ਜਦੋਂ ਕਿਸੇ ਸਭਿਅਤਾ ਦੀ ਚੜ੍ਹਤ ਹੁੰਦੀ ਹੈ ਤਾਂ ਉਸਦੀਆਂ ਤਿੰਨ ਗੱਲਾਂ ਦੇਖੀਆਂ ਜਾਂਦੀਆਂ ਹੁੰਦੀਆਂ ਹਨ- ਤੁਸੀਂ ਆਪਣੀਆਂ ਤ੍ਰੀਮਤਾਂ ਨਾਲ ਕਿਹੋ ਜਿਹਾ ਵਤੀਰਾ ਕਰਦੇ ਹੋ, ਤੁਸੀਂ ਆਪਣੀਆਂ ਘਟਗਿਣਤੀਆਂ ਨਾਲ ਕਿਹੋ ਜਿਹਾ ਵਰਤਦੇ ਹੋ, ਤੁਸੀਂ ਆਪਣੇ ਗ਼ਰੀਬਾਂ ਨਾਲ ਕਿਹੋ ਜਿਹਾ ਵਰਤਦੇ ਹੋ? ਇਹ ਤਿੰਨ ਹਨ। ਗਰੀਬਾਂ ਦਾ ਜੇ ਤੁਸੀਂ ਸਾਥ ਦਿੰਦੇ ਹੋ, ਅਤੇ ਇੱਕ ਮਿਸਾਲੀ ਸਮਾਜ ਬਣਾਉਂਦੇ ਹੋ, ਤਾਂ ਸਾਰੀ ਦੁਨੀਆ ਤੁਹਾਡਾ ਸਾਥ ਦੇਵੇਗੀ। ਅਤੇ ਔਰਤਾਂ ਦੀ ਇੱਜ਼ਤ- ਇੱਜ਼ਤ ਤੋਂ ਇਹ ਮਤਲਬ ਨਹੀਂ ਹੈ ਕਿ ਉਨ੍ਹਾਂ ਨੂੰ ਪਰਦੇ ਵਿਚ ਰੱਖੋ, ਇਹ ਕਰੋ, ਅਹੁ ਕਰੋ...-ਉਨ੍ਹਾਂ ਨੂੰ ਬਰਾਬਰ ਸਮਝੋ; ਉਨ੍ਹਾਂ ਦੀ ਅਕਲ ਤੁਹਾਡੇ ਜਿੰਨੀ ਹੀ ਹੈ, ਉਨ੍ਹਾਂ ਨੂੰ ਪੂਰਾ ਹੱਕ ਦਿਓ, ਕਿ ਉਹ ਸਮਾਜ ਵਿਚ ਤੁਹਾਡੇ ਨਾਲ ਪੂਰਾ ਮੋਢੇ ਨਾਲ ਮੋਢਾ ਜੋੜ ਕੇ ਇਸ ਮੁਲਕ ਨੂੰ ਇਕ

ਬਿਹਤਰ ਮੁਲਕ ਬਨਾਉਣ। ਅਤੇ ਤੁਹਾਡੀਆਂ ਘਟ-ਗਿਣਤੀਆਂ ਜੋ ਹਨ, ਉਨ੍ਹਾਂ ਨੂੰ ਯਾਰ, ਆਜ਼ਾਦੀ ਦਿਓ! ਇੱਕ ਜ਼ਮਾਨੇ ਵਿਚ ਸੈਸਿਲ ਚੌਧਰੀ ਜੋ ਹਨ ਤੁਹਾਡੇ, ਉਹ ਜੰਗ ਦੇ ਹੀਰੋ ਬਣ ਜਾਂਦੇ ਹਨ; ਜਸਟਿਸ ਭਗਵਾਨ ਦਾਸ ਨੇ ਵੱਡੇ ਵੱਡੇ ਫ਼ੈਸਲੇ ਦਿੱਤੇ- ਤਾਂ ਤੁਸੀਂ ਇਨਸਾਨ ਨੂੰ ਕਿਓਂ ਨਹੀਂ ਦੇਖਦੇ? ਕਿ ਉਹ ਅੱਛਾ ਹੈ ਯਾ ਬੁਰਾ ਹੈ? ਮਜ਼ਹਬ ਦੀ ਬੁਨਿਆਦ ਉੱਤੇ ਤੁਸੀਂ ਲੇਬਲ ਲਗਾ ਦਿੰਦੇ ਹੋ ਤਾਂ ਇਹ ਤਾਂ ਨਾਕਾਮਯਾਬੀ ਹੈ, ਯਾਰ! ਇਸ ਦਾ ਤਾਂ ਕੋਈ ਮਤਲਬ ਹੀ ਨਹੀਂ ਹੈ!! ਅੱਜ ਤੋਂ 1300 ਸਾਲ ਪਹਿਲਾਂ ਦੁਨੀਆ ਹੋਰ ਸੀ, ਦੁਨੀਆ ਨੂੰ ਦੇਖਣ ਦਾ ਨਜ਼ਰੀਆ ਹੋਰ ਸੀ, ਲੇਬਲਿੰਗ ਦਾ ਤਰੀਕਾ ਹੋਰ ਸੀ- ਅੱਜ ਤਾਂ ਉਹ ਨਹੀਂ ਹੈ। ਮਸਲਨ- ਮੈਂ ਇੱਕ ਹੋਰ ਮਿਸਾਲ ਦਿੰਦਾ ਹਾਂ- ਇਸਲਾਮੀ ਨਿਜ਼ਾਮ ਵਿਚ ਹਮੇਸ਼ਾ ਤੋਂ 'ਜਜ਼ੀਆ' ਲਿਆ ਜਾਂਦਾ ਰਿਹਾ ਹੈ। ਜਦੋਂ ਦੋ ਤਿੰਨ ਵਾਰ ਨਹੀਂ ਲਿਆ ਗਿਆ ਜਜ਼ੀਆ ਤਾਂ- ਕਿੰਨਾ ਰੌਲਾ ਪਿਆ ਸੀ! -ਮੁਗ਼ਲਾਂ ਦੇ ਦੌਰ ਵਿਚ..ਅੱਜ ਕੋਈ ਮੌਲਵੀ ਨਹੀਂ ਸੁਣਿਆ ਮੈਂ ਕਿ ਜਜ਼ੀਆ ਲਓ..ਦਿਲ'ਚ ਕਹਿੰਦੇ ਹੋਣ ਤਾਂ ਮੈਨੂੰ ਪਤਾ ਨਹੀਂ। ਮੈਂ ਪਬਲਿਕ 'ਚ ਕਦੇ ਨਹੀਂ ਸੁਣਿਆ। ਗੁਲਾਮੀ ਇੱਕ ਸੰਸਥਾ ਸੀ-ਸਾਰੀ ਇਸਲਾਮੀ ਦੁਨੀਆ ਵਿਚ ਇਸ ਨੂੰ ਇੱਕ ਅਟੱਲ ਹੋਂਦ ਮੰਨ ਲਿਆ ਗਿਆ ਹੋਇਆ ਸੀ। ਮੌਲਵੀ ਜਾਂ ਹੋਰ ਕੋਈ ਅੱਜ ਕਹਿੰਦਾ ਹੈ ਕਿ ਅਸੀਂ ਗੁਲਾਮੀ ਵਾਪਿਸ ਲਿਆਵਾਂਗੇ? ਤਾਂ ਮੌਲਵੀ ਜਾਂ ਹੋਰ ਜੋ ਇਸ ਕਿਸਮ ਦੀ ਸੋਚ ਦੇ ਲੋਕ ਹਨ, ਉਹ ਮੱਡਰਨ ਜ਼ਮਾਨੇ ਦੀਆਂ ਕਈ ਗੱਲਾਂ ਮੰਨ ਚੁੱਕੇ ਹਨ। ਦੇਖੋ, ਅਯੂਬ ਖਾਨ ਤੇ ਉਹ ਜੋ ਉਸਦੀ ਹੈ M-MUSLIM .ਹਾਂ, ਉਸ ਵਿਚ ਉਸ ਨੇ 16 ਸਾਲ ਦੀ ਘੱਟੋਘੱਟ ਉਮਰ ਜੋ ਰੱਖੀ ਸ਼ਾਦੀ ਦੇ ਲਈ ਔਰਤ ਲਈ- ਮੈਂ ਉਸ ਦਾ ਗਵਾਹ ਹਾਂ, ਜਦੋਂ ਇਹ ਬਣਿਆ ਸੀ ਤਾਂ ਮੇਰੀ 13-14 ਸਾਲ ਦੀ ਉਮਰ ਸੀ - ਏਨਾ ਰੌਲਾ ਪਿਆ ਸੀ! ਕਿ ਜੀ, ਇਹ ਉਮਰ ਦੀ ਹੱਦ ਕਿੱਥੋਂ ਲੈ ਆਏ ਹਨ? ਪਰ ਉਸ ਨੂੰ, ਜ਼ਿਆ ਉਲ ਹੱਕ ਜਿਹਾ ਪਿਛਾਂਹਖਿਚ ਸੋਚ ਵਾਲਾ ਵੀ ਜੋ ਹੈ, ਉਹ ਉਸ ਕਾਨੂੰਨ ਨੂੰ ਨਹੀਂ ਬਦਲ ਸਕਿਆ। ਕਿਓਂਕਿ ਹਰੇਕ ਦੇ ਘਰ ਵਿਚ ਬੇਟੀ ਹੈ। ਤੇ ਦੁਨੀਆ ਬਦਲ ਗਈ ਹੈ ਯਾਰ! ਬੱਚਿਆਂ ਦੀ ਸ਼ਾਦੀ ਕੋਈ (ਇਓਂ) ਕਰਦਾ ਹੈ? ਓਹੀ ਕਰਦਾ ਹੈ ਜੋ ਮਜਬੂਰ ਹੈ। ਵਰਨਾ ਹਰ ਇਕ ਦੀ ਕੋਸ਼ਿਸ਼ ਹੁੰਦੀ ਹੈ ਕਿ ਇਹ ਪੜ੍ਹ ਲਿਖ ਜਾਏ, ਇਸਨੂੰ ਕੋਈ ਅੱਛਾ ਸਾਥੀ ਮਿਲ ਜਾਏ। ਕਿਓਂ ਨਹੀਂ ਤੁਸੀਂ ਆਪਣੇ ਆਪ ਨੂੰ ਮੱਡਰਨ ਕਰਦੇ ਪਏ? ਅਤੇ 21ਵੀਂ ਸਦੀ ਦਾ ਹਿੱਸਾ ਬਣਦੇ ਪਏ? ਮੁਸਲਮਾਨਾਂ ਨੂੰ ਇਸ ਤੋਂ ਬਾਹਰ ਕਿਓਂ ਰੱਖ ਰਹੇ ਹੋ ਤੁਸੀਂ? 21ਵੀਂ ਸਦੀ ਵਿਚ ਤੁਹਾਡਾ ਇੱਕ ਯੋਗਦਾਨ ਨਹੀਂ! ਸਗੋਂ ਪਿਛਲੇ 800 ਸਾਲ ਵਿਚ ਇੱਕ ਯੋਗ-ਦਾਨ ਨਹੀਂ ਹੈ- ਨਾ ਵਿਗਿਆਨਕ, ਨਾ ਥਿਊਰੀ ਵੱਲੋਂ; *ਨਾ ਸਮਾਜਕ ਵਿਗਿਆਨ ਵਿਚ, ਸਿਵਾਏ ਇਬਨੇ ਅਲ ਹੇਥਮ ਨਦੇ। ਉਹ 500 ਸਾਲ ਪਹਿਲਾਂ। ਕੋਈ ਹੋਰ ਹੈ ਹੀ ਨਹੀਂ- ਨਾ ਸੁਸਾਇਟੀ ਨੂੰ ਸਮਝਣ ਦੀ, ਨਾ ਕੁਦਰਤ ਨੂੰ ਸਮਝਣ ਦੀ- ਨਾਲ ਰਲੋ ਬਈ!* (ਚੱਲਦਾ।)

ਅੰਬਰੀਂ ਚੜ੍ਹੀ ਗੁੱਡੀ

ਨਿੱਕਾ ਜਿਹਾ ਬੱਚਾ ਬਾਪੂ ਨਾਲ ਟਰੈਕਟਰ 'ਤੇ ਸ਼ਹਿਰ ਜਾਂਦਾ, ਭਮੱਤਰਿਆ ਵੱਡੀਆਂ ਵੱਡੀਆਂ ਦੁਕਾਨਾਂ ਦੇਖਦਾ, ਕਦੇ ਕਿਸੇ ਦੁਕਾਨ ਮੂਹਰੇ ਖੜ੍ਹ ਜਾਂਦਾ ਕਦੇ ਕਿਸੇ ਮੂਹਰੇ। ਜਦੋਂ ਖੇਡਾਂ ਮਿਲਦੀਆਂ ਤਾਂ ਚਾਂਭਲਿਆ ਫਿਰਦਾ ਜਿਵੇਂ ਭਾਪੇ ਦੀ ਜੇਬ 'ਚੋਂ ਸਾਰਾ ਸ਼ਹਿਰ ਖ਼ਰੀਦ ਲੈਣਾ ਹੋਵੇ। ਅਖੀਰ ਘਰ ਨੂੰ ਮੁੜਨ ਲੱਗਿਆਂ ਯਾਦ ਆਉਂਦਾ ਕਿ ਹਾਏ ਯਾਰ ਜਿਹੜੀ ਚੀਜ਼ ਸਭ ਤੋਂ ਜ਼ਰੂਰੀ ਸੀ ਉਹ ਤਾਂ ਚਾਅ ਚਾਅ 'ਚ ਭੁੱਲ ਹੀ ਗਏ ਸੀ। ਫੇਰ ਦੁਕਾਨ ਮੂਹਰੇ ਜ਼ਿਦ ਕਰਦਾ ..ਰੋਂਦਾ.. ਬਾਪੂ 'ਤੇ ਗੁੱਸਾ ਵੀ ਚੜਦਾ, ਪਰ ਫੇਰ ਬਾਪੂ ਦਾ ਬਾਹਲਾ ਮੋਹ ਆਉਂਦਾ ਜਦੋਂ ਬਾਪੂ ਦੁਕਾਨ ਅੰਦਰ ਜਾ ਕੇ ਕਹਿੰਦਾ...

"ਲਾਲਾ, ਇਹਨੂੰ ਆਹ ਗੁੱਡੀ ਬਣਾਉਣ ਆਲੇ ਤਾਅ ਦੇ ਦੇ ਯਾਰ .. ਰੰਗ ਬਰੰਗੇ ਜੇਹੇ .. ਨਾਲੇ ਡੋਰ ਆਲ਼ੀਆਂ ਦੋ ਅੱਟੀਆਂ ਜ਼ੀਆਂ ਵੀ ਦੇ ਦੀਂ ..

ਪਿੰਡ ਮੁੜਦਿਆਂ ਰੇਹ ਆਲ਼ੀ ਟਰਾਲੀ 'ਤੇ ਬੈਠਾ ਤਾਅ ਤੇ ਡੋਰ ਆਲ਼ੇ ਲਫ਼ਾਫ਼ੇ ਨੂੰ ਸੰਭਾਲ ਸੰਭਾਲ ਰੱਖਦਾ. ਘਰੇ ਵੜਦਿਆਂ ਹੀ ਟਰਾਲੀ ਦੇ ਡਾਲ਼ੇ ਤੋਂ ਛਾਲ ਮਾਰਦਾ .. ਖ਼ੁਸ਼ੀ 'ਚ ਸੈਕਲ ਚੱਕ ਬਾਹਰ ਨਿਕਲ ਜਾਂਦਾ ਹਾਣੀਆਂ ਨੂੰ ਦੱਸਣ ਲਈ। ਫੇਰ ਤਾਅ ਨਾਲ ਰੰਗ ਬਰੰਗੇ ਲੰਮੇ ਲੰਮੇ ਪੂੰਛਿਆਂ ਆਲ਼ੀ ਦੋ-ਰੰਗੀ, ਬਾਹਲ਼ੀ ਸੋਹਣੀ ਗੁੱਡੀ ਬਣਾਉਂਦਾ, ਵੱਡੀ ਬੇਬੇ ਤੋਂ ਡੋਰ ਆਲ਼ੀ ਅੱਟੀ ਨੂੰ ਡੱਕੇ 'ਤੇ ਵਲ੍ਹੇਟਣਾ ਸਿੱਖਦਾ, ਲੰਮਾ ਤੌਣਾ ਪਾ ਕੇ ਜਦੋਂ ਗੁੱਡੀ ਉਡਾਉਂਦਾ ਤਾਂ ਉਹ ਪਹਿਲਾਂ ਨਾਂਹ-ਨੁੱਕਰ ਜਿਹੀ ਕਰਦੀ, ਫੇਰ ਕੋਠਿਆਂ ਤੋਂ ਹੁੰਦੀ ਹੋਈ ਅੰਬਰੀਂ ਚੜ੍ਹ ਜਾਂਦੀ।.. ਆਸੇ ਪਾਸੇ ਗਲੀ ਗਵਾਂਢ ਦੇ ਜਵਾਕਾਂ 'ਚ ਚਰਚਾ ਹੁੰਦੀ ਕਿ ਆਹ ਐਡੀ ਸੋਹਣੀ ਗੁੱਡੀ ਕਿਸਦੀ ਆ ਯਾਰ।

ਇਕ ਦਿਨ ਜਵਾਕ ਚਾਈਂ ਚਾਈਂ ਕੋਠੇ ਚੜ੍ਹਦਾ, ਹਵਾ ਦਾ ਰੁਖ ਦੇਖ ਗੁੱਡੀ ਚੜ੍ਹਾਉਂਦਾ, ਅੱਜ ਉਸਦੀ ਗੁੱਡੀ ਐਸੀ ਚੜ੍ਹੀ ਕਿ ਅਸਮਾਨੀਂ ਗੱਲਾਂ ਕਰਦੀ ਆ, ਸਭ ਤੋਂ ਉੱਚੀ, ਸਭ ਤੋਂ ਸੋਹਣੀ। ਸਾਰੇ ਕੋਠਿਆਂ ਤੋਂ ਆਵਾਜ਼ਾਂ ਦਿੰਦੇ ਆ... "ਚੜ੍ਹਗੀ ਅੰਬਰੀਂ- ਚੜ੍ਹਗੀ ਅੰਬਰੀਂ!!" ਅੱਜ ਜਿਵੇਂ ਉਸਦਾ ਹੀ ਦਿਨ ਹੋਵੇ, ਹਵਾ ਟਿਕ ਜਾਂਦੀ ਏ, ਥੱਲੇ ਤੋਂ ਆਵਾਜ਼ ਪੈਂਦੀ ਆ.. ਉਹ ਡੋਰ ਕੋਠੇ 'ਤੇ ਪਏ ਗੱਡੇ ਦੇ ਵਿੱਢ ਨਾਲ ਬੰਨ੍ਹ ਕੇ ਥੱਲੇ ਤੁਰ ਜਾਂਦਾ.. ਮੱਝਾਂ ਨੂੰ ਪੱਠੇ ਪਾਉਂਦਾ, ਤੂੜੀ ਦੀਆਂ ਪੰਡਾਂ ਭਰਦਾ ਪਰ ਧਿਆਨ ਅੰਬਰੀਂ ਚੜ੍ਹੀ ਗੁੱਡੀ 'ਚ ਹੀ ਹੁੰਦਾ। ਕੰਮ ਨਬੇੜ ਜਦੋਂ ਉਹ ਗੁੱਡੀ ਲਾਉਣ ਲੱਕੜ ਦੀ ਪੌੜੀ ਚੜ੍ਹਦਾ ਤਾਂ ਹਾਲੇ ਅੱਧ 'ਚ ਹੀ ਹੁੰਦਾ ਕਿ ਡੋਰ ਟੁੱਟਦੀ ਉਸ ਦੇ ਸਿਰ ਉੱਤੋਂ ਹੁੰਦੀ ਹੋਈ ਵਿਹੜਾ ਟੱਪ ਜਾਂਦੀ ਆ, ਉਹ ਭਮੱਤਰਿਆ ਅੱਧ 'ਚੋਂ ਛਾਲ ਮਾਰਦਾ ਟੁੱਟੀ ਡੋਰ ਤੇ ਹੱਥੋਂ ਛੁੱਟੀ ਗੁੱਡੀ ਵੱਲ ਭੱਜਦਾ, ਫਿਰ ਬਾਰ 'ਚੋਂ ਕਮਲਿਆਂ ਵਾਂਗ ਮੁੜਦਾ ਸੈਕਲ ਚੱਕਦਾ, ਪਿੱਛੇ ਭੱਜਦੀ ਬੀਬੀ ਨੂੰ ਬਸ ਐਨਾ ਹੀ ਸੁਣਦਾ... "ਉਹ ਬੀਬੀਏ! ਮੇਰੀ ਗੁੱਡੀ ਤਾਂ ਗਈ...!!"

ਕਰਨ ਬਰਾੜ ਹਰੀ ਕੇ ਕਲਾਂ

ਖੇਤਾਂ ਖਾਲਾਂ ਕੰਡਿਆਂ ਰੋੜਿਆਂ ਉੱਤੋਂ ਦੀ ਠੇਡੇ ਵੱਜਦੇ ਆ ਫਿਰ ਵੀ ਉਹ ਵਾਹੋ ਵਾਹੀ ਭੱਜਦਾ ਵਾਹਣਾਂ ਵਿੱਚ ਦੀ ਡਿੱਗਦਾ ਜਦੋਂ ਆਪਣੀ ਗੁੱਡੀ ਤੱਕ ਪਹੁੰਚਦਾ ਤਾਂ ਉਹ ਸਾਰੀ ਇਉਂ ਪਾਟੀ ਹੁੰਦੀ ਆ ਜਿਵੇਂ ਰੋਈਆਂ 'ਚ ਚਾਂਭਲੇ ਕੁੱਤੇ ਮੂੰਹ 'ਚ ਲੀਰਾਂ ਫਸਾਅ ਫਸਾਅ ਪਾੜਦੇ ਆ। ਉਦਾਸ ਮਨ ਨਾਲ ਠੇਡੇ ਵੱਜੇ ਪੈਰਾਂ 'ਚੋਂ ਕੰਡੇ ਕੱਢਦਾ, ਅੱਧ ਪਚੱਧੀ ਡੋਰ ਕੱਠੀ ਕਰਦਾ - ਉਹ ਵੀ ਉੱਥੇ ਮੱਝਾਂ ਚਾਰਦੇ ਮਸ਼ਟੰਡੇ ਖੋਹ ਲੈਂਦੇ ਆ। ਭਰੀਆਂ ਅੱਖਾਂ ਨਾਲ ਬਾਪੂ ਦੀ ਕੁੱਟ ਤੋਂ ਡਰਦਾ ਤੇ ਪਾਟੀ ਗੁੱਡੀ ਦੇ ਦਰਦ ਲਈ ਚੋਰੀ ਚੋਰੀ ਘਰੇ ਵੜਦਾ, ਭੁੱਬਾਂ ਮਾਰ ਉਡੀਕ ਰਹੀ ਬੀਬੀ ਦੀ ਬੁੱਕਲ 'ਚ ਵੜ ਜਾਂਦਾ ਜਿਵੇਂ ਸਾਰਿਆਂ ਤੋਂ ਲੁਕ ਜਾਣਾ ਚਾਹੁੰਦਾ ਹੋਵੇ। ਦੱਸਦੇ ਦਾ ਗੱਚ ਭਰ ਜਾਂਦਾ, ਫਿਰ ਲੋਕਾਂ ਦੀਆਂ ਚੜ੍ਹੀਆਂ ਗੁੱਡੀਆਂ ਵੱਲ ਦੇਖਦਾ ਕਹਿੰਦਾ... "ਮੇਰੇ ਕੋਲ ਤਾਂ ਕੁਝ ਵੀ ਨੀ ਬਚਿਆ ਬੀਬੀਏ!"।

ਬੀਬੀ ਘੁੱਟ ਕੇ ਕਾਲਜੇ ਨਾਲ ਲਾਉਂਦੀ ਦਿਲਾਸੇ ਦਿੰਦੀ ਆ, ਪੈਰ ਦੇ 'ਗੂਠੇ 'ਚੋਂ ਸਿਮਦੇ ਲਹੂ ਵੱਲ ਦੇਖ ਬੀਬੀ ਦੀਆਂ ਅੱਖਾਂ ਭਰ ਆਉਂਦੀਆਂ, ਚੁੰਨੀ ਦੇ ਪੱਲੇ ਨਾਲ ਲੀਰ ਪਾੜ ਕੇ 'ਗੂਠੇ 'ਤੇ ਬੰਨ੍ਹਦੀ ਆ ਫਿਰ ਛੇਤੀ ਦੇਣੇ ਅੰਦਰੋਂ ਪੇਟੀ 'ਤੇ ਵਿਛੀ ਚਾਦਰ ਥੱਲੋਂ ਪੈਸੇ ਕੱਢ ਕੇ ਜੇਬ 'ਚ ਪਾਉਂਦੀ ਬਾਪੂ ਦਾ ਡਰ ਲਾਹੁੰਦੀ ਬੋਲਦੀ ਆ... "ਵੇਖ ਲਾ, ਬੋਲਦਾ ਨੀ, ਮੇਰਾ ਪੁੱਤ ਲੰਮੇ ਲੰਮੇ ਰੰਗ ਬਰੰਗੇ ਪਹੁੰਚਿਆਂ ਆਲੀ ਬਾਹਲੀ ਸੋਹਣੀ ਗੁੱਡੀ ਬਣਾਊਗਾ, ਇੱਕ ਦਿਨ ਫਿਰ ਮੇਰੇ ਪੁੱਤ ਦੀ ਗੁੱਡੀ ਸਾਰਿਆਂ ਤੋਂ ਉੱਚੀ ਜਾਊਗੀ, ਵੇਖ ਲਈਂ ਕਰਨੇ ਦੇ ਭਾਪੇ, ਅੰਬਰਾਂ 'ਤੇ ਜਾਊ ਮੇਰੇ ਪੁੱਤ ਦੀ ਗੁੱਡੀ ਇਕ ਦਿਨ.. ਬੋਲਦਾ ਨੀ, ਵੇਖੀ ਜਾਈਂ..!"

ਮੈ ਜ਼ਿੰਦਗੀ ਦੀਆਂ ਪੈਂਤੀ ਕੁ ਪੱਤਝੜਾਂ ਤੇ ਬਹਾਰਾਂ ਵੇਖ ਆਇਆਂ, ਬਹੁਤ ਧੋਖੇ ਖਾਧੇ ਤੇ ਬਥੇਰੀਆਂ ਯਾਰੀਆਂ ਨਿਭਾਈਆਂ, ਬੜੀ ਵਾਰ ਡਿੱਗੇ ਹਾਂ ਬੜੀ ਵਾਰ ਉੱਠੇ ਆਂ, ਪਿੰਡ ਰਹਿੰਦਿਆਂ ਰਿਸ਼ਤਿਆਂ ਦਾ ਨਿੱਘ ਵੀ ਰੱਜ ਕੇ ਮਾਣਿਆ ਤੇ ਪਰਦੇਸਾਂ 'ਚ ਆਪਣਿਆਂ ਦੇ ਵਿਛੋੜੇ ਵੀ ਝੱਲੇ ਆ, ਘਾਟੇ ਵੀ ਬੜੇ ਆ ਜ਼ਿੰਦਗੀ 'ਚ ਤੇ ਬਹੁਤ ਕੁਝ ਔਕਾਤ ਨਾਲੋਂ ਵੀ ਵੱਧ ਮਿਲਿਆ ਪਰ ਕਦੇ ਬਹੁਤੀ ਚੜ੍ਹੇ ਲਹਿੰਦੇ ਦੀ ਪਰਵਾਹ ਨੀ ਕਰੀਦੀ।

ਮੈਂ ਜ਼ਿੰਦਗੀ ਦੀਆਂ ਮੁਸ਼ਕਲਾਂ ਵਾਲੀ ਡੋਰ, ਬਾਹਲੇ ਆਰੀ, ਹੁਣ ਵੀ ਕੋਠੇ 'ਤੇ ਪਏ ਗੱਡੇ ਦੇ ਵਿੱਢ ਨਾਲ ਬੰਨ੍ਹ ਕੇ ਪਰਵਾਰ ਦੀਆਂ ਖੁਸ਼ੀਆਂ ਤੇ ਬੱਚਿਆਂ ਦੇ ਹਾਸਿਆਂ ਦੀਆਂ ਪੰਡਾਂ ਭਰਨ ਥੱਲੇ ਆ ਜਾਨਾਂ.. ਕਿਉਂਕਿ ਮੈਨੂੰ ਬਹੁਤੀ ਫ਼ਿਕਰ ਨੀ ਹੁੰਦੀ ਕਿ ਪਿੱਛੋਂ ਕੋਈ ਮੇਰੀ ਚੜ੍ਹੀ ਗੁੱਡੀ ਦੀ ਡੋਰ ਕੱਟ ਦੇਊਗਾ। "ਵਾਹਿਗੁਰੂ" ਕਰਕੇ ਮੇਰੇ ਕੋਲ ਰੱਬ ਦੇ ਆਸਰੇ ਵਰਗੀ ਉਹ "ਮਾਂ" ਹੈਗੀ ਆ... ਜੋ ਛੇਤੀ ਦੇਣੇ ਮੇਰੇ ਜ਼ਖ਼ਮਾਂ 'ਤੇ ਚੁੰਨੀ ਦੇ ਪੱਲੇ ਨਾਲੋਂ ਲੀਰ ਪਾੜ ਕੇ ਬੰਨ੍ਹਦੀ ਮੈਨੂੰ ਹਿੱਕ ਨਾਲ ਲਾਕੇ ਬੋਲੂਗੀ... "ਵੇਖ ਲਾ, ਬੋਲਦਾ ਨੀ, ਮੇਰਾ ਪੁੱਤ ਬਾਹਲੀ ਸੋਹਣੀ ਗੁੱਡੀ ਬਣਾਊਗਾ, ਇੱਕ ਦਿਨ ਫਿਰ ਮੇਰੇ ਪੁੱਤ ਦੀ ਗੁੱਡੀ ਸਾਰਿਆਂ ਤੋਂ ਉੱਚੀ ਜਾਊਗੀ, ਵੇਖ ਲਈਂ ਕਰਨੇ ਦੇ ਭਾਪੇ, ਅੰਬਰਾਂ 'ਤੇ ਜਾਊ ਮੇਰੇ ਪੁੱਤ ਦੀ ਗੁੱਡੀ ਇਕ ਦਿਨ.. ਬੋਲਦਾ ਨੀ, ਵੇਖੀ ਜਾਈਂ...!"

{ਅਸਟ੍ਰੇਲੀਆ

ਨਿੱਕਿਆਂ ਦੀ ਨੁੱਕਰ



ਜ਼ਿੰਦਗੀ ਮਿਲੇ ਨਾ ਚਾਹੇ, ਤੁਹਾਡੇ ਅਨੁਕੂਲ
ਪਰ ਯਾਰੋ ਜਿੱਥੇ ਜਗ੍ਹਾ ਮਿਲੇ, ਉੱਥੇ ਉਗਣਾ ਜ਼ਰੂਰ
ਜਿੰਨਾ ਕੰਮ ਤੁਹਾਡੇ ਹਿੱਸੇ ਆਵੇ, ਕਰਨਾ ਜ਼ਰੂਰ
ਲੌਕਡਾਊਨ ਨੇ ਬਹੁਤ ਕੁਝ ਸਿਖਾਇਆ,
ਇਹ ਵੀ ਪੱਲੇ ਬੰਨ੍ਹਣਾ ਜ਼ਰੂਰ
'ਖੰਘੂੜਿਆ' ਕਦੇ ਆਪਣੀ ਹੈਸੀਅਤ 'ਤੇ,
ਨਾ ਕਰਨਾ ਗ਼ਰੂਰ
ਜਦੋਂ ਵੀ ਤੁਹਾਡੀ ਵਾਰੀ ਆਵੇ,
ਕਮਰ ਕੱਸਣਾ ਜ਼ਰੂਰ
ਜੇ ਧਰਤੀ ਦੀ ਛੋਹ ਨਾ ਮਿਲੀ,
ਇਹ ਤੁਹਾਡਾ ਨਹੀਂ ਕਸੂਰ
ਜਿੰਨੀ ਵੀ ਜ਼ਿੰਦਗੀ ਤੁਹਾਡੇ ਹਿੱਸੇ ਲਿਖੀ,
ਇਹ ਤਾਂ ਰੱਬ ਦੇ ਨੇ ਅਸੂਲ
ਪਰ ਤੁਸੀਂ ਯਾਰੋ, ਫੁੱਲਾਂ ਵਾਂਗੂ ਮਹਿਕਣਾ ਜ਼ਰੂਰ।
ਬੂਟੇ ਵੀ ਦੇਖ ਲਓ,
ਰੱਬ ਦੀ ਰਜ਼ਾ ਵਿੱਚ ਰਹਿੰਦੇ ਨੇ, ਹਜ਼ੂਰ
ਜ਼ਿੰਦਗੀ ਮਿਲੇ ਨਾ ਚਾਹੇ, ਤੁਹਾਡੇ ਅਨੁਕੂਲ
ਪਰ ਯਾਰੋ ਜਿੱਥੇ ਜਗ੍ਹਾ ਮਿਲੇ, ਉੱਥੇ ਉੱਗਣਾ ਜ਼ਰੂਰ!
"ਬੀ-ਪਾਜ਼ੀਟਿਵ" (ਚੜ੍ਹਦੀ ਕਲਾ) ਯਾਰੋ ਰਹਿਣਾ ਜ਼ਰੂਰ

-ਗਿਲਬਰਟ ਸਿੰਘ

ਚਲਾਕ ਚਮਗਾਦੜਾਂ

ਲਓ ਜੀ ਇਹ ਬੜੀ ਪੁਰਾਣੀ ਗੱਲ ਹੈ, ਤੇ ਜੰਗਲ ਵਿਚ ਓਦੋਂ ਕੋਈ ਵੀ ਰਾਜਾ ਨਹੀਂ ਸੀ ਹੁੰਦਾ। ਜਾਨਵਰ ਕਹਿੰਦੇ "ਬੱਬਰ ਸ਼ੇਰ ਹੋਵੇ ਜੰਗਲ ਦਾ ਰਾਜਾ।" ਪੰਛੀ ਕਹਿੰਦੇ, "ਬਾਜ਼ ਹੋਵੇ ਰਾਜਾ।" ਬਹੁਤ ਸਾਰੀ ਚਰਚਾ ਚੱਲੀ, ਬਹਿਸਬਾਜ਼ੀ ਹੋਈ, ਪਰ ਕੋਈ ਅਖੀਰੀ ਫ਼ੈਸਲਾ ਨਾ ਹੋ ਸਕਿਆ।

ਚਮਗਾਦੜਾਂ ਸਨ ਚਲਾਕ। ਉਹ ਜਾਨਵਰਾਂ ਕੋਲ ਜਾ ਪੁੱਜੀਆਂ, ਅਖੇ, "ਲੈ ਅਸੀਂ ਵੀ ਤਾਂ ਜਾਨਵਰ ਹੀ ਹੁੰਦੀਆਂ ਹਾਂ, ਅਸੀਂ ਵੀ ਤਾਂ ਇਹੋ ਕਹਿੰਦੀਆਂ ਹਾਂ ਕਿ ਸਾਡਾ ਪਿਆਰਾ ਬੱਬਰ ਸ਼ੇਰ ਬਣੇ, ਰਾਜਾ। ਸਾਡੇ ਵਿਚੋਂ ਸਭ ਤੋਂ ਤਕੜਾ, ਬੇਸ਼ਕ, ਓਹੋ ਹੀ ਹੈ।" ਅਤੇ ਜਾਨਵਰ ਇਹ ਮੰਨ ਬੈਠੇ ਕਿ ਚਮਗਾਦੜਾਂ ਉਨ੍ਹਾਂ ਦਾ ਹੀ ਸਾਥ ਦੇਣਗੀਆਂ।

ਫੇਰ ਚਮਗਾਦੜਾਂ ਜਾ ਪਹੁੰਚੀਆਂ ਪੰਛੀਆਂ ਦੇ ਕੋਲ। "ਲਓ, ਅਸੀਂ ਪੰਛੀ ਹੀ ਤਾਂ ਹੁੰਦੀਆਂ ਹਾਂ, ਅਸੀਂ ਕਹਿੰਦੀਆਂ ਹਾਂ ਕਿ ਸਾਡੇ ਦਿਲਾਂ ਦਾ ਰਾਣਾ, ਬਾਜ਼, ਹੀ ਬਣੇ ਸਾਡੇ ਜੰਗਲ ਦਾ ਰਾਜਾ।" ਅਤੇ ਪੰਛੀਆਂ ਸੋਚ ਲਿਆ ਕਿ ਚਮਗਾਦੜਾਂ ਉਨ੍ਹਾਂ ਦੇ ਹੀ ਵੱਲ ਹਨ।

ਕੁਝ ਦਿਨ ਲੰਘ ਗਏ। ਇੱਕ ਦਿਨ ਪੰਛੀਆਂ ਨੂੰ ਪਤਾ ਲੱਗ ਗਿਆ ਕਿ ਚਲਾਕ ਚਮਗਾਦੜਾਂ ਤਾਂ ਚਿੜੋਂ ਉਨ੍ਹਾਂ ਦੇ ਨਾਲ ਨਹੀਂ ਹਨ ਅਤੇ ਖੋਟੀਆਂ ਹਨ। ਬੁੱਝੋ ਫੇਰ ਉਨ੍ਹਾਂ ਕੀ ਕੀਤਾ? ਉਨ੍ਹਾਂ ਜਾਨਵਰਾਂ ਨੂੰ ਵੀ ਇਸਦੀ ਖਬਰ ਦੇ ਦਿੱਤੀ!

ਜਾਨਵਰਾਂ ਆਪੋ ਵਿਚ ਆਖਿਆ, "ਤਾਂ, ਚਮਗਾਦੜਾਂ ਬੜੀਆਂ ਚਲਾਕ ਬਣਦੀਆਂ ਹਨ, ਕੋਈ ਨਹੀਂ, ਇਨ੍ਹਾਂ ਨੂੰ ਤਾਂ ਚੰਗਾ ਸਬਕ ਸਿਖਾਵਾਂਗੇ।"

ਲਓ ਜੀ, ਅਗਲੇ ਹੀ ਦਿਨ, ਪੰਛੀਆਂ ਅਤੇ ਜਾਨਵਰਾਂ ਆਪੋ ਵਿਚ ਅਮਨ ਸ਼ਾਂਤੀ ਕਰ ਲਈ। ਬੱਬਰ ਸ਼ੇਰ ਨੂੰ ਰਾਜਾ ਬਨਾਉਣ ਦਾ ਫ਼ੈਸਲਾ ਲੈ ਲਿਆ ਗਿਆ। ਨਵੇਂ ਨਵੇਂ ਬਣੇ ਰਾਜੇ ਨੇ ਚਮਗਾਦੜਾਂ ਨੂੰ ਕਿਹਾ, "ਆਓ ਬਈ ਹੁਣ ਤੁਸੀਂ ਇਹ ਦੱਸੋ ਕਿ ਤੁਸੀਂ ਕਿਹੜੇ ਟੋਲੇ ਦੀਆਂ ਹੋ- ਜਾਨਵਰ ਕਿ ਪੰਛੀ।" ਓਦੋਂ ਫੇਰ ਚਮਗਾਦੜਾਂ ਦੀ ਸੋਚ ਇਸ ਤਰ੍ਹਾਂ ਦੀ ਚੱਲ ਪਈ- "ਜਾਨਵਰਾਂ ਨਾਲ ਹੀ ਰਲ ਜਾਈਏ- ਬੱਬਰ ਸ਼ੇਰ ਰਾਜਾ ਜੋ ਹੈ।"

"ਅਸੀਂ ਜੀ ਜਾਨਵਰ ਹੁੰਦੀਆਂ ਹਾਂ!" ਉਨ੍ਹਾਂ ਐਲਾਨ ਕਰ ਦਿੱਤਾ। "ਪਰ ਤੁਹਾਡੇ ਤਾਂ ਖੰਭ ਹੁੰਦੇ ਹਨ ਨਾ, ਖੰਭਾਂ ਵਾਲਾ ਤਾਂ ਕੋਈ ਜਾਨਵਰ ਨਹੀਂ

ਹੁੰਦਾ। ਨਹੀਂ, ਨਹੀਂ, ਤੁਹਾਨੂੰ ਪੰਛੀਆਂ ਨਾਲ ਹੀ ਰਲਣਾ ਪੈਣਾ ਹੈ।" ਜਾਨਵਰਾਂ ਰੌਲਾ ਪਾ ਕੇ ਅਸਮਾਨ ਸਿਰ 'ਤੇ ਚੁੱਕ ਲਿਆ!

"ਨਹੀਂ ਨਹੀਂ ਜੀ, ਚਮਗਾਦੜਾਂ ਕੋਈ ਆਂਡੇ ਥੋੜ੍ਹਾ ਹੀ ਦੇਂਦੀਆਂ ਹਨ? ਇਨ੍ਹਾਂ ਦੇ ਤਾਂ ਬਾਲ ਚਮਗਾਦੜ ਜੰਮਦੇ ਹਨ, ਜੋ ਮਾਵਾਂ ਦਾ ਦੁੱਧ ਪੀ ਕੇ ਵੱਡੇ ਹੁੰਦੇ ਹਨ। ਇਹ ਆਂਡਿਆਂ ਵਿਚੋਂ ਨਹੀਂ ਨਿਕਲਦੀਆਂ, ਸੋ ਇਹ ਪੰਛੀ ਕਿਵੇਂ ਹੋਈਆਂ?" ਪੰਛੀਆਂ ਨੇ ਰੌਲਾ ਪਾ ਦਿੱਤਾ।

ਹੁਣ ਚਮਗਾਦੜਾਂ ਬੌਂਦਲ ਗਈਆਂ। ਅੱਗੋਂ ਕੀ ਕਹਿਣ, ਕੀ ਨਾ ਕਹਿਣ! ਕਿੱਧਰ ਜਾਣ, ਕਿੱਧਰ ਨਾ ਜਾਣ!

ਤੇ ਲਓ ਜੀ, ਓਦੋਂ ਤੋਂ ਲੈ ਕੇ ਅੱਜ ਤੱਕ, ਚਲਾਕ ਚਮਗਾਦੜਾਂ ਦਿਨ ਨੂੰ ਲੁਕੀਆਂ ਰਹਿੰਦੀਆਂ ਹਨ– ਇਹੋ ਜਿਹੀਆਂ ਇਕੱਲੀਆਂ ਕਾਰੀਆਂ ਥਾਵਾਂ 'ਤੇ ਕਿ ਜਿੱਥੇ ਕੋਈ ਉਨ੍ਹਾਂ ਨੂੰ ਦੇਖ ਨਾ ਸਕੇ। ਰਾਤ ਪੈਂਦੀ ਹੈ ਤਾਂ ਕਿਤੇ ਜਾ ਕੇ ਹਨੇਰੇ ਵਿਚ ਨਿਕਲਦੀਆਂ ਹਨ, ਜਦੋਂ ਸਾਰੇ ਸੁੱਤੇ ਪਏ ਹੁੰਦੇ ਹਨ। ਆਖਿਰ ਕੁਝ ਖਾਣਾ ਪੀਣਾ ਵੀ ਤਾਂ ਹੁੰਦਾ ਹੈ ਉਨ੍ਹਾਂ ਨੇ।

ਇੱਕ ਹੋਰ ਗੱਲ, ਪਤਾ ਨਹੀਂ ਕੀ ਉਨ੍ਹਾਂ ਦੇ ਮਨ ਵਿਚ ਆਈ– ਪਤਾ ਨਹੀਂ ਤਾਂ ਆਪਣੀ ਚਲਾਕੀ 'ਤੇ ਸ਼ਰਮਿੰਦਗੀ– ਉਹ ਪੁੱਠੀਆਂ ਲਟਕ ਕੇ ਸੌਂਦੀਆਂ ਹਨ!

ਰਚਨਾਤਮਕ ਅਨੁਵਾਦ: ਪੂਨਮ

(http://www.english-for-students.com/)

ਮੇਰੇ ਗੁਰੂ ਅਰਜਨ ਦੇਵ ਨੂੰ ਸਮਰਪਤ

ਪ੍ਰਵੀਨ ਕੌਰ, ਕੈਨੇਡਾ

ਜ਼ੁਲਮਾਂ ਦੇ ਅੱਗੇ
ਖੜ੍ਹ ਜਾਣਾ
ਜੁਰਮ ਨਹੀਂ ਹੁੰਦਾ

ਆਪਣੇ ਹੱਕਾਂ ਲਈ
ਖੜ੍ਹ ਜਾਣਾ
ਕੁਫ਼ਰ ਨਹੀਂ ਹੁੰਦਾ

ਇਹ ਸੀ ਜੋ
ਸਿੱਖ ਗੁਰੂਆਂ
ਸਿਖਾਇਆ ਮੈਨੂੰ

ਦਿੱਤਾ ਉਨ੍ਹਾਂ ਮੈਨੂੰ
ਬਰਾਬਰ ਰੁਤਬਾ
ਇੱਕ ਤੀਵੀਂ ਲਈ
ਉਨ੍ਹਾਂ ਦਿੱਤਾ ਮੈਨੂੰ
ਮੇਰਾ ਆਪਣਾ
ਇੱਕ ਸੰਬੋਧਨੀ-ਨਾਂ।

ਉਨ੍ਹਾਂ ਰੁਸ਼ਨਾਇਆ
ਮੇਰਾ ਮਨ
ਆਜ਼ਾਦ ਕਰਾਇਆ ਮੈਨੂੰ
ਗੁਲਾਮੀਓਂ

ਉਨ੍ਹਾਂ ਕਰਾਈ ਮੇਰੀ
ਬੰਦ-ਖਲਾਸੀ
ਪੈਰੀਂ ਸੰਗਲੀਆਂ ਤੋਂ
ਉਨ੍ਹਾਂ ਕਰਾਈ ਮੇਰੀ
ਬੰਦ-ਖਲਾਸੀ; ਧੌਣ
ਦੁਆਲੇ ਸੰਗਲੀਆਂ ਤੋਂ
ਉਨ੍ਹਾਂ ਕਰਾਈ ਮੇਰੀ
ਛੁੱਟੀ; ਨੱਕ ਵਿਚਲੀ
ਮੈਨੂੰ ਬੰਨ੍ਹਣੀ ਨੱਥ ਤੋਂ

ਉਨ੍ਹਾਂ ਫੜਾਈ ਮੈਨੂੰ
ਤਲਵਾਰ
ਉਨ੍ਹਾਂ ਫੜਾਈ ਮੈਨੂੰ
ਕਲਮ

ਅੰਗ੍ਰੇਜ਼ੀ ਤੋਂ ਅਨੁਵਾਦ: ਪੂਨਮ

ਬਿੱਲੋ ਦਾ ਦੁੱਖ

ਬਿੱਲੀਆਂ ਅੱਖਾਂ ਵਾਲੀ
ਬਿੱਲੋ ਕੁੱਤੀ ਸੂਈ ਹੈ
ਬੱਚਿਆਂ ਦੀਆਂ ਅੱਖਾਂ ਬੰਦ
ਫੇਰ ਵੀ ਲੈਂਦੇ ਦੁੱਧ ਲਭ
ਬਿੱਲੋ ਹਰ ਆਏ ਗਏ ਨੂੰ
ਲੈਰੀਆਂ ਕੁੱਤੀਆਂ ਵਾਂਗ ਪੈਂਦੀ
ਤ੍ਰਾਹ ਕੱਢ ਦੇਂਦੀ
ਸਾਹ ਕੱਢ ਲੈਂਦੀ ਬਿੱਲੋ
ਮੇਰੇ ਵੱਲੋਂ ਬੱਚੇ ਚੁੱਕਣ 'ਤੇ
ਤੇਜ਼ ਤੇਜ਼ ਦੁਮ ਹਿਲਾਉਂਦੀ
ਅੱਖਾਂ ਖੋਲ੍ਹ ਰਹੇ ਬੱਚੇ
ਬਿੱਲੋ ਮਗਰ ਮਗਰ
ਵਿਹੜੇ ਵਿਚ ਖੇਡਦੇ ਖਰੂਦ ਕਰਦੇ
ਦੁੱਧ ਲੱਭਣ ਫੁਲਕਾ ਟੁੱਕਣ
ਲਗ ਪਏ ਹਨ ਕਤੂਰੇ
ਸ਼ਰੀਰ ਵਧ ਰਹੇ
ਥਾਂ ਘਟ ਰਹੀ
ਰੋਟੀ ਵੀ ਵਧ ਰਹੀ।

ਮਿੱਤਰ ਕਤੂਰਾ ਮੰਗਦਾ
ਚਾਅ ਚੜ੍ਹ ਜਾਂਦਾ ਮੈਨੂੰ
ਬੱਚਾ ਚੁੱਕਦਾਂ
ਚਾਅ ਚੜ੍ਹਦਾ ਬਿੱਲੋ ਨੂੰ ਵੀ
ਦੁਮ ਹਿਲਾਉਂਦੀ ਨੱਚਦੀ
ਗੋਲ ਗੋਲ ਘੁੰਮਦੀ
ਦੋਸਤ ਨੂੰ ਫੜਾਉਂਦਾ ਹਾਂ ਕਤੂਰਾ
ਦੋਸਤ ਉੱਤੇ ਭੌਂਕਦੀ ਹੈ ਕੁੱਤੀ
ਬਿੱਲੋ ਨੂੰ ਉਸਦੇ ਪਿੰਜਰੇ ਵਿਚ
ਰੋਟੀ ਪਾ
ਕਤੂਰਾ ਮਿੱਤਰ ਨੂੰ ਫੜਾਉਂਦਾ
ਨਿਕਲ਼ ਜਾਣ ਨੂੰ ਕਹਿੰਦਾ
ਬਿੱਲੋ ਨੂੰ ਕੁਝ ਗ਼ਲਤ ਭਾਸਦਾ
ਸਭ ਕਤੂਰਿਆਂ ਨੂੰ ਸੁੰਘਦੀ
ਮਿੱਤਰ ਦੀ ਪੈਰਾਂ ਹੇਠਲੀ
ਧਰਤੀ ਵੀ ਸੁੰਘਦੀ
ਮੇਰੇ ਵੱਲ ਦੇਖਦੀ
ਹੌਲੀ ਹੌਲੀ ਦੁਮ ਹਿਲਾਉਂਦੀ

ਮੈਂ ਬਿੱਲੋ ਵਲ ਨਹੀਂ
ਗੇਟ ਵੱਲ ਦੇਖਦਾਂ
ਮਿੱਤਰ ਜਾ ਚੁੱਕਾ।

ਅਮ੍ਰਿਤ ਵੇਲੇ
ਕਿਸੇ ਘਰ ਵਿਚ, ਇਕੱਲੇ
ਕਤੂਰੇ ਦੇ ਚੂਕਣ ਦਾ
ਸੁਫ਼ਨਾ ਔਂਦਾ ਹੈ ਮੈਨੂੰ
ਬਿੱਲੋ ਅਰਦਾਸ ਕਰਦੀ
ਦਿਸਦੀ ਹੈ!

ਤ੍ਰਭਕ ਜਾਂਦਾ ਹਾਂ
ਦੂਜੇ ਕਮਰੇ ਵਿਚੋਂ
ਅਵਾਜ਼ ਆ ਰਹੀ
ਮੇਰੇ ਘਰ ਦੀ
ਸੁਖਮਨੀ ਕਰ ਰਹੀ

ਸਵਾਮੀ ਅੰਤਰ ਨੀਰਵ

ਯੂਨਾਨਵਾਦ (ਜਾਰੀ...)

ਜੀਵਨ-ਫ਼ਲਸਫ਼ਾ ਅਤੇ ਸਹਿਣਸ਼ਕਤੀ

(ਸਕੂਲੀ-ਇਮਤਿਹਾਨ ਵਿਚ ਸੋਫ਼ੀ ਨੂੰ ਪੁੱਛੇ ਗਏ ਸੁਆਲ- ਸੰ.)

ਇਸ ਤੋਂ ਬਾਅਦ, ਅਗਲਾ ਸੁਆਲ ਸੀ: "ਕਿਸੇ ਦਾ ਜੀਵਨ-ਫ਼ਲਸਫ਼ਾ ਕਿਵੇਂ ਬਣਦਾ ਹੁੰਦਾ ਹੈ?'

'ਇੱਥੇ ਤਾਂ ਹਾਲਾਤ ਅਤੇ ਪਰਵਰਿਸ਼ ਹੀ ਅਹਿਮ ਹਨ। ਅਫ਼ਲਾਤੂਨ ਦੇ ਸਮੇਂ ਵਿਚ ਰਹਿਣ ਵਾਲੇ ਲੋਕਾਂ ਦਾ ਜੀਵਨ-ਫ਼ਲਸਫ਼ਾ ਅੱਜ ਦੇ ਇਨਸਾਨਾਂ ਦੇ ਜੀਵਨ-ਫ਼ਲਸਫ਼ੇ ਤੋਂ ਅੱਡ ਸੀ, ਕਿਉਂਕਿ ਓਸ ਸਮੇਂ ਲੋਕ ਇੱਕ ਵੱਖਰੇ ਯੁਗ ਅਤੇ ਵੱਖਰੇ ਹਾਲਾਤ ਵਿਚ ਰਹਿ ਰਹੇ ਸਨ।

ਦੂਸਰੀ ਵਜ੍ਹਾ ਇਹ ਹੁੰਦੀ ਹੈ ਕਿ 'ਲੋਕ ਆਪਣੇ ਲਈ ਕਿਸ ਤਰ੍ਹਾਂ ਦੇ ਤਜਰਬੇ-ਅਨੁਭਵ ਚੁਣਦੇ ਹਨ। ਇੱਥੇ, ਹੋ ਸਕਦਾ ਹੈ ਕਿ ਕੋਈ ਜਣਾ ਉਸ ਸਮੇਂ ਦੇ ਮਾਹੌਲ ਅਤੇ ਸਮਾਜਕ ਹਾਲਾਤ ਦਾ, ਓਸ ਮਾਹੌਲ ਅਤੇ ਸਮਾਜਕ ਹਾਲਾਤ ਨਾਲ ਮੁਕਾਬਲਾ ਕਰ ਕਰ ਕੇ ਵੇਖਣਾ ਚਾਹੇ ਜੋ ਕਿ "ਅਫ਼ਲਾਤੂਨ ਦੀ ਗੁਫ਼ਾ" ਦੇ ਹੇਠਾਂ, ਉਸਦੀਆਂ ਨੀਹਾਂ ਵਿਚ ਕਿਤੇ ਮੌਜੂਦ ਸਨ। ਆਪਣੀ ਅਕਲ ਨੂੰ ਵਰਤ ਲੋਕ ਆਪਣੇ ਆਪ ਨੂੰ ਹਨੇਰੇ ਤੋਂ ਬਾਹਰ ਲਿਆਉਣ ਦਾ ਜਤਨ ਸ਼ੁਰੂ ਕਰ ਸਕਦੇ ਹਨ। ਪਰ ਇਸ ਕਿਸਮ ਦੀ ਯਾਤਰਾ ਦੇ ਲਈ, ਉਸ ਜਣੇ ਵਿਚ ਖ਼ੁਦ ਵਿਚ ਵੀ, ਇੱਕ ਹੌਂਸਲਾ ਹੋਣਾ ਜ਼ਰੂਰੀ ਹੈ। ਸੁਕਰਾਤ ਅਜਿਹੇ ਇਨਸਾਨ ਦੀ ਇੱਕ ਚੰਗੀ ਮਿਸਾਲ ਹੈ ਜਿਸ ਨੇ ਕਿ ਆਪਣੀ ਅਕਲ ਵਰਤ ਕੇ ਆਪਣੇ ਸਮੇਂ ਵਿਚ ਚੱਲ ਰਹੇ ਵਿਚਾਰਾਂ ਤੋਂ ਆਪਣੇ ਆਪ ਨੂੰ ਆਜ਼ਾਦ ਕਰ ਲਿਆ।'

ਅਖੀਰ ਵਿਚ ਸੋਫ਼ੀ ਨੇ ਇਹ ਲਿਖਿਆ: 'ਅੱਜ ਕੱਲ੍ਹ, ਕਈ ਦੇਸ਼ਾਂ ਅਤੇ ਸੰਸਕ੍ਰਿਤੀਆਂ (ਰਹਿਣ-ਸਹਿਣ-ਸੰ.) ਦੇ ਲੋਕ ਆਪਸ ਵਿਚ ਵਧ ਵਧ ਕੇ ਘੁਲ-ਮਿਲ ਰਹੇ ਹਨ। ਇੱਕ ਹੀ ਰਿਹਾਇਸ਼ੀ-ਬਿਲਡਿੰਗ ਵਿਚ ਈਸਾਈ, ਮੁਸਲਮਾਨ ਅਤੇ ਬੋਧੀ ਲੋਕ ਵਸਦੇ ਦੇਖੇ ਜਾ ਸਕਦੇ ਹਨ। ਅਜਿਹੇ ਵਿਚ ਇਹ ਅਹਿਮ ਹੈ ਕਿ ਲੋਕ ਇੱਕ ਦੂਜੇ ਦੇ ਵਿਸ਼ਵਾਸਾਂ-ਅਕੀਦਿਆਂ ਨੂੰ ਮਨਜ਼ੂਰ ਕਰ ਲੈਣ, ਬਜਾਇ ਇਸਦੇ ਕਿ ਉਹ ਇਹ ਸੁਆਲ ਪੁੱਛਣ ਕਿ ਹਰ ਕੋਈ ਇੱਕੋ ਹੀ ਚੌਧਰ ਨੂੰ ਕਿਓਂ ਨਹੀਂ ਮੰਨ ਲੈਂਦਾ?'

ਇਹ ਤਾਂ ਕਾਫ਼ੀ ਠੀਕ-ਠਾਕ ਮੈਂ ਲਿਖ ਲਿਆ ਹੈ, ਸੋਫ਼ੀ ਨੇ ਸੋਚਿਆ। ਓਸ ਇਹ ਸਾਫ਼ ਮਹਿਸੂਸ ਕੀਤਾ ਕਿ ਉਸ ਆਪਣੇ ਫ਼ਲਸਫ਼ੇ ਦੇ ਟੀਚਰ ਤੋਂ ਜੋ ਜੋ ਸਿੱਖਿਆ ਸੀ ਉਸ ਵਿਚੋਂ ਵਾਹਵਾ-ਸਾਰਾ ਵਰਤ ਲਿਆ ਹੈ। ਅਤੇ ਜੇ ਕੋਈ ਕਮੀ ਰਹਿ ਵੀ ਗਈ ਸੀ ਤਾਂ ਉਹ ਤਾਂ ਹਮੇਸ਼ਾ ਹੀ ਆਪਣੀ ਆਮ ਸੂਝ-ਬੂਝ ਅਤੇ ਪੜ੍ਹੀਆਂ-ਸੁਣੀਆਂ ਗੱਲਾਂ ਨੂੰ ਵਰਤ ਪੂਰੀ ਕੀਤੀ ਹੀ ਜਾ ਸਕਦੀ ਸੀ।

ਹੁਣ ਉਸ ਨੇ ਤੀਜੇ ਸੁਆਲ ਉੱਤੇ ਧਿਆਨ ਟਿਕਾਇਆ:

'ਅੰਤਹਕਰਨ (ਅੰਦਰਲੇ-ਸੰ.) ਦਾ ਕੀ ਮਤਲਬ ਹੈ? ਕੀ ਤੁਹਾਡੇ ਖ਼ਿਆਲ ਵਿਚ ਸਾਰਿਆਂ ਵਿਚ ਇੱਕੋ ਜਿਹਾ ਅੰਤਹਕਰਨ ਹੁੰਦਾ ਹੈ?'

ਇਸ ਉੱਤੇ ਤਾਂ ਉਨ੍ਹਾਂ ਆਪਣੀ ਜਮਾਤ ਵਿਚ ਪਤਾ ਨਹੀਂ ਕਿੰਨੀ ਚਰਚਾ ਕੀਤੀ ਹੋਈ ਸੀ।

ਸੋਫ਼ੀ ਨੇ ਲਿਖਿਆ: 'ਅੰਤਹਕਰਨ ਲੋਕਾਂ ਦੀ ਉਹ ਯੋਗਤਾ-ਕਾਬਲੀਅਤ ਹੈ ਜੋ ਉਨ੍ਹਾਂ ਨੂੰ, ਜਦੋਂ ਉਹ ਸਹੀ ਅਤੇ ਗਲਤ ਉੱਤੇ ਵਿਚਾਰ ਕਰ ਰਹੇ ਹੋਣ, ਤਾਂ ਜੁਆਬ ਦੇਂਦੀ ਹੁੰਦੀ ਹੈ। ਮੇਰੀ ਆਪਣੀ ਰਾਇ ਇਹ ਹੈ ਕਿ ਇਹ ਕਾਬਲੀਅਤ ਹਰੇਕ ਕੋਲ ਹੁੰਦੀ ਹੈ, ਅਤੇ, ਦੂਜੇ ਸ਼ਬਦਾਂ ਵਿਚ, ਅੰਤਹਕਰਨ ਜਮਾਂਦਰੂ ਹੈ। ਸੁਕਰਾਤ ਵੀ ਏਹੀ ਆਖਦਾ। ਪਰ ਅੰਤਹਕਰਨ ਕੀ ਹੁਕਮ ਦੇਂਦਾ ਹੈ, ਇਹ, ਅੱਡ-ਅੱਡ ਲੋਕਾਂ ਵਿਚ ਅੱਡ-ਅੱਡ ਹੈ। ਇੱਥੇ ਸੋਫ਼ਿਸਟਾਂ ਦੇ ਕੋਲ ਇੱਕ ਚੰਗੀ ਦਲੀਲ ਸੀ। ਉਨ੍ਹਾਂ ਮੁਤਾਬਕ, ਸਹੀ ਅਤੇ ਗ਼ਲਤ ਦਾ ਫ਼ੈਸਲਾ ਉਸ ਮਾਹੌਲ ਰਾਹੀਂ ਹੁੰਦਾ ਹੈ ਜਿਸ ਵਿਚ ਪਲ ਕੇ ਕਿ ਕੋਈ ਵੱਡਾ ਹੋਇਆ ਹੁੰਦਾ ਹੈ। ਪਰ ਦੂਜੇ ਪਾਸੇ, ਸੁਕਰਾਤ ਦਾ ਮੰਨਣਾ ਇਹ ਸੀ ਕਿ ਅੰਤਹਕਰਨ ਸਾਰਿਆਂ ਵਿਚ ਇੱਕੋ ਜਿਹਾ ਹੁੰਦਾ ਹੈ। ਸ਼ਾਇਦ ਦੋਏ ਨਜ਼ਰੀਏ ਹੀ ਠੀਕ ਸਨ। ਜਿਵੇਂ, ਭਾਵੇਂ ਹੀ ਆਪਣੇ ਆਪ ਨੂੰ ਨੰਗਾ ਵਿਖਾਅ ਕੇ ਹਰੇਕ ਦੇ ਮਨ ਵਿਚ ਗੁਨਾਹ ਦਾ ਅਹਿਸਾਸ ਨਾ ਜਾਗਿਆ ਹੋਏ, ਪਰ ਬਹੁਤੇ ਲੋਕ ਤਾਂ ਅਸਲ ਵਿਚ ਆਪਣੇ ਘਟੀਆ ਵਤੀਰੇ-ਵਿਹਾਰ ਕਰਕੇ ਆਪਣੇ ਅੰਤਹਕਰਨ ਵਿਚ ਬੁਰਾ ਮਹਿਸੂਸ ਕਰਨਗੇ। ਫੇਰ ਵੀ ਇਹ ਗੱਲ ਚੇਤੇ ਰੱਖਣਯੋਗ ਹੈ ਕਿ ਅੰਤਰ-ਆਤਮਾ ਦਾ ਹੋਣਾ ਇੱਕ ਗੱਲ ਹੈ ਤੇ ਇਸ ਨੂੰ ਵਰਤਨਾ ਦੂਜੀ। ਕਦੇ ਕਦੇ ਅਸੀਂ ਲੋਕਾਂ ਨੂੰ ਛਲ-ਕਪਟ ਨਾਲ ਵਿਚਰਦਿਆਂ-ਵਰਤਦਿਆਂ ਦੇਖਦੇ ਹਾਂ ਪਰ ਮੇਰਾ ਵਿਸ਼ਵਾਸ ਹੈ ਕਿ ਡੂੰਘੇ ਅੰਦਰ ਕਿਤੇ, ਇੱਕ ਕਿਸਮ ਦੀ ਅੰਤਰਆਤਮਾ ਸਾਰਿਆਂ ਵਿਚ ਹੈ। ਇਹ ਬਿਲਕੁਲ ਉਸੇ ਤਰ੍ਹਾਂ ਹੈ ਕਿ ਕਦੇ ਕਦੇ ਜਾਪਦਾ ਹੁੰਦਾ ਹੈ ਕਿ ਕੁਝ ਲੋਕਾਂ ਵਿਚ ਬਿਲਕੁਲ ਅਕਲ ਨਹੀਂ, ਜਦੋਂ ਕਿ ਸੱਚ ਇਹ ਹੁੰਦਾ ਹੈ ਕਿ ਉਹ ਉਸ ਨੂੰ ਵਰਤ ਨਹੀਂ ਰਹੇ ਹੁੰਦੇ।

ਮਗਰੋਂ ਆਇਆ ਖ਼ਿਆਲ: ਆਮ ਸੂਝ-ਬੂਝ ਅਤੇ ਅੰਤਹਕਰਨ, ਦੋਹਾਂ ਦਾ ਮੁਕਾਬਲਾ ਕਿਸੇ ਮਾਸਪੇਸ਼ੀ-ਪੱਠੇ ਨਾਲ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸਰੀਰ ਦੇ ਕਿਸੇ ਪੱਠੇ ਨੂੰ ਵਰਤਦੇ ਨਹੀਂ ਪਏ ਤਾਂ ਉਹ ਕਮਜ਼ੋਰ ਪੈਂਦਾ ਜਾਂਦਾ ਹੈ।'

ਹੁਣ ਸਿਰਫ਼ ਇੱਕੋ ਸੁਆਲ ਬਚਿਆ ਸੀ।

'ਕਦਰਾਂ-ਕੀਮਤਾਂ ਵਿਚੋਂ ਤਰਜੀਹ (ਪਹਿਲ ਦੇਣ) ਦਾ ਕੀ ਮਤਲਬ ਹੈ?'

ਇਹ ਇੱਕ ਹੋਰ ਵਿਸ਼ਾ ਸੀ ਜਿਸ 'ਤੇ ਉਨ੍ਹਾਂ ਨੇ ਹੁਣੇ ਜਿਹੇ ਹੀ ਵਾਹਵਾ ਚਰਚਾ ਕੀਤੀ ਹੋਈ ਸੀ। ਉਦਾਹਰਣ ਦੇ ਲਈ- ਇੱਕ ਕਦਰ ਕੀਮਤ ਇਹ ਹੈ ਕਿ ਤੁਸੀਂ ਕਾਰ ਚਲਾਓ ਅਤੇ ਇੱਕ ਥਾਂ ਤੋਂ ਦੂਜੀ ਥਾਂ ਛੇਤੀ ਪਹੁੰਚ ਜਾਓ। ਪਰ ਜੇ ਕਾਰ ਚਲਾਉਣ ਲਈ ਜੰਗਲ ਕੱਟਣੇ ਪੈਣ ਅਤੇ ਕੁਦਰਤੀ ਆਲਾ ਦੁਆਲਾ ਗੰਦਲਾ ਹੋਏ, ਤਾਂ ਤੁਹਾਡੇ ਸਾਹਮਣੇ ਦੋ ਕਦਰਾਂ ਕੀਮਤਾਂ ਵਿਚੋਂ ਇੱਕ ਨੂੰ ਚੁਣਨ ਦਾ ਸੁਆਲ ਖੜ੍ਹਾ ਹੋ ਜਾਂਦਾ ਹੈ। ਚੰਗੀ ਤਰ੍ਹਾਂ ਵਿਚਾਰ ਕਰਨ ਤੋਂ ਬਾਅਦ ਸੋਫ਼ੀ ਇਸ ਨਿਚੋੜ 'ਤੇ ਪਹੁੰਚੀ ਕਿ ਕੰਮ 'ਤੇ ਛੇਤੀ ਪੁੱਜਣ ਦੀ ਥਾਂ ਸਿਹਤਮੰਦ ਜੰਗਲ ਅਤੇ ਸੁੱਧ ਆਲਦੁਆਲ ਰੱਖਣੇ ਵਧੇਰੇ ਕੀਮਤੀ ਹੈ। ਉਸ ਕਈ ਉਦਾਹਰਣਾਂ ਦਿੱਤੀਆਂ। ਅਖੀਰ ਵਿਚ ਉਸ ਲਿਖਿਆ:

"ਆਪਣੀ ਤੌਰ 'ਤੇ, ਮੈਂ ਸੋਚਦੀ ਹਾਂ ਕਿ ਅੰਗ੍ਰੇਜ਼ੀ ਵਿਆਕਰਣ ਦੀ ਥਾਂ 'ਤੇ ਫ਼ਲਸਫ਼ਾ ਇੱਕ ਅਹਿਮ ਵਿਸ਼ਾ ਹੈ। ਸੋ ਕਦਰਾਂ ਕੀਮਤਾਂ ਦੀ ਤਰਜੀਹ-ਪਹਿਲ ਬਾਰੇ ਸਮਝਦਾਰੀ ਇਸੇ ਵਿਚ ਹੋਏਗੀ ਕਿ ਅਸੀਂ ਆਪਣੇ ਟਾਈਮ-ਟੇਬਲ ਵਿਚ ਫ਼ਲਸਫ਼ਾ ਪਾਈਏ ਅਤੇ ਅੰਗ੍ਰੇਜ਼ੀ ਦੇ ਸਬਕਾਂ ਦੀ ਗਿਣਤੀ ਰਤਾ ਘੱਟ ਕਰ ਦਈਏ।'

ਅਖੀਰੀ ਆਰਾਮ-ਛੋਟ ਵਿਚ ਅਧਿਆਪਕ ਨੇ ਸੋਫ਼ੀ ਨੂੰ ਇੱਕ ਪਾਸੇ ਬੁਲਾਇਆ।- 'ਮੈਂ ਤੇਰਾ ਧਰਮ ਟੈੱਸਟ ਪੜ੍ਹ ਵੀ ਲਿਆ ਹੈ,' ਉਨ੍ਹਾਂ ਕਿਹਾ। 'ਇਹ ਸਾਰੇ ਜੁਆਬਾਂ ਵਿਚੋਂ ਤਕਰੀਬਨ ਸਭ ਤੋਂ ਚੰਗਾ ਹੈ।'

'ਸ਼ਾਇਦ ਤੁਹਾਨੂੰ ਸੋਚਣ ਦੇ ਕਈ ਨੁਕਤੇ ਲੱਭੇ ਹੋਣਗੇ।'

'ਇਹੀ ਤਾਂ ਉਹ ਚੀਜ਼ ਹੈ ਜਿਸ ਬਾਰੇ ਮੈਂ ਤੇਰੇ ਨਾਲ ਗੱਲ ਕਰਨੀ ਚਾਹੁੰਦਾ ਸੀ। ਕਈ ਤਰੀਕਿਆਂ ਨਾਲ ਤੇਰੀਆਂ ਗੱਲਾਂ ਬਹੁਤ ਸਿਆਣੀਆਂ ਹਨ। ਅਤੇ ਇਸ 'ਤੇ ਹੈਰਾਨੀ ਵੀ ਹੁੰਦੀ ਹੈ। ਤੂੰ ਖ਼ੁਦ-ਮੁਖ਼ਤਾਰ ਹੈਂ। ਪਰ ਕੀ ਤੂੰ ਆਪਣਾ ਹੋਮਵਰਕ ਕੀਤਾ ਹੈ, ਸੋਫ਼ੀ?'

ਸੋਫ਼ੀ ਥੋੜ੍ਹੀ ਝੇਂਪੀ। 'ਲਓ, ਤੁਸੀਂ ਹੀ ਤਾਂ ਕਿਹਾ ਸੀ ਕਿ ਆਪਣਾ ਖ਼ੁਦ ਦਾ ਕੋਈ ਨਜ਼ਰੀਆ ਰੱਖਣਾ ਬਹੁਤ ਜ਼ਰੂਰੀ ਹੈ।'

'ਇਹ ਤਾਂ ਠੀਕ ਹੈ, ਹਾਂ ਮੈਂ ਕਿਹਾ ਸੀ...ਪਰ ਉਸਦੀਆਂ ਹੱਦਾਂ ਵੀ ਹਨ।'

ਸੋਫ਼ੀ ਨੇ ਸਿੱਧਾ ਉਨ੍ਹਾਂ ਦੀਆਂ ਅੱਖਾਂ ਵਿਚ ਤੱਕਿਆ। ਉਸ ਨੂੰ ਜਾਪਿਆ ਕਿ ਉਸ ਨੂੰ ਹੁਣੇ ਜਿਹੇ ਜੋ ਪਕਿਆਈ ਮਿਲੀ ਹੈ ਉਸਦੀ ਨੀਂਹ 'ਤੇ ਉਹ ਇਓਂ ਕਰ ਸਕਦੀ ਸੀ।

'ਮੈਂ ਫ਼ਲਸਫ਼ਾ ਪੜ੍ਹਨਾ ਸ਼ੁਰੂ ਕਰ ਦਿੱਤਾ ਹੈ,' ਉਸ ਨੇ ਕਿਹਾ। 'ਇਸ ਤੋਂ ਮੈਨੂੰ ਆਪਣੀ ਵੀ ਇੱਕ ਰਾਇ ਬਨਾਉਣ ਲਈ ਚੰਗੀ ਸੇਧ ਮਿਲ ਰਹੀ ਹੈ।'

'ਪਰ ਇਸ ਨਾਲ ਮੇਰੇ ਲਈ ਇਹ ਸੌਖਾ ਨਹੀਂ ਕਿ ਤੈਨੂੰ ਨੰਬਰ ਕਿਵੇਂ ਦਿਆਂ। ਜਾਂ ਤਾਂ ਇਹ D ਹੋਏਗਾ, ਤੇ ਜਾਂ A।

"ਕਿਓਂਕਿ ਮੈਂ ਜਾਂ ਤਾਂ ਬਿਲਕੁਲ ਸਹੀ ਹਾਂ ਜਾਂ ਬਿਲਕੁਲ ਗਲਤ? ਕੀ ਤੁਸੀਂ ਇਹ ਆਖ ਰਹੇ ਓ?'

'ਚੱਲ ਛੱਡ', ਅਧਿਆਪਕ ਨੇ ਕਿਹਾ, 'ਪਰ ਅਗਲੀ ਵਾਰ ਆਪਣਾ ਹੋਮਵਰਕ ਕਰ ਲਈਂ।'

ਓਸ ਦਿਨ ਤੀਜੇ ਪਹਿਰ ਜਦੋਂ ਸੋਫ਼ੀ ਘਰ ਆਈ ਤਾਂ ਆਪਣਾ ਸਕੂਲ ਬੈਗ ਪੌੜੀਆਂ 'ਤੇ ਸੁੱਟ ਸਿੱਧਾ ਆਪਣੇ ਅੱਡੇ ਨੂੰ ਦੌੜੀ। ਮੁੜੀਆਂ-ਤੁੜੀਆਂ ਜੜ੍ਹਾਂ 'ਤੇ ਇੱਕ ਭੂਰਾ ਲਿਫ਼ਾ-ਫ਼ਾ ਪਿਆ ਸੀ। ਬੰਨਿਆਂ ਤੋਂ ਤਕਰੀਬਨ ਸੁੱਕਾ ਸੀ, ਇਸ ਦਾ ਮਤਲਬ ਇਹੋ ਸੀ ਕਿ ਹਰਮੀਜ਼ ਵੱਲੋਂ ਇਸ ਨੂੰ ਇੱਥੇ ਛੱਡਿਆਂ ਕਾਫ਼ੀ ਸਮਾਂ ਹੋ ਗਿਆ ਸੀ।

ਉਸ ਨੇ ਲਿਫ਼ਾਫ਼ਾ ਚੁੱਕਿਆ ਤੇ ਸਾਹਮਣੇ ਵਾਲੇ ਬੂਹਿਓਂ ਘਰ ਵਿਚ ਵੜੀ। ਜਨੌਰਾਂ ਨੂੰ ਖੁਰਾਕ ਪਾਈ ਤੇ ਉੱਤੇ ਆਪਣੇ ਕਮਰੇ ਨੂੰ ਗਈ। ਬਿਸਤਰ 'ਤੇ ਪੈ ਉਸ ਨੇ ਐਲਬਰਟੋ ਦਾ ਖ਼ਤ ਖੋਲ੍ਹਿਆ ਅਤੇ ਪੜ੍ਹਿਆ:

ਯੂਨਾਨਵਾਦ

ਅਸੀਂ ਫੇਰ ਆਨੇ ਵਾਲੀ ਥਾਂ ਹਾਂ, ਸੋਫ਼ੀ। ਕੁਦਰਤੀ ਫ਼ਲੱਸਫ਼ਈਆਂ ਸੁਕਰਾਤ, ਅਫ਼ਲਾਤੂਨ ਅਤੇ ਅਰੱਸਤੂ ਨੂੰ ਪੜ੍ਹ ਲੈਣ ਤੋਂ ਬਾਅਦ, ਹੁਣ ਯੂਰਪੀ ਫ਼ਲਸਫ਼ੇ ਦੀਆਂ ਨੀਹਾਂ ਨਾਲ ਤੇਰੀ ਵਾਹਵਾ ਜਾਨ-ਪਛਾਣ ਹੋ ਗਈ ਹੈ। ਹੁਣ ਇੱਥੋਂ ਅੱਗੇ ਅਸੀਂ ਉਨ੍ਹਾਂ ਸ਼ੁਰੂਆਤੀ ਜਾਣਕਾਰੀ ਵਾਲੇ ਸੁਆਲਾਂ ਨੂੰ ਛੱਡ ਦਿਆਂਗੇ, ਜਿਹੜੇ ਤੈਨੂੰ ਪਹਿਲੇ ਚਿੱਟੇ ਲਿਫ਼ਾਫ਼ਿਆਂ ਵਿਚ ਮਿਲੇ ਸਨ। ਮੇਰਾ ਖ਼ਿਆਲ ਹੈ ਤੂੰ ਆਪਣੇ ਸਕੂਲ ਤੋਂ ਮਿਲੇ ਹੋਰ ਬਹੁਤ ਸਾਰੇ ਕੰਮ ਦੇ ਨਾਲ ਨਾਲ ਟੈੱਸਟਾਂ ਦੀ ਵੀ ਤਿਆਰੀ ਕਰਨੀ ਹੋਏਗੀ

ਹੁਣ ਮੈਂ ਤੈਨੂੰ ਉਸ ਲੰਮੇ ਯੁਗ ਬਾਰੇ ਦੱਸਦਾ ਹਾਂ ਜੋ ਚੌਥੀ ਸ਼ਤਾਬਦੀ ਈਸਾ ਪੂਰਵ ਦੇ ਅਖੀਰ ਵਿਚ ਅਰੱਸਤੂ ਤੋਂ ਚੱਲ ਕੇ ਸਿੱਧਾ ਸ਼ੁਰੂਆਤੀ ਮੱਧ ਯੁਗ, ਤਕਰੀਬਨ 400 ਈਸਵੀ ਤੱਕ ਜਾਂਦਾ ਹੈ। ਧਿਆਨ ਦੇ, ਹੁਣ ਅਸੀਂ ਈ.ਪੂ.ਅਤੇ ਈਸਵੀ ਦੋਏ ਲਿਖ ਸਕਦੇ ਹਾਂ, ਕਿਓਂਕਿ ਈਸਾਈ ਧਰਮ ਬੇਸ਼ਕ ਇਸ ਯੁਗ ਦੇ ਸਭ ਤੋਂ ਅਹਿਮ ਅਤੇ ਬਹੁਤ ਹੀ ਰਹੱਸ ਭਰੇ ਤੱਥਾਂ (ਹਕੀਕਤਾਂ) ਵਿਚੋਂ ਇੱਕ ਰਿਹਾ।

ਅਰੱਸਤੂ ਦੀ ਮੌਤ 322 ਈ.ਪੂ. ਵਿਚ ਓਦੋਂ ਹੋ ਗਈ ਜਦੋਂ ਏਥੇਨਜ਼ ਦੀ ਸਰਦਾਰੀ ਵਾਲੀ ਗੱਲ ਮੁੱਕ ਮੁਕਾਅ ਚੁੱਕੀ ਸੀ। ਇੱਥੇ ਉਹ ਸਿਆਸੀ ਉਥਲ ਪੁਥਲ ਵੀ ਘੱਟ ਅਹਿਮੀਅਤ ਨਹੀਂ ਰੱਖਦੀ ਜਿਹੜੀ ਕਿ ਸਿਕੰਦਰ ਮਹਾਨ (356-323 ਈ.ਪੂ.) ਦੀਆਂ ਜਿੱਤਾਂ ਕਰਕੇ ਬਣੀ ਹੋਈ ਸੀ।

ਸਿਕੰਦਰ ਮਹਾਨ ਮੈਸੇਡੋਨੀਆ ਦਾ ਰਾਜਾ ਸੀ। ਅਰੱਸਤੂ ਵੀ ਮੈਸੇਡੋਨੀਆ ਦਾ ਰਹਿਣ ਵਾਲਾ ਸੀ ਅਤੇ ਉਹ ਨੌਜਵਾਨ ਸਿਕੰਦਰ ਦਾ ਕੁਝ ਚਿਰ ਗੁਰੂ ਵੀ ਰਿਹਾ ਸੀ। ਇਹ ਸਿਕੰਦਰ ਹੀ ਸੀ ਜਿਸ ਨੇ ਫ਼ਾਰਸ ਉੱਤੇ ਅਖੀਰੀ ਅਤੇ ਫ਼ੈਸਲਾਕੁਨ ਜਿੱਤ ਹਾਸਿਲ ਕੀਤੀ। ਹੋਰ, ਸੋਫ਼ੀ, ਉਸ ਆਪਣੀਆਂ ਅਨੇਕਾਂ ਜਿੱਤਾਂ ਰਾਹੀਂ ਮਿਸਰ ਅਤੇ ਦੂਰ ਦੂਰ ਤੱਕ ਦੇ ਪੂਰਬੀ ਮੁਲਕਾਂ ਨੂੰ, ਇੰਡੀਆ ਤੱਕ ਨੂੰ, ਯੂਨਾਨੀ ਸਭਿਅਤਾ ਨਾਲ ਜੋੜ ਦਿੱਤਾ ਸੀ।

ਇਸ ਤੋਂ ਮਨੁੱਖਤਾ ਦੇ ਇਤਿਹਾਸ ਵਿਚ ਇੱਕ ਨਵੇਂ ਯੁਗ ਦਾ ਮੁੱਢ ਬੱਝਦਾ ਹੈ। ਇੱਕ ਸਭਿਅਤਾ ਜਨਮੀ-ਪਨਪੀ ਜਿਸ ਵਿਚ ਯੂਨਾਨੀ ਭਾਸ਼ਾ ਅਤੇ ਯੂਨਾਨੀ ਸੰਸਕ੍ਰਿਤੀ ਨੇ ਅਗਲਵਾਂਢੀ ਹੋ ਕੇ ਕੰਮ ਕੀਤਾ। ਇਹ ਤਿੰਨ ਸੌ ਸਾਲਾਂ ਤੱਕ ਚੱਲਣ ਵਾਲਾ ਸਮਾਂ ਯੂਨਾਨਵਾਦ (Hellenism) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ਼ਬਦ 'ਯੂਨਾਨਵਾਦ' ਦੋ ਚੀਜ਼ਾਂ ਵੱਲ ਇਸ਼ਾਰਾ ਕਰਦਾ ਹੈ: ਇੱਕ ਤਾਂ ਹੈ ਇਹ ਸਮੇਂ ਦਾ ਨਾਪ ਅਤੇ ਦੂਜਾ, ਇਹ ਯੂਨਾਨੀ ਸਰਦਾਰੀ ਵਾਲੀ ਸਭਿਅਤਾ ਲਈ ਵਰਤਿਆ ਜਾਂਦਾ ਹੈ ਜੋ ਤਿੰਨ ਯੂਨਾਨਵਾਦੀ ਰਾਜਾਂ ਮੈਸੇਡੋਨੀਆ, ਸੀਰੀਆ ਅਤੇ ਮਿਸਰ ਵਿਚ ਫੈਲੀ ਹੋਈ ਸੀ।

ਪਰ 50 ਈ.ਪੂ. ਦੇ ਨੇੜੇ ਰੋਮ ਨੇ ਫ਼ੌਜੀ ਅਤੇ ਸਿਆਸੀ ਮਾਮਲਿਆਂ ਵਿਚ ਸਭ ਤੋਂ ਅੱਗੇ ਹੋ ਆਪਣੀ ਚੌਧਰ ਬਣਾਅ ਲਈ ਸੀ। ਇਸ ਨਵੀਂ ਮਹਾਂਸ਼ਕਤੀ ਨੇ ਹੌਲੀ-ਹੌਲੀ ਸਾਰੇ ਯੂਨਾਨਵਾਦੀ ਰਾਜਾਂ ਨੂੰ ਜਿੱਤ ਲਿਆ ਤੇ ਫੇਰ ਰੋਮ ਦੀ ਸਭਿਅਤਾ ਅਤੇ ਲਾਤੀਨੀ ਭਾਸ਼ਾ, ਪੱਛਮ ਵਿਚ ਸਪੇਨ ਤੋਂ ਲੈ ਕੇ ਏਸ਼ੀਆ ਵਿਚ ਦੂਰ ਦੂਰ ਤੱਕ ਸਰਦਾਰੀ ਪਕੜਦੀ ਗਈ। ਇਹ ਸੀ ਰੋਮਨ ਯੁਗ ਦੀ ਸ਼ੁਰੂਆਤ, ਜਿਸਨੂੰ ਅਸੀਂ ਅਕਸਰ *ਲੇਟ ਐਂਟੀਕ-ਟੀ* (ਬਾਅਦ ਦੀ ਪ੍ਰਾਚੀਨਤਾ) ਵੀ ਸੱਦਦੇ ਹਾਂ। ਪਰ ਇੱਕ ਗੱਲ ਚੇਤੇ ਰਹੇ- ਰੋਮ, ਯੂਨਾਨਵਾਦੀ ਦੁਨੀਆ 'ਤੇ ਕੋਈ ਵੀ ਜਿੱਤ ਹਾਸਿਲ ਕਰਨ ਤੋਂ ਪਹਿਲਾਂ, ਆਪ ਵੀ ਯੂਨਾਨੀ ਸਭਿਅਤਾ ਦਾ ਬੱਸ ਇੱਕ ਪ੍ਰਾਂਤ-ਸੂਬਾ ਹੁੰਦਾ ਸੀ। ਸੋ, ਯੂਨਾਨੀਆਂ ਦਾ ਦਬਦਬਾ ਬੀਤੇ ਵਿਚ ਗੁਆਚ ਜਾਣ ਦੇ ਲੰਮੇ ਅਰਸੇ ਬਾਅਦ ਵੀ, ਯੂਨਾਨੀ ਸੰਸਕ੍ਰਿਤੀ ਅਤੇ ਯੂਨਾਨੀ ਫ਼ਲਸਫ਼ੇ ਨੇ, ਇੱਕ ਅਹਿਮ ਕਿਰਦਾਰ ਨਿਭਾਇਆ। (ਚੱਲਦਾ)

(ਸੱਤਯਪਾਲ ਗੌਤਮ ਦੇ ਹਿੰਦੀ ਤੋਂ ਅਨੁਵਾਦ- ਪੂਨਮ ਸਿਘ)

ਨੌਜਵਾਨ ਪਰਵਾਸੀ ਗੁਰਬਖ਼ਸ਼ ਸਿੰਘ ਵੱਲੋਂ ਪਤਨੀ-ਪ੍ਰੀਤਮਾ ਨੂੰ ਖਤ

125 ਸਾਲ

ਐਨ ਆਰਬਰ ਮਿਸ਼ੀਗਨ
3 ਦਸੰਬਰ- 1921

ਮੇਰੀ ਪਿਆਰੀ ਜੀਤਾਂ,

ਤੇਰਾ ਪ੍ਰੇਮ-ਪੱਤਰ ਪਹੁੰਚਾ। ਤੂੰ ਮੇਰੀ ਸਿਹਤ ਦਾ ਬੜਾ ਫ਼ਿਕਰ ਕਰਦੀ ਜਾਪਦੀ ਹੈਂ। ਪਤਾ ਨਹੀਂ, ਮੈਂ ਝੂਠ ਮੂਠ ਕੀ ਲਿਖ ਦੇਂਦਾ ਰਿਹਾ ਹਾਂ! ਮੈਨੂੰ ਯਾਦ ਹੈ, ਮੈਂ ਐਡਾ ਬੀਮਾਰ ਤਾਂ ਕਦੇ ਹੋਇਆ ਨਹੀਂ। ਤੇਰੇ ਖ਼ਤਾਂ ਤੋਂ ਪਤਾ ਲਗਦਾ ਹੈ ਮੈਂ ਕਿਤੇ ਤੈਨੂੰ ਆਪਣੇ ਦੁਖੜੇ ਦਸਣ ਦੀ ਬੇ-ਵਜ੍ਹਾ ਕੋਸ਼ਿਸ਼ ਵਿਚ ਆਪਣੇ ਆਪ ਨੂੰ ਬਹੁਤ ਬੀਮਾਰ ਲਿਖਦਾ ਰਿਹਾ ਹਾਂ। ਜੀਤ, ਮੈਨੂੰ ਕੁਝ ਵੀ ਨਹੀਂ ਹੋਇਆ। ਚੰਗਾ ਭਲਾ ਹਾਂ। ਮਾੜੀ ਮੋਟੀ ਤਕਲੀਫ਼ ਆਉਂਦੀ ਰਹੀ ਹੈ, ਇਸ ਕਰਕੇ ਕਿ ਕੰਮ ਬਹੁਤ ਕਰਨਾ ਪੈਂਦਾ ਸੀ। ਹੁਣ ਕੰਮ ਅਗੇ ਨਾਲੋਂ ਵੀ ਜ਼ਿਆਦਾ ਹੈ। ਪਰ ਹੋਇਆ ਕੀ? ਲੋਕ ਕੰਮ ਨਹੀਂ ਕਰਦੇ? ਮੈਥੋਂ ਕਿੰਨਾ ਹੀ ਵਧੀਕ ਕੰਮ ਕਈ ਕਰਦੇ ਹਨ, ਤੇ ਉਹ ਕਿਸੇ ਨੂੰ ਸੁਣਾਂਦੇ ਤਕ ਨਹੀਂ। ਮੈਂ ਐਵੇਂ ਰੌਲਾ ਪਾਂਦਾ ਰਹਿਦਾ ਹਾਂ, ਤੇ ਤੁਹਾਨੂੰ ਫ਼ਿਕਰ ਵਿਚ ਸੁੱਟੀ ਰਖਦਾ ਹਾਂ। ਮੇਰੀ ਗ਼ਲਤੀ ਹੈ ਤੇ ਇਹਦੇ ਲਈ ਮੈਂ ਸ਼ਰਮਿੰਦਾ ਹਾਂ। ਯਕੀਨ ਜਾਣ, ਮੈਂ ਰਾਜੀ ਬਾਜੀ ਹਾਂ। ਮੈਨੂੰ ਕੋਈ ਸਰੀਰਕ ਬਿਮਾਰੀ ਨਹੀਂ, ਮੇਰਾ ਦਿਲ ਰਾਜੀ ਨਹੀਂ- ਫ਼ਿਕਰ ਨਾ ਕਰਿਆ ਕਰ।

ਤੂੰ ਆਖਿਆ ਹੈ- "ਏਨਾ ਕੰਮ ਨਾ ਕਰੋ।" ਮੈਂ ਆਪ ਕਿਸੇ ਵੇਲੇ ਖ਼ਿਆਲ ਕਰਦਾ ਹਾਂ, ਕਿ ਜਿੰਨਾ ਚਿਰ ਆਦਮੀ ਨੂੰ ਥੋੜੀ ਬਹੁਤੀ ਵਿਹਲ ਨਾ ਹੋਵੇ, ਓਨਾ ਚਿਰ ਉਹਦਾ ਜੀਅ ਕਦੇ ਖ਼ੁਸ਼ ਨਹੀਂ ਰਹਿ ਸਕਦਾ। ਪਰ ਦੁਵੱਲੀ ਗੱਲ ਇਕੋ ਜਿਹੀ ਹੈ- ਜੇ ਕੰਮ ਬਹੁਤਾ ਨਹੀਂ ਕਰ ਲੈਂਦਾ, ਤਾਂ ਵਿਛੋੜਾ ਲੰਮਾ ਹੁੰਦਾ ਜਾਂਦਾ ਹੈ, ਜਿਹੜਾ ਮੇਰੇ ਤੋਂ ਸਹਾਰਿਆ ਨਹੀਂ ਜਾਂਦਾ। ਬਸ ਇਹੀ ਫ਼ੈਸਲਾ ਕੀਤਾ ਹੈ ਕਿ ਜੋ ਹੋ ਸਕੇਗਾ ਕਰਨੋਂ ਫ਼ਰਕ ਨਾ ਕਰਾਂਗਾ, ਤਾਂ ਜੋ ਛੇਤੀ ਤੇਰੀਆਂ ਬਾਹਾਂ ਵਿਚ ਵਾਪਸ ਆ ਸਕਾਂ। ਮੈਨੂੰ ਕਿਸੇ ਹੋਰ ਥਾਂ ਸਵਾਦ ਨਹੀਂ ਆਉਂਦਾ।

ਤੂੰ ਕਿਉਂ ਆਪਣੇ ਆਪ ਨੂੰ ਨਿਕੰਮੀ ਲਿਖਦੀ ਹੈਂ? ਹੋਰ ਕੰਮ ਕਿਸ ਤਰ੍ਹਾਂ ਦੇ ਹੁੰਦੇ ਹਨ! ਤੂੰ ਮੇਰੇ ਲਈ ਉਹ ਕੁਝ ਕਰ ਰਹੀ ਹੈਂ, ਜੋ ਸ਼ਾਇਦ ਹੋਰ ਕੋਈ ਨਾ ਕਰ ਸਕਦਾ। ਤੂੰ ਮੈਨੂੰ ਬੜੀ ਮਦਦ ਦਿੱਤੀ ਹੈ, ਜਿਦ੍ਹੇ ਲਈ ਮੇਰੇ ਦਿਲ ਵਿਚ ਤੇਰੇ ਲਈ ਸਦੀਵੀ ਪਿਆਰ ਕਾਇਮ ਰਹੇਗਾ। ਮੇਰੇ 'ਭੈੜੇ'* ਕੰਮ ਵਲੋਂ ਸੁਣ ਕੇ ਤੈਨੂੰ ਦੁਖ ਪਹੁੰਚਾ ਹੈ। ਜੀਤ, ਦੁਖੀ ਨਾ ਹੋ। ਕੰਮ ਕੋਈ ਮਾੜਾ ਨਹੀਂ ਹੁੰਦਾ। ਅਜਿਹੇ ਕੰਮ ਵੀ ਆਦਮੀ ਹੀ ਕਰਦੇ ਹਨ। ਮੈਂ ਉਹਨਾਂ ਨਾਲੋਂ ਕੋਈ ਚੰਗਾ ਨਹੀਂ। ਦੂਜੇ ਏਸ ਕੰਮ ਨਾਲ ਮੇਰੇ ਪੰਝੀ ਡੱਾਲਰ ਮਹੀਨਾ ਬਚਦੇ ਨੇ, ਜਿਹੜੇ ਸੌ ਰੁਪਈਏ ਦੇ ਕਰੀਬ ਹਨ, ਤੇ ਭਾਰਤ ਵਰਗੇ ਗਰੀਬ ਦੇਸ ਵਿਚੋਂ ਏਨੀ ਰਕਮ ਕੱਢ ਕੇ ਏਸ ਅਮੀਰ ਦੇਸ ਦੇ ਖਜਾਨੇ ਸੁੱਟਣੀ ਮੁਨਾਸਬ ਨਹੀਂ ਜਾਪਦੀ। ਇਕ ਵਰ੍ਹੇ ਦੀ ਗਲ ਹੈ, ਤਿੰਨ ਮਹੀਨੇ ਗੁਜ਼ਰ ਗਏ ਹਨ, ਬਾਕੀ ਨੌਂ ਵੀ ਲੰਘ ਜਾਣਗੇ: ਫੇਰ ਦਿਨ ਫਿਰ ਪੈਣਗੇ। ਜਦੋਂ ਘਰ ਆਵਾਂਗਾ, ਓਦੋਂ ਵੇਖੀ ਜਾਏਗੀ।

ਮੈਨੂੰ ਖ਼ਿਆਲ ਸੀ ਕਿ ਤੈਨੂੰ ਜ਼ਰੂਰ ਤਕਲੀਫ਼ ਹੁੰਦੀ ਹੋਵੇਗੀ, ਸੋ ਤੇਰੇ ਖਤ ਤੋਂ ਪਤਾ ਲੱਗਾ ਹੈ ਕਿ ਤੈਨੂੰ ਥਾਂ ਕੁਥਾਂ ਤੋਂ ਮੰਗਣਾ ਪੈਂਦਾ ਹੈ। ਜੀਤ, ਮੈਨੂੰ ਸ਼ਰਮ ਆਉਂਦੀ ਹੈ ਕਿ ਜੋ ਕੰਮ ਮੇਰਾ ਸੀ, ਉਹਦਾ ਭਾਰ ਮੈਂ ਤੇਰੇ ਉੱਤੇ ਪਾਇਆ ਹੋਇਆ ਹੈ। ਮੈਂ ਕੁਝ ਆਖ ਨਹੀਂ ਸਕਦਾ। ਫੇਰ ਵੀ ਮੇਰਾ ਜੀਅ ਕਰਦਾ ਹੈ ਕਿ ਆਪਣੇ ਭਾਈਏ ਹੁਰਾਂ ਦੇ ਛੁਟ ਹੋਰ ਕਿਸੇ ਦਾ ਇਹਸਾਨ ਭਾਰਾ ਹੋਵੇਗਾ। ਜੇ ਜ਼ਿੰਦਗੀ ਹੈ ਤਾਂ ਅਗਲੇ ਦੋ ਵਰ੍ਹਿਆਂ ਵਿਚ ਮੈਂ ਸਾਰਾ ਕਰਜ਼ਾ ਲਾਹ ਦਿਆਂਗਾ, ਤੇ ਜੇ ਜ਼ਿੰਦਗੀ ਨਹੀਂ, ਤਾਂ ਮੇਰੇ ਬੀਮੇ ਵਿਚੋਂ ਜੋ ਰਕਮ ਤੈਨੂੰ ਮਿਲੇਗੀ ਉਸ ਵਿਚੋਂ ਲਾਹ ਦੇਵੇਂਗੀ, ਹੋਰ

---

* ਆਪਣੇ ਗੁਜ਼ਾਰੇ ਲਈ ਮੈਂ ਸੜਕ ਤੋਂ ਬਰਫ਼ ਹੂੰਝਦਾ ਸਾਂ, ਤੇ ਸਾਰੀ ਇਮਾਰਤ ਨੂੰ ਨਿਘਿਆਂ ਰਖਣ ਲਈ ਤਹਿਖ਼ਾਨੇ ਵਿਚ ਅੰਗੀਠੀ ਵਿਚ ਕੋਇਲੇ ਪਾਂਦਾ, ਬਾਲਦਾ ਤੇ ਸੁਆਹ ਬਾਹਰ ਸੁਟਦਾ ਸਾਂ।

ਕਿਸੇ ਕੋਲੋਂ ਲੈਣਾ ਚੰਗਾ ਨਹੀਂ ਲਗਦਾ। ਪਰ ਫੇਰ ਵੀ ਮੈਨੂੰ ਯਕੀਨ ਹੈ, ਕਿ ਜੋ ਕੁਝ ਤੂੰ ਕਰੇਂਗੀ, ਮੇਰੇ ਨਾਲੋਂ ਚੰਗਾ ਹੀ ਕਰੇਂਗੀ।

ਤੂੰ ਬੜਾ ਚੰਗਾ ਕੀਤਾ ਕਿ ਆਪਣੇ ਕਪੜੇ ਬੰਤ (ਮੇਰੀ ਭੈਣ) ਨੂੰ ਦੇ ਦਿਤੇ ਨੇ। ਤੂੰ ਕੇਡੀ ਚੰਗੀ ਹੈਂ, ਮੇਰੀ ਖਾਤਰ ਸਭ ਕੁਝ ਵਾਰ ਦੇਣ ਲਈ ਤਿਆਰ ਹੋ ਜਾਂਦੀ ਹੈਂ। ਕੁੜੀਆਂ ਨੂੰ ਗਹਿਣੇ ਕਪੜਿਆਂ ਦਾ ਬੜਾ ਸ਼ੌਕ ਹੁੰਦਾ ਹੈ, ਪਰ ਤੂੰ ਇਹਨੂੰ ਵੀ ਵਾਰ ਸੁਟਿਆ ਹੈ। ਪਿਆਰੀ ਜੀਤਾਂ, ਮੇਰਾ ਤਜਰਬਾ ਹੈ ਕਿ ਜਿਹੜੀ ਆਤਮਾ ਆਪਣੀਆਂ ਗ਼ਰਜ਼ਾਂ ਦੀ ਪਰਵਾਹ ਨਹੀਂ ਕਰਦੀ, ਉਹਦੀਆਂ ਗ਼ਰਜ਼ਾਂ ਅਕਾਲ ਪੁਰਖ ਪੂਰੀਆਂ ਕਰਦਾ ਹੈ। ਮੈਨੂੰ ਭਰੋਸਾ ਹੈ ਕਿ ਤੇਰੀ ਇਹ ਆਪਾ-ਰਹਿਤ ਸੇਵਾ ਮੇਰੇ ਤੇ ਤੇਰੇ ਦੋਹਾਂ ਲਈ ਬੜੇ ਚੰਗੇ ਫਲ ਲਿਆਵੇਗੀ। ਤੇਰੀਆਂ ਸਾਰੀਆਂ ਰੀਝਾਂ ਪੂਰੀਆਂ ਹੋਣਗੀਆਂ, ਤੈਨੂੰ ਉਚੇ ਦਰਜੇ ਦੀ ਖ਼ੁਸ਼ੀ ਨਸੀਬ ਹੋਵੇਗੀ। ਤੈਨੂੰ ਅਕਾਲ ਪੁਰਖ ਤੌਫ਼ੀਕ ਦੇਵੇਗਾ ਕਿ ਤੂੰ ਆਪਣੇ ਦੇਸ ਦੇ ਨੰਗਿਆਂ ਨੂੰ ਕਪੜੇ ਪਹਿਨਾਇਆ ਕਰੇਂਗੀ, ਖ਼ਾਲੀ ਢਿਡ ਭਰਿਆ ਕਰੇਂਗੀ। ਜਿੰਨੇ ਤੇਰੇ ਦਿਲ ਵਿਚ ਦਇਆ ਤੇ ਤਰਸ ਹਨ ਓਨਾ ਹੀ ਧਨ ਅਕਾਲ ਪੁਰਖ ਤੈਨੂੰ ਦੇਵੇਗਾ, ਤਾਂ ਕਿ ਤੂੰ ਲੋੜਵੰਦਾਂ ਦੀ ਲੋੜ ਬਿਨਾ ਸੰਕੋਚ ਪੂਰੀ ਕਰ ਸਕੇਂ। ਜਿਹੜੇ ਅਜ ਆਪਣੀਆਂ ਲੋੜਾਂ ਤੇ ਰੀਝਾਂ ਨੂੰ ਦਬੇ ਰਖ ਕੇ ਜੋ ਥੋੜਾ ਬਹੁਤ ਹੈ, ਉਹ ਦੂਜਿਆਂ ਲਈ ਖ਼ਰਚ ਕਰਦੇ ਹਨ, ਉਹਨਾਂ ਨੂੰ ਹੀ ਤਾਕਤ ਮਿਲੇਗੀ ਕਿ ਕਿਸੇ ਦਿਨ ਆਪਣੀਆਂ ਲੋੜਾਂ ਤਾਂ ਕਿਤੇ ਰਹੀਆਂ, ਦੇਸ ਦੀਆਂ ਲੋੜਾਂ ਪੂਰੀਆਂ ਕਰ ਸਕਣਗੇ। ਜੀਤ, ਉਚੇ ਤੋਂ ਉਚਾ ਧਨ ਚੰਗਾ ਦਿਲ ਹੈ। ਜਿਸ ਛਾਤੀ ਵਿਚ ਐਸਾ ਦਿਲ ਹੋਵੇ ਕਿ ਉਹ ਖ਼ਿਆਲ ਵਿਚ ਵੀ ਕਿਸੇ ਦੂਜੇ ਨੂੰ ਪੀੜ ਨਾ ਪੁਚਾ ਸਕੇ, ਹਰ ਦੁਖੀਏ ਨੂੰ ਦੇਖ ਕੇ ਦਰਦਮੰਦ ਹੋ ਸਕੇ, ਸਦਾ ਸੇਵਾ ਲਈ ਤਾਂਘਦਾ ਹੋਵੇ, ਪਿਆਰ ਨਾਲ ਭਰਪੂਰ ਹੋਵੇ, ਹਮੇਸ਼ਾਂ ਦੂਜਿਆਂ ਦੀ ਚੰਗਿਆਈ ਹੀ ਵੇਖਦਾ ਹੋਵੇ, ਉਹ ਇਕ ਅਤੁੱਟ ਖ਼ਜ਼ਾਨਾ ਹੈ। ਉਹਦੀ ਅਮੀਰੀ ਨੂੰ ਹੋਰ ਕੁਝ ਨਹੀਂ ਪਹੁੰਚ ਸਕਦਾ।

ਮੈਂ ਬੜਾ ਖ਼ੁਸ਼ ਹਾਂ ਕਿ ਮੇਰੀ ਸਾਥਣ ਤੂੰ ਹੈਂ। ਮੇਰੇ ਦਿਲ ਵਿਚ ਸੇਵਾ ਦੀ ਖ਼ਾਹਿਸ਼ ਸ਼ੁਰੂ ਤੋਂ ਹੀ ਸੀ, ਹਮੇਸ਼ਾਂ ਜੀਅ ਚਾਹੁੰਦਾ ਸੀ ਕਿ ਕਿਸੇ ਦੇ ਕੰਮ ਆ ਸਕਾਂ। ਤੂੰ ਮੇਰੀ ਇਸ ਖ਼ਾਹਿਸ਼ ਨੂੰ ਆਪਣੀ ਮਿਸਾਲ ਨਾਲ ਹੋਰ ਪਕਿਆਂ ਕਰ ਦਿਤਾ ਹੈ। ਤੇਰੇ ਸਾਥ ਦਾ ਨਤੀਜਾ ਹੈ ਕਿ ਅਜ ਸਭ ਤੋਂ ਵਡੀ ਮੇਰੀ ਖ਼ਾਹਿਸ਼ "ਸੇਵਾ" ਹੈ। ਹਰ ਰੋਜ਼ ਪ੍ਰਾਰਥਨਾ ਵਿਚ ਇਹੀ ਮੰਗਦਾ ਹਾਂ, "ਹੇ ਪਿਆਰੇ, ਮੈਨੂੰ ਦੇਸ ਸੇਵਾ ਤੇ ਜੀਤ-ਸੇਵਾ ਦੇ ਲਾਇਕ ਬਣਾ।

ਪਿਆਰੀ, ਮੇਰੀ ਇਹੀ ਰੀਝ ਹੈ ਕਿ ਤੇਰੀਆਂ ਰੀਝਾਂ ਲਾਹ ਸਕਾਂ ਤੇ ਤੈਨੂੰ ਦੂਜਿਆਂ ਦੀਆਂ ਰੀਝਾਂ ਲਾਂਹਦਿਆਂ ਵੇਖਾਂ, ਤੇ ਆਪਣੇ ਦੇਸ ਲਈ ਕੋਈ ਅਸਲੀ ਕੰਮ ਕਰ ਸਕਾਂ। ਕੋਸ਼ਿਸ਼ ਵੀ ਕਰਦਾ ਹਾਂ, ਕਿ ਆਪਣੇ ਆਪ ਨੂੰ ਇਨ੍ਹਾਂ ਕੰਮਾਂ ਦੇ ਲਾਇਕ ਬਣਾ ਸਕਾਂ। ਜਿੰਨਾ ਪੜ੍ਹ ਸਕਦਾ ਹਾਂ, ਪੜ੍ਹਦਾ ਹਾਂ; ਜਿਥੇ ਕਿਤੇ ਲੈਕਚਰ ਹੁੰਦਾ ਹੈ, ਸੁਣਦਾ ਹਾਂ। ਇਹ ਸਾਰੇ ਜਤਨ ਏਸ ਖ਼ਿਆਲ ਉਤੇ ਹੈਨ ਕਿ ਇਕ ਚੰਗਾ ਸੇਵਕ ਹੋ ਕੇ ਮੁੜਾਂ।

ਏਸ ਦੇਸ ਵਿਚ ਖ਼ੁਸ਼ਹਾਲੀ ਵੇਖ ਕੇ ਜੀਅ ਵਿਚ ਤਰੰਗ ਉਠਦੀ ਹੈ: 'ਹਾਇ, ਮੇਰਾ ਦੇਸ ਕਿਉਂ ਏਸ ਤਰ੍ਹਾਂ ਨਹੀਂ ਹੈ!- ਕੀ ਮੈਂ ਕੁਝ ਕਰ ਸਕਦਾ ਹਾਂ।' ਪਰ ਮੈਂ ਹਾਂ ਕੀ, ਕੋਈ ਅਸਲੀ ਗੱਲ ਨਹੀਂ ਸਿਖੀ।' ਪਰ ਫੇਰ ਖ਼ਿਆਲ ਉਠਦਾ ਹੈ- 'ਉਹ ਜਾਣੇ, ਭਾਵੇਂ ਕੁਝ ਵੀ ਨਹੀਂ ਹਾਂ, ਤਾਂ ਵੀ ਜੋ ਕੁਝ ਵੀ ਪੱਲੇ ਹੈ, ਦੇਸ ਦੇ ਅਰਪਣ ਕਰ ਦਿਆਂਗਾ।' ਮੇਰੇ ਲਈ ਪ੍ਰਾਰਥਨਾ ਕਰਦੀ ਹੁੰਨੀ ਏਂ? ਇਹ ਵੀ ਮੰਗਿਆ ਕਰ, ਕਿ ਅਸੀਂ ਦੋਏ ਦੇਸ ਦਾ ਕੋਈ ਕੰਮ ਸਵਾਰ ਸਕੀਏ, ਬੜੀ ਰੀਝ ਹੈ। (ਬਾਕੀ ਦਾ ਖ਼ਤ ਅਗਲੀ ਵਾਰ- ਸੰ.)

ਨੋਟ: ਆਪਣੀ ਪਤਨੀ ਵੱਲ ਗੁਰਬਖ਼ਸ਼ ਸਿੰਘ ਜੀ ਦਾ ਲਿਖਿਆ ਇੱਕ ਪ੍ਰੇਮ ਭਰਿਆ ਖ਼ਤ, 1975 ਦਸੰਬਰ ਵਿਚ ਪਤਨੀ ਦੀ ਮੌਤ ਤੋਂ ਬਾਅਦ, ਪੁੱਤਰ ਨਵਤੇਜ ਸਿੰਘ ਨੇ ਫ਼ਰਵਰੀ ਦੀ ਪ੍ਰੀਤ ਲੜੀ ਵਿਚ ਛਾਪ ਦਿੱਤਾ, ਜਿਸ ਨੂੰ ਪੜ੍ਹ ਕੇ ਪਾਠਕਾਂ ਨੇ ਹੋਰ ਖ਼ਤ ਵੀ ਪੜ੍ਹਨ ਦੀ ਮੰਗ ਪੇਸ਼ ਕਰ ਦਿੱਤੀ! ਅੱਜ ਇਹ ਸਾਰੇ ਅਤੇ ਹੋਰ ਵੀ ਕਈਆਂ ਨੂੰ ਖ਼ਤ "ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀਆਂ ਸਨੇਹੀਆਂ ਦੇ ਨਾਂ ਚਿੱਠੀਆਂ" ਨਾਂ ਦੀ ਪੰਜਾਬੀ ਯੂਨੀਵਰਸਿਟੀ ਵੱਲੋਂ 1997 ਵਿਚ ਛਪੀ ਕਿਤਾਬ ਵਿਚ ਇੱਕੋ ਥਾਂ ਪੜ੍ਹੇ ਜਾ ਸਕਦੇ ਹਨ।- ਸੰ

ਦੁਸ਼ਮਣ ਕੌਣ?

ਗੁਰਬਖਸ਼ ਸਿੰਘ

ਚਰਚਿਲ ਨੇ ਇੱਕ ਤਕਰੀਰ ਵਿੱਚ ਕਿਹਾ ਸੀ:

"ਇਸ ਵੇਲੇ ਇਨਸਾਨ ਦਾ ਕੁਦਰਤੀ ਤਾਕਤਾਂ ਉਤੇ ਏਨਾ ਕਾਬੂ ਹੋ ਗਿਆ ਹੈ ਕਿ ਉਹ ਦੁਨੀਆ ਦੀ ਸਾਰੀ ਇਨਸਾਨੀ ਆਬਾਦੀ ਲਈ ਜੋ ਚਾਹੇ ਮੁਹੱਈਆ ਕਰ ਸਕਦਾ ਹੈ -ਕਿਸੇ ਚੀਜ਼ ਦੀ ਇੱਕ ਇਨਸਾਨ ਨੂੰ ਵੀ ਥੋੜ੍ਹ ਨਹੀਂ ਰਹਿ ਸਕਦੀ- ਪਰ ਉਹਦਾ ਸਭ ਤੋਂ ਵੱਡਾ ਦੁਸ਼ਮਣ ਉਹ ਆਪ ਹੈ।"

ਪਤਾ ਨਹੀਂ ਚਰਚਿਲ ਦਾ ਇਸ਼ਾਰਾ ਕਿਹੜੇ ਪਾਸੇ ਸੀ, ਕਿਉਂਕਿ ਉਹ ਆਪ ਮਨੁੱਖ ਦੀ ਦੁਸ਼ਮਣ ਸ਼੍ਰੇਣੀ ਦਾ ਬੜਾ ਮੋਟਾ ਰੁਕਨ ਸੀ। ਉਸ ਦੀ ਫ਼ੁਲਟਨ (ਅਮਰੀਕਾ) ਵਿੱਚ ਕੀਤੀ ਤਕਰੀਰ ਤੋਂ ਹੀ ਮਨੁੱਖੀ ਬੁਨਿਆਦਾਂ ਕੜਕਾ ਦੇਣ ਵਾਲੀ ਤੀਜੀ ਜੰਗ ਦਾ ਚਰਚਾ ਸ਼ੁਰੂ ਹੋਇਆ ਤੇ ਮਨੁੱਖਤਾ ਦੀ ਉੱਕੀ ਮੌਤ ਦਾ ਸਹਿਮ ਬਣ ਕੇ ਧਰਤੀ ਉਤੇ ਛਾ ਗਿਆ ।

ਪਰ ਚਰਚਿਲ ਦੀ ਏਸ ਕਹਿਣੀ ਵਿੱਚ ਭੋਰਾ ਭਰ ਗਲਤੀ ਨਹੀਂ। ਜੇ ਅੱਜ ਬੰਬਈ ਦੀਆਂ ਸੜਕਾਂ ਉਤੇ ਬੰਬਈ ਦੀ ਦੌਲਤ ਪੈਦਾ ਕਰਨ ਵਾਲੇ ਲੱਖਾਂ ਮਜ਼ਦੂਰ ਰਾਤੀਂ ਰੁਲਦੇ ਹਨ, ਜੇ ਲੱਖਾਂ ਕਲਰਕ ਨਿੱਤ ਛਾਂਟੀ ਦੇ ਸਹਿਮ ਵਿੱਚ ਸਾਹ ਸੁਕਾਈ ਰਹਿੰਦੇ ਹਨ, ਜੇ ਲੱਖਾਂ ਰੁਜ਼ਗਾਰ ਦੀ ਤਲਾਸ਼ ਵਿੱਚ ਰੋਜ਼ਾਨਾ ਬੰਦ ਬਾਜ਼ਾਰਾਂ ਦੀ ਖ਼ਾਕ ਛਾਣਦੇ ਰਹਿੰਦੇ ਹਨ, ਜੇ ਭਰੇ ਗੋਦਾਮਾਂ ਦਾ ਪੱਜ ਪਾ ਕੇ ਸੈਂਕੜੇ ਕਾਰਖਾਨੇ ਬੰਦ ਕੀਤੀ ਜਾਂਦੇ ਤੇ ਨੰਗੇ ਮਜ਼ਦੂਰ ਕੰਮ ਲਈ ਬੂਹੇ ਖੜਕਾਂਦੇ ਰਹਿੰਦੇ ਹਨ, ਜੇ ਕਲਕੱਤੇ ਬੰਬਈ ਵਿੱਚ ਹਜ਼ਾਰਾਂ ਮਾਸੂਮ ਇਸਤ੍ਰੀਆਂ ਢਿੱਡ-ਝੁਲਕੇ ਲਈ ਚਕਲੇ ਬੈਠੀਆਂ ਹਨ- ਤਾਂ ਅੱਜ ਕਸੂਰ ਕਿਸੇ ਬੇਤਰਸ ਤਕਦੀਰ ਦਾ ਨਹੀਂ, ਕਿਸੇ ਕਹਿਤ ਜਾਂ ਅਸਮਾਨੀ ਮੁਸੀਬਤ ਦਾ ਨਹੀਂ -ਇਨਸਾਨ ਦੇ ਉਹਨਾਂ ਦੁਸ਼ਮਣਾਂ ਦਾ ਹੈ ਜਿਹੜੇ ਇਨਸਾਨਾਂ ਨੂੰ ਆਪਣੀ ਈਨ ਵਿੱਚ ਰੱਖਣ ਖਾਤਰ ਸਾਰਿਆਂ ਨੂੰ ਰੱਜ-ਖਾਂਦਿਆਂ ਤੇ ਸੁਖ-ਵਸਦਿਆਂ ਵੇਖਣ ਦਾ ਹੀਆ ਨਹੀਂ ਕਰ ਸਕਦੇ।

ਜਿੰਨਾ ਚਿਰ ਇਨਸਾਨ ਨੂੰ ਕੁਦਰਤੀ ਤਾਕਤਾਂ ਦਾ ਪੂਰਾ ਗਿਆਨ ਨਹੀਂ ਸੀ, ਇਹ ਤੂਫ਼ਾਨਾਂ, ਭੂਚਾਲਾਂ, ਕਹਿਤਾਂ, ਵਬਾਵਾਂ ਸਾਹਮਣੇ ਬੇ-ਬਸ ਰਿਹਾ। ਹੜ੍ਹ, ਹਨੇਰੀਆਂ ਇਹਦੀਆਂ ਝੁੱਗੀਆਂ ਉਡਾ ਖੜਦੇ, ਕਾਲ ਤੇ ਗੜੇ-ਮਾਰੀਆਂ ਇਹਨੂੰ ਹੱਡੀਆਂ ਦਾ ਪਿੰਜਰ ਬਣਾ ਦੇਂਦੇ; ਤੇ ਇਹ ਪੌਣ, ਪਾਣੀ, ਅਗਨੀ ਨੂੰ ਮੱਥੇ ਟੇਕਦਾ ਤੇ ਕਿਆਸੀ ਦੇਵੀ ਦੇਵਤਿਆਂ ਕੋਲੋਂ ਸੁਖਣਾ ਮੰਗਦਾ ਸੀ।

ਪਰ ਅੱਜ ਜਿੰਨੇ ਵੀ ਮਨੁੱਖ ਧਰਤੀ ਉਤੇ ਵਸਦੇ ਹਨ, ਉਨ੍ਹਾਂ ਦੀਆਂ ਲੋੜਾਂ ਨਾਲੋਂ ਬਹੁਤੀ ਖੁਰਾਕ ਬੜੀ ਆਸਾਨੀ ਨਾਲ ਪੈਦਾ ਹੋ ਸਕਦੀ ਹੈ, ਮਨੁੱਖਤਾ ਦਾ ਜੀਅ ਜੀਅ ਝੁੱਗੀਆਂ ਵਿੱਚ ਨਹੀਂ ਮਹਿਲਾਂ ਵਿਚ ਵਸਾਇਆ ਜਾ ਸਕਦਾ ਹੈ, ਤੇ ਜੇ ਅਜੇ ਵੀ ਧਰਤੀ ਦੇ ਚੱਪੇ ਚੱਪੇ ਉਤੇ ਭੁੱਖੇ ਪਿੰਜਰ ਕੁੱਝ ਮੂੰਹ ਪਾਣ ਨੂੰ ਤਰਸਦੇ ਦਿਸਦੇ ਹਨ, ਜੇ ਅਜੇ ਵੀ ਕਰੋੜਾਂ ਲੋਕ ਖੰਦਕਾਂ, ਗ਼ਾਰਾਂ, ਟੋਇਆਂ ਵਿੱਚ ਜਾਂ ਬਿਨਾਂ ਕਿਸੇ ਓਹਲੇ ਦੇ ਆਕਾਸ਼ ਹੇਠ ਝੱਟ ਲੰਘਾਂਦੇ ਹਨ ਤਾਂ ਇਹ ਏਸ ਲਈ ਨਹੀਂ ਕਿ ਧਰਤੀ ਦੀ ਪੈਦਾਵਾਰ ਨਾਲੋਂ ਮਨੁੱਖ ਵਸੋਂ ਵਧ ਗਈ ਹੈ, ਜੀਕਰ ਕਿ ਇਨਸਾਨ ਦੁਸ਼ਮਣ ਸਾਨੂੰ ਡਰਾਉਂਦੇ ਹਨ। ਅਮਰੀਕਾ ਵਿੱਚ ਹਰ ਵਰ੍ਹੇ ਲੱਖਾਂ ਹੀ ਮਣ ਕਣਕ ਤੇ ਲੱਖਾਂ ਹੀ ਮਣ ਆਲੂ ਬਰਬਾਦ ਕਰਨ ਲਈ ਬਜਟ ਮਨਜ਼ੂਰ ਕੀਤੇ ਜਾਂਦੇ ਹਨ ਤਾਂਕਿ ਇਹਨਾਂ ਚੀਜ਼ਾਂ ਦੀ ਕੀਮਤ ਦੁਨੀਆ ਦੀ ਮੰਡੀ ਵਿੱਚ ਘਟਾਣੀ ਨਾ ਪਵੇ। ਕਿੰਨੇ ਹੀ ਸੀਮੈਂਟ, ਲੋਹੇ ਦੇ ਕਾਰਖਾਨੇ ਸਾਲ ਵਿੱਚ ਕਿੰਨਾ ਕਿੰਨਾ ਚਿਰ ਬੰਦ ਰੱਖੇ ਜਾਂਦੇ ਹਨ ਤਾਂਕਿ ਚਾਲੂ ਨਜ਼ਾਮ ਦੀ ਮਜ਼ਬੂਤੀ ਲਈ ਕਰੋੜਾਂ ਲੋਕਾਂ ਨੂੰ ਬੇ-ਘਰ ਰੱਖਿਆ ਜਾ ਸਕੇ। ਜੇ ਹਰ ਕਿਸੇ ਨੂੰ ਘਰ ਤੇ ਰੁਜ਼ਗਾਰ ਜਿਸ ਤਰ੍ਹਾਂ ਅੱਜ ਦਿੱਤੇ ਜਾ ਸਕਦੇ ਹਨ, ਦੇ ਦਿੱਤੇ ਜਾਣ ਤਾਂ ਚਾਲੂ ਹਕੂਮਤਾਂ ਦਾ ਹੁਲੀਆ ਇਕਦਮ ਬਦਲ ਜਾਏ। ਚਾਲੂ ਹਕੂਮਾਂ ਸਿਰਫ਼ ਅਣਗਿਣਤ ਬੇਕਾਰ ਰੱਖੇ ਹੋਏ ਲੋਕਾਂ ਦੀ ਬੁਨਿਆਦ ਉਤੇ ਖਲੋਤੀਆਂ ਹਨ।

ਹਾਲਾਂ ਕਿ ਬੇਕਾਰੀ ਲਈ ਅੱਜ ਜ਼ਰਾ ਜਿੰਨੀ ਦਲੀਲ ਬਾਕੀ ਨਹੀਂ ਰਹਿ ਗਈ। ਏਨੇ ਕੰਮਾਂ ਦੀ ਸੂਝ ਤੇ ਜਾਚ ਮਨੁੱਖ ਨੂੰ ਆ ਗਈ ਹੈ ਕਿ ਦੁਨੀਆ ਦੇ ਸਾਰੇ ਦੇ ਸਾਰੇ ਲੋਕ ਦਿਨ ਰਾਤ ਜੁੱਟ ਕੇ ਵੀ ਜੋ ਕੀਤਾ ਜਾ ਸਕਦਾ ਹੈ ਮੁਕਾ ਨਹੀਂ ਸਕਦੇ। ਮਸ਼ੀਨਾਂ ਹਨ, ਹੁਨਰ ਹੈ, ਅਕਲ ਹੈ, ਸਾਮਾਨ ਹੈ-ਮੁਸੀਬਤ ਸਿਰਫ਼ ਏਨੀ ਹੈ ਕਿ ਜ਼ਿੰਦਗੀ ਦੀ ਚੌਧਰ ਉਹਨਾਂ ਜਮਾਤਾਂ ਦੇ ਹੱਥ ਚਲੀ ਗਈ ਹੈ ਜਿਹੜੀਆਂ ਆਪਣੇ ਸੁਖ ਨੂੰ ਦੂਜਿਆਂ ਉਤੇ ਅਧਿਕਾਰ ਨਾਲ ਨਾਪਣ ਦੀਆਂ ਆਦੀ ਹੋ ਗਈਆਂ ਹਨ। ਇਹਨਾਂ ਦੀ ਸਾਰੀ ਅਕਲ, ਸਾਰੀ ਸਮਰੱਥਾਂ ਏਸੇ ਮਨੋਰਥ ਲਈ ਖਰਚ ਹੁੰਦੀ ਹੈ ਕਿ ਕਿਸ ਤਰ੍ਹਾਂ ਅੱਧੇ ਲੋਕ ਬੇ-ਰੁਜ਼ਗਾਰ ਤੇ ਬਾਕੀ ਅੱਧਿਆਂ ਵਿੱਚੋਂ ਬਹੁਤੇ ਰੋਜ਼ਗਾਰ ਦੀ ਹੱਦ ਉਤੇ ਰੱਖੇ ਜਾ ਸਕਦੇ ਹਨ ਤਾਂਕਿ ਹਰ ਕੰਮ ਕਰ ਸਕਣ ਵਾਲਾ ਮਰਦ, ਹਰ ਬੱਚਾ, ਹਰ ਕੰਮ ਕਰ ਸਕਣ ਵਾਲੀ ਇਸਤ੍ਰੀ ਇਹਨਾਂ ਲਈ ਮੁਸ਼ੱਕਤ ਕਰੇ, ਇਹਨਾਂ ਲਈ ਜੀਵੇ, ਇਹਨਾਂ ਲਈ ਮਰੇ। ਸਿਰਫ਼ ਏਸੇ ਮਨੋਰਥ ਲਈ ਹਕੂਮਤਾਂ ਦੀਆਂ ਪੇਚੀਦਾ ਮਸ਼ੀਨਾਂ ਈਜਾਦ ਕੀਤੀਆਂ ਗਈਆਂ ਹਨ। ਕੌਮੀ ਝੰਡੇ, ਕੌਮੀ ਗੀਤ, ਸਵਦੇਸ਼, ਸਵਰਾਜ ਏਸੇ ਬੇ-ਰੂਹ ਮਸ਼ੀਨ ਦੇ ਰੰਗ ਰੋਗਨ ਹਨ।

ਏਸੇ ਅੰਗ-ਤੋੜ ਚਰਖ਼ ਦੀ ਇੱਕ ਹੱਥੀ-ਬਾਨ ਚਰ-ਚਲ ਵੀ ਹੈ, ਤੇ ਉਹ ਰਮਜ਼ਾਂ ਵਿੱਚ ਜ਼ਿੰਦਗੀ ਦੀ ਸਭ ਤੋਂ ਵੱਡੀ ਅਸਲੀਅਤ ਮੂੰਹੋਂ ਕੱਢ ਕੇ ਮਜ਼ਲੂਮਾਂ ਨਾਲ ਮਖ਼ੌਲ ਕਰ ਰਿਹਾ ਹੈ। ਰਮਜ਼ਾਂ ਵਿੱਚ ਆਖੀ ਕੋਈ ਸੱਚਾਈ ਕਦੇ ਇਨਸਾਨ ਦੇ ਕੰਮ ਨਹੀਂ ਆਈ। ਮਜ਼ੂਬ ਨੇ ਕਈ ਸੱਚਾਈਆਂ ਰਮਜ਼ਾਂ ਵਿੱਚ ਆਖੀਆਂ ਪਰ ਪੱਕੇ ਇਨਸਾਨ-ਦੁਸ਼ਮਣਾਂ ਨੇ ਉਹਨਾਂ ਦੀ ਓਟ ਲੈਕੇ ਮਨੁੱਖ-ਸਨੇਹੀਆਂ ਨੂੰ ਜ਼ਿੰਦਗੀ ਵਿੱਚੋਂ ਛੇਕਿਆ ਤੇ ਆਪ ਮਨੁੱਖ-ਹਿਤੂ ਹੋਣ ਦੇ ਭੁਲੇਖੇ ਪਾਏ। ਏਸ ਲਈ ਜਿੰਨਾ ਚਿਰ ਇਨਸਾਨ ਆਪਣੇ ਜਾਨੀ ਦੁਸ਼ਮਣਾਂ ਬਾਰੇ ਭੁਲੇਖੇ ਦੂਰ ਨਹੀਂ ਕਰ ਲੈਂਦਾ, ਜ਼ਿੰਦਗੀ ਦੀ ਵੱਡੀ ਤੋਂ ਵੱਡੀ ਸੱਚਾਈ ਉਹਦੇ ਖਿਲਾਫ਼ ਹੀ ਵਰਤੀ ਜਾਂਦੀ ਰਹੇਗੀ। ਉਹ ਮਹਿਲ ਉਸਾਰ ਕੇ ਵੀ ਕੰਗਾਲ-ਕੋਠੜੀਆਂ ਵਿੱਚ ਰੁਲਦਾ, ਖੁਰਾਕ ਦੇ ਬੋਹਲਾਂ ਸਾਹਮਣੇ ਵੀ ਭੁੱਖਾ ਰੱਖਿਆ ਜਾਏਗਾ ।

.....ਅਗਲੇ ਅੰਕ ਵਿੱਚ ਜਾਰੀ

ਸਹਿਯੋਗ -ਸੁਖਪਾਲ ਸਿੰਘ ਹੁੰਦਲ-ਮੋਹਾਲੀ-
98145-28282

दुश्मण कौण?

गुरबखश सिंघ

चरचिल ने इक तकरीर विच किहा सी:

"इस वेले इनसान दा कुदरती ताकताँ उते एना काबू हो गया है कि ओह दुनीआ दी सारी इनसानी आबादी लइ जो चाहे मुहॅया कर सकदा है -किसे चीज दी इक इनसान नूं वी थोड़ नहीं रह सकदी- पर ओहदा सभ तों वॅडा दुश्मण ओह आप है।"

पता नहीं चरचिल दा इशारा किहड़े पासे सी, किओंकि ओह आप मनुख दी दुशमण श्रेणी दा बड़ा मोटा रुकन सी। उस दी हुलटन (अमरीका) विच कीती तकरीर तों ही मनुखी बुनियादाँ कड़का देण वाली तीजी जंग दा चरचा शुरु होया। ते मनुखता दी उॅकी मौत दा सहम बण के धरती उते छा गया।

पर चरचिल दी एस कहणी विच भोरा भर गलती नहीं। जे अज बंबइ दीआँ सड़काँ उते बंबइ दी दौलत पैदा करन वाले लॅखाँ मजदूर रातीं रुलदे हन, जे लखाँ कलरक नित छाँटी दे सहम विच साह सुकाइ रहंदे हन, जे लखाँ रुजगार दी तलाश विच रोजाना बंद बाजाराँ दी खाक छाणदे रहंदे हन, जे भरे गोदामाँ दा पज पा के सैंकड़े कारखाने बंद कीते जाँदे ते नंगे मजदूर कंम लइ बूहे खड़काँदे रहंदे हन, जे कलकॅते बंबइ विच हजाराँ मासूम इसत्रीआँ ढिङ-झुलके लइ चकले बैठीआँ हन- ताँ अज कसूर किसे बेतरस तकदीर दा नहीं, किसे कहत जाँ असमानी मुसीबत दा नहीं -इनसान दे ओहनाँ दुशमणाँ दा है जिहड़े इनसानाँ नूं आपणी ईन विच रखण खातर सारिआँ नूं रज-खाँदिआँ ते सुख-वसदिआँ वेखण दा हीआ नहीं कर सकदे।

जिना चिर इनसान नूं कुदरती ताकताँ दा पूरा ज्ञान नहीं सी, इह तूफानाँ, भूचालाँ, कहताँ, वबावाँ साहमणे बे-बस रिहा। हड़, हनेरीआँ इहदीआँ झुगीआँ उडा खड़दे, काल ते गड़े-मारीआँ इहनूं हॅडीआँ दा पिंजर बणा देंदे; ते इह पौण, पाणी, अगनी नूं मॅथे टेकदा ते किआसी देवी देवतिआँ कोलों सुखणा मंगदा सी।

पर अज जिने वी मनुख धरती उते वसदे हन, ओनहाँ दीआँ लोड़ाँ नालों बहुती खुराक बड़ी आसानी नाल पैदा हो सकदी है, मनुखता दा जीअ जीअ झुगीआँ विच नहीं महलाँ विच वसाया जा सकदा है, ते जे अजे वी धरती दे चपे चपे उते भुखे पिंजर कुझ मूंह पाण नूं तरसदे दिसदे हन, जे अजे वी करोड़ाँ लोक खंदकाँ, गाराँ, टोयाँ विच जाँ बिना किसे ओहले दे आकाश हेठ झट लंघाँदे हन ताँ इह एस लइ नहीं कि धरती दी पैदावार नालों मनुख वसों वध गइ है, जीकर कि इनसान दुशमण सानूं डराउंदे हन। अमरीका विच हर वरहे लखाँ ही मण कणक ते लखाँ ही मण आलू बरबाद करन लइ बजट मनजूर कीते जाँदे हन ताँकि इहनाँ चीजाँ दी कीमत दुनीआ दी मंडी विच घटाणी ना पवे। किने ही सीमैंट, लोहे दे कारखाने साल विच किना किना चिर बंद रखे जाँदे हन ताँकि चालू नजाम दी मजबूती लइ करोड़ाँ लोकाँ नूं बे-घर रखया जा सके। जे हर किसे नूं घर ते रुजगार जिस तरहाँ अज दिते जा सकदे हन, दे दिते जाण ताँ चालू हकूमताँ दा हुलीआ इकदम बदल जाए। चालू हकूमताँ सिरफ अणगिणत बेकार रखे होए लोकाँ दी बुनियाद उते खलोतीआँ हन।

हालाँ कि बेकारी लइ अज जरा जिनी दलील बाकी नहीं रह गइ। एने कॅमाँ दी सूझ ते जाच मनुख नूं आ गइ है कि दुनीआ दे सारे दे सारे लोक दिन रात जुट के वी जो कीता जा सकदा है मुका नहीं सकदे। मशीनाँ हन, हुनर है, अकल है, सामान है- मुसीबत सिरफ एनी है कि जिंदगी दी चौधर ओहनाँ जमाताँ दे हथ चली गइ है जिहड़ीआँ आपणे सुख नूं दूजिआँ उते अधिकार नाल नापण दीआँ आदी हो गइआँ हन। इहनाँ दी सारी अकल, सारी समरथा एसे मनोरथ लइ खरच हुंदी है कि किस तराँ अॅधे लोक बे-रुजगार ते बाकी अधिआँ विचों बहुते रोजगार दी हद उते रखे जा सकदे हन ताँकि हर कंम कर सकण वाला मरद, हर बॅचा, हर कम कर सकण वाली इसत्री इहनाँ लइ मुशॅकत करे, इहनाँ लइ जीवे, इहनाँ लइ मरे। सिरफ ऐसे मनोरथ लइ हकूमताँ दीआँ पेचीदा मशीनाँ इजाद कीतीआँ गइआँ हन। कौमी झंडे, कौमी गीत, सवदेश, सवराज एसे बे-रूह मशीन दे रंग रोगन हन।

एसे अंग-तोड़ चरख दी इक हॅथी-बान चरचिल वी है, ते ओह रमजाँ विच जिंदगी दी सभ तों वॅडी असलीअत मूंहों कॅढ के मजलूमाँ नाल मखौल कर रिहा है। रमजाँ विच आखी कोइ सॅचाइ कदे इनसान दे कंम नहीं आइ। मजहब ने कइ सॅचाइआँ रमजाँ विच आखीआँ पर पॅके इनसान-दुशमणाँ ने ओहनाँ दी ओट लैके मनुख-सनेहीआँ नूं जिंदगी विचों छेकिआ ते आप मनुख-हितू होण दे भुलेखे पाए। एस लइ जिंना चिर इनसान आपणे जानी दुशमणाँ बारे भुलेखे दूर नहीं कर लैंदा, जिंदगी दी वॅडी तों वॅडी सॅचाइ ओहदे खिलाफ ही वरती जाँदी रहेगी। ओह महल उसार के वी कंगाल-कोठड़ीआँ विच रुलदा, खुराक दे बोहलाँ साहमणे वी भुॅखा रखिआ जाएगा।

.....अगले अंक विच जारी

सहयोग -सुखपाल सिंघ हुंदल-मोहाली-
98145-28282

ਸੰਤਾਲੀ ਤੋਂ ਪਹਿਲਾਂ ਨਾਰੂ ਨੰਗਲ ਮੈਦਾਨੀ ਇਲਾਕਿਆਂ ਤੋਂ ਪਹਾੜੀ ਲੋਕਾਂ ਨਾਲ ਹੁੰਦੇ ਵਪਾਰ ਦਾ ਕੇਂਦਰ ਸੀ। ਉਹਨਾਂ ਦਿਨਾਂ ਵਿਚ ਪਿਸ਼ਾਵਰ ਦੇ ਤੰਬਾਕੂ ਤੇ ਦੂਰ ਪਹਾੜ ਦੇ ਮਸਾਲਿਆਂ ਦੀ ਮਹਿਕ ਇਸ ਪਿੰਡ ਦੇ ਬਜ਼ਾਰ ’ਚੋਂ ਉੱਠ ਕੇ ਫ਼ਿਜ਼ਾ ’ਚ ਘੁਲ-ਮਿਲ ਜਾਂਦੀ ਸੀ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ’ਚ ਵਸਿਆ ਤੇ ਬੁੱਢੇ ਪਿੱਪਲਾਂ, ਅੰਬਾਂ ਤੇ ਜਾਮਣਾਂ ’ਚ ਅੱਧ-ਲੁਕਿਆ ਇਹ ਪਿੰਡ ਨਾਰੂ ਗੋਤ ਦੇ ਰਾਜਪੂਤ ਮੁਸਲਮਾਨਾਂ ਨੇ ਬੰਨ੍ਹਿਆ ਸੀ। ਜ਼ਮੀਨਾਂ ਦੇ ਮਾਲਕ ਰਾਜਪੂਤ ਪਰ੍ਹਿਆਂ ਤੇ ਹਵੇਲੀਆਂ ’ਚ ਬੈਠੇ ਹੁੱਕੇ ਗੁੜਗੁੜਾਂਦੇ, ਗੱਲਾਂ ’ਚ ਮਸਤ ਰਹਿੰਦੇ। ਜ਼ਮੀਨਾਂ ਹਿੰਦੂ ਸੈਣੀਆਂ ਤੇ ਸਿੱਖ ਲੁਬਾਣਿਆਂ ਨੂੰ ਪਟੇ ’ਤੇ ਦੇ ਦਿੰਦੇ। ਮੁਜ਼ਾਰੇ ਹੋਰਨਾਂ ਫ਼ਸਲਾਂ ਨਾਲ ਮਾਲਕਾਂ ਜੋਗਾ ਤੰਬਾਕੂ ਵੀ ਬੀਜ ਲੈਂਦੇ।

ਏਸ ਪਿੰਡ ਦਾ ਸਭ ਨਾਲੋਂ ਮੋਹਤਬਰ ਬੰਦਾ ਸੀ, ਮੀਆਂ ਮੁਹੰਮਦ ਬਖ਼ਸ਼। ਲੋਕ ਉਸਨੂੰ ਇੱਜ਼ਤ ਨਾਲ਼ 'ਮੀਆਂ ਜੀ' ਆਖ ਬੁਲਾਂਦੇ ਸਨ। ਕੁੱਲੇ ਵਾਲ਼ੀ ਪੱਗ, ਸਲਵਾਰ-ਕਮੀਜ਼ ਤੇ ਤਿੱਲੇਦਾਰ ਜੁੱਤੀ ਪਾਈ, ਉਹ ਜਿਧਰੋਂ ਵੀ ਗੁਜ਼ਰਦਾ, ਲੋਕ ਉੱਠ ਖੜ੍ਹੇ ਹੁੰਦੇ। ਉਹ ਅਕਸਰ ਮੋਢੇ 'ਤੇ ਬੰਦੂਕ ਲਮਕਾਈ ਘੋੜੀ ’ਤੇ ਸਵਾਰ ਹੋਇਆ ਦਿਖਾਈ ਦਿੰਦਾ। ਹਰ ਕੋਈ ਝੁਕ ਕੇ ਸਲਾਮ ਕਰਦਾ ਤੇ ਉਹ ਅੱਧ-ਪਚੱਧਾ ਜਵਾਬ ਦੇ ਕੇ ਅਗਾਂਹ ਲੰਘ ਜਾਂਦਾ। ਉਸ ਦੀ ਘੋੜੀ ਦੀ ਚਾਲ ਰਤਾ ਹੋਰ ਤਿਖੇਰੀ ਹੋ ਜਾਂਦੀ ਤੇ ਉਸਦੀ ਧੌਣ ਵੀ ਥੋੜ੍ਹਾ ਹੋਰ ਆਕੜ ਜਾਂਦੀ।

ਉਹ ਪਿੰਡ ਦਾ ਚੌਧਰੀ ਸੀ। ਸਭ ਨਾਲੋਂ ਵੱਡੀ ਹਵੇਲੀ ਉਸ ਦੀ ਸੀ; ਅੱਧੇ ਕਿੱਲੇ ਦੇ ਵਗਲ਼ ’ਚ ਖੜ੍ਹੀ ਸ਼ਾਨਦਾਰ ਤੇ ਤਿਮੰਜ਼ਲੀ। ਸਭ ਨਾਲੋਂ ਵੱਧ ਜ਼ਮੀਨ ਉਸ ਕੋਲ਼ ਸੀ; ਅੱਸੀ ਕਿੱਲੇ ਇੱਕ-ਟੱਕ। ਪੰਜਾਂ ਖੂਹਾਂ ਦਾ ਮਾਲਕ ਸੀ ਉਹ। ਚਾਰ ਖੂਹ ਖੇਤਾਂ ’ਚ ਤੇ ਪੰਜਵਾਂ ਘਰ। ਏਸ ਖੂਹ ਦੀ ਮੌਣ ਨੂੰ ਹਵੇਲੀ ਦੀ ਲਹਿੰਦੀ ਗੁੱਠ ਵਾਲ਼ੀ ਕੰਧ ਦੋ ਹਿੱਸਿਆਂ ’ਚ ਵੰਡਦੀ ਸੀ। ਅੱਧੀ ਮੌਣ ਵਿਹੜੇ ਵੱਲ ਸੀ ਤੇ ਅੱਧੀ ਗਲ਼ੀ ਵੱਲ। ਇੱਥੋਂ ਤਕਰੀਬਨ ਸਾਰਾ ਪਿੰਡ ਪਾਣੀ ਭਰਦਾ ਸੀ।

ਮੀਏਂ ਦੀ ਬੇਗਮ ਤੇ ਧੀ ਨਫ਼ੀਸਾਂ ਜੇ ਕਦੇ ਘਰੋਂ ਬਾਹਰ ਆਉਂਦੀਆਂ ਤਾਂ ਬੁਰਕੇ ਪਾ ਕੇ। ਨਫ਼ੀਸਾਂ ਦੀਆਂ ਸਹੇਲੀਆਂ ਵੀ ਬਹੁਤ ਘੱਟ ਸਨ। ਹਵੇਲੀ ਦਾ ਦਰ ਟੱਪਣ ਦੀ ਇਜਾਜ਼ਤ ਗਿਣੇ-ਚੁਣੇ ਬੰਦਿਆਂ ਨੂੰ ਹੀ ਸੀ। ਰੋਜ਼ ਸਵੇਰੇ ਮਿੱਥੇ ਸਮੇਂ ’ਤੇ ਹਕੀਮਾਂ ਦਾ ਫ਼ਜ਼ਲਾ ਮੀਏਂ ਦੀ ਦਾੜ੍ਹੀ ਦੀ ਹਜ਼ਾਮਤ ਕਰਨ ਜਾਇਆ ਕਰਦਾ ਸੀ। ਇਕ ਦਿਨ ਉਸਨੇ ਅਚਾਨਕ ਸਿਰ ਉਠਾਇਆ ਤਾਂ ਇਕ ਖ਼ੂਬਸੂਰਤ ਚਿਹਰਾ ਉਸ ਵੱਲ ਵੇਖ ਕੇ ਮੁਸਕਾ ਰਿਹਾ ਸੀ। ਨਫ਼ੀਸਾਂ ਦੀਆਂ ਅੱਖਾਂ ’ਚ ਪਿਆਰ ਜਿਹਾ ਕੁਝ ਸੀ। ਉਂਝ ਇਹ ਚਰਚਾ ਆਮ ਸੀ ਕਿ ਮੀਏਂ ਦੀ ਧੀ ਬਹੁਤ ਸੋਹਣੀ ਏ। ਏਸ ਗੱਲ ਦਾ ਚਸ਼ਮ-ਦੀਦ ਗਵਾਹ ਸਿਰਫ਼ ਫ਼ਜ਼ਲਾ ਹੀ ਬਣਿਆ ਸੀ। ਉਸਨੇ ਇਹ ਗੱਲ ਬੜੇ ਹੀ ਚਾਅ ਨਾਲ਼ ਕਰਮੂ ਸੈਣੀ ਨੂੰ ਸੁਣਾਅ ਦਿੱਤੀ ਸੀ।

’’ਕਰਮੂਆਂ ਓਹ ਤਾਂ ਪੋਸਤ ਦੇ ਫੁੱਲਾਂ ਨੂੰ ਵੀ ਮਾਤ ਪਾਉਂਦੀ ਆ।’’ ਕਰਮੂ ਤੋਂ ਤੁਰੀ ਇਹ ਗੱਲ, ਹੋਠਾਂ ਦਾ ਸਫ਼ਰ ਤੈਅ ਕਰਦੀ, ਜਦੋਂ ਤਰਕਾਲਾਂ ਵੇਲੇ ਮੁੜ ਮੀਏਂ ਦੀ ਹਵੇਲੀ ਦਾ ਦਰ ਲੰਘੀ ਤਾਂ ਹਵੇਲੀ ’ਚ ਜਿਉਂ ਭੂਚਾਲ ਆ ਗਿਆ। ਮੀਏਂ ਨੂੰ ਹਰ ਸ਼ੈਅ ਕੰਬਦੀ ਹੋਈ ਵਿਖਾਈ ਦੇਣ ਲੱਗੀ। ਅਸਲਮ ਮੋਚੀ ਨੂੰ ਕਰਮਦੀਨ ਦੇ ਘਰ ਵੱਲ ਦੁੜਾਇਆ ਗਿਆ।

ਕਰਮਦੀਨ ਫ਼ਜ਼ਲੇ ਦਾ ਬਾਪ ਸੀ। ਉਹਨਾਂ ਦੀ ਬਜ਼ਾਰ ’ਚ

ਉਂਝ ਇਹ ਚਰਚਾ ਆਮ ਸੀ ਕਿ ਮੀਏਂ ਦੀ ਧੀ ਬਹੁਤ ਸੋਹਣੀ ਏ। ਏਸ ਗੱਲ ਦਾ ਚਸ਼ਮ-ਦੀਦ ਗਵਾਹ ਸਿਰਫ਼ ਫ਼ਜ਼ਲਾ ਹੀ ਬਣਿਆ ਸੀ। ਉਸਨੇ ਇਹ ਗੱਲ ਬੜੇ ਹੀ ਚਾਅ ਨਾਲ਼ ਕਰਮੂ ਸੈਣੀ ਨੂੰ ਸੁਣਾਅ ਦਿੱਤੀ ਸੀ।

’’ਕਰਮੂਆਂ ਓਹ ਤਾਂ ਪੋਸਤ ਦੇ ਫੁੱਲਾਂ ਨੂੰ ਵੀ ਮਾਤ ਪਾਉਂਦੀ ਆ।’’ ਕਰਮੂ ਤੋਂ ਤੁਰੀ ਇਹ ਗੱਲ, ਹੋਠਾਂ ਦਾ ਸਫ਼ਰ ਤੈਅ ਕਰਦੀ, ਜਦੋਂ ਤਰਕਾਲਾਂ ਵੇਲੇ ਮੁੜ ਮੀਏਂ ਦੀ ਹਵੇਲੀ ਦਾ ਦਰ ਲੰਘੀ ਤਾਂ ਹਵੇਲੀ ’ਚ ਜਿਉਂ ਭੂਚਾਲ ਆ ਗਿਆ। ਮੀਏਂ ਨੂੰ ਹਰ ਸ਼ੈਅ ਕੰਬਦੀ ਹੋਈ ਵਿਖਾਈ ਦੇਣ ਲੱਗੀ। ਅਸਲਮ ਮੋਚੀ ਨੂੰ ਕਰਮਦੀਨ ਦੇ ਘਰ ਵੱਲ ਦੁੜਾਇਆ ਗਿਆ।

ਹਿਕਮਤ ਤੇ ਹਜ਼ਾਮਤ ਦੀ ਦੁਕਾਨ ਸੀ। ਦੁਕਾਨ ਦੇ ਪਿਛਵਾੜੇ ਘਰ ਸੀ। ਪੁੱਤ ਦੁਕਾਨ ਵਾਲਾ ਕੰਮ ਸੰਭਾਲਦਾ ਤੇ ਬਾਪ ਆਲ਼ੇ-ਦੁਆਲ਼ੇ ਦੇ ਪਿੰਡਾਂ ’ਚ ਘੁੰਮ-ਫਿਰ ਕੇ ਦਵਾ-ਦਾਰੂ ਤੇ ਹਜ਼ਾਮਤਾਂ ਕਰਦਾ।

ਕਈ ਪੀੜੀਆਂ ਤੋਂ ਇਹ ਪਰਿਵਾਰ ਓਸ ਮੱਲ੍ਹਮ ਕਾਰਨ ਬਹੁਤ ਮਸ਼ਹੂਰ ਸੀ ਜੋ ਡੂੰਘੇ ਤੋਂ ਡੂੰਘੇ, ਪੁਰਾਣੇ ਤੋਂ ਪੁਰਾਣੇ ਤੇ ਵਿਗੜੇ ਤੋਂ ਵਿਗੜੇ ਜ਼ਖ਼ਮ ਨੂੰ ਦਿਨਾਂ ’ਚ ਭਰ ਦਿੰਦੀ ਸੀ। ਕਰਮਦੀਨ ਨੇਕ ਦਿਲ ਇਨਸਾਨ ਸੀ। ਪਿੰਡ ਤੇ ਇਲਾਕੇ ’ਚ ਉਸਦੀ ਪੂਰੀ ਇੱਜ਼ਤ ਸੀ।

ਪਰ ਉਸ ਦਿਨ ਮੀਏਂ ਦੇ ਘਰ ਵੱਲ ਜਾਂਦਿਆਂ, ਉਸਨੂੰ ਮਹਿਸੂਸ ਹੋਇਆ ਜਿਉਂ ਹਰੇਕ ਕਦਮ ਦੇ ਨਾਲ਼ ਉਸਦੀ ਪੱਗ ’ਤੇ ਬਦਇਖ਼ਲਾਕੀ ਦੇ ਦਾਗ਼ ਵਧਦੇ ਜਾ ਰਹੇ ਹੋਣ।.ਫ਼ਜ਼ਲਾ ਥੱਕੇ-ਟੁੱਟੇ ਕਦਮਾਂ ਤੇ ਡਰਦੇ ਦਿਲ ਦੇ ਨਾਲ਼ ਅੱਬਾ ਦੇ ਪਿੱਛੇ-ਪਿੱਛੇ ਤੁਰ ਰਿਹਾ ਸੀ।

ਥੱਪੜਾਂ ਦੀ ਅਵਾਂ ਪੂਰੀ ਹਵੇਲੀ ’ਚ ਗੂੰਜੀ ਸੀ। .ਫ਼ਜ਼ਲੇ ਨੂੰ ਲੱਗਿਆ ਸੀ ਕਿ ਨਫ਼ੀਸਾਂ ਖਿੜਕੀ ’ਚ ਖੜ੍ਹੀ ਸਾਰਾ ਤਮਾਸ਼ਾ ਵੇਖ ਰਹੀ ਏ ਤੇ ਖੂਹ ਨੇ ਵੀ ਇਸ ਹੱਤਕ ਦੇ ਹੱਸ-ਹੱਸ ਕੇ ਹੁੰਗਾਰੇ ਭਰੇ ਨੇ। ਇਸ ਘਟਨਾ ਤੋਂ ਬਾਅਦ ਹਕੀਮ ਦੇ ਪਰਿਵਾਰ ਲਈ ਹਵੇਲੀ ਦੇ ਦਰਵੋਂ ਬੰਦ ਹੋ ਗਏ ਸਨ। ਫ਼ਜ਼ਲਾ ਨਮੋਸ਼ੀ ’ਚ ਡੁੱਬਿਆ ਗੁੰਮ-ਸੁੰਮ ਜਿਹਾ ਰਹਿਣ ਲੱਗ ਪਿਆ ਸੀ।

ਕੋਈ ਛੇ ਕੁ ਮਹੀਨਿਆਂ ਦੇ ਬਾਅਦ, ਇਹ ਨਮੋਸ਼ੀ ਇਕ ਮਾਣ ਜਿਹੇ ’ਚ ਬਦਲ ਗਈ ਸੀ। ਮੀਏਂ ਦੇ ਪੈਰ ਦਾ ਜ਼ਖ਼ਮ ਵਿਗੜ ਗਿਆ ਸੀ। ਪਹਿਲਾਂ ਤਾਂ ਉਹ ਸ਼ਹਿਰ ਦੇ ਇਕ ਮੰਨੇ-ਪ੍ਰਮੰਨੇ ਹਕੀਮ ਤੋਂ ਇਲਾਜ ਕਰਵਾਉਂਦਾ ਰਿਹਾ ਸੀ। ਜਦੋਂ ਪੈਰ ਗਲ਼ਣ ਲੱਗਾ ਤਾਂ ਉਸਨੂੰ ਕਰਮਦੀਨ ਦੀ ਯਾਦ ਆਈ।

ਸੱਦਣ ਆਏ ਮੀਏਂ ਦੇ ਨੌਕਰ ਨੂੰ ਹਿਰਖ ਜਿਹੇ ’ਚ ਮੋੜ ਕੇ ਫ਼ਜ਼ਲਾ ਬਹੁਤ ਖ਼ੁਸ਼ ਸੀ। ਉਸਨੂੰ ਲੱਗਿਆ ਸੀ ਜਿਉਂ ਮੀਏਂ ਦੀ ਤਿਮੰਜ਼ਲੀ ਹਵੇਲੀ, ਮੱਲ੍ਹਮ ਦੀ ਇਕ ਨਿੱਕੀ ਜਿਹੀ ਡੱਬੀ ’ਚ

ਮੱਲ੍ਹਮ

ਸਿਮਟ ਜਾਣ ਦੇ ਲਈ ਤਰਸ ਰਹੀ ਹੋਵੇ। ਉਹ ਸ਼ਾਮ ਤੱਕ ਆਨੇ-ਬਹਾਨੇ ਸਭ ਨੂੰ ਇਹ ਵਾਕਿਆ ਸੁਣਾਉਂਦਾ ਰਿਹਾ ਸੀ। ਦਿਨ ਢਲੇ ਉਸਦਾ ਅੱਬਾ ਘਰ ਪਰਤਿਆ ਤਾਂ ਵਿਲਕ ਉੱਠਿਆ।

''ਤੂੰ ਤਾਂ ਕਈ ਪੀੜ੍ਹੀਆਂ ਦੀ ਕਮਾਈ ਖੂਹ 'ਚ ਪਾ ਦਿੱਤੀ। ਫ਼ਜ਼ਲਿਆ, ਏਸ ਮੱਲ੍ਹਮ ਨੂੰ ਲੈ ਕੇ ਕਦੇ ਵੀ ਹੰਕਾਰੀਂ ਨਾ, ਨਹੀਂ ਤਾਂ ਸਾਡੇ ਹੱਥਾਂ 'ਚੋਂ ਸ਼ਫ਼ਾ ਤੁਰ ਜਾਏਗੀ। ਵੈਰੀ ਜਾਂ ਸੱਜਣ ਨਾ ਵੇਖੀਂ, ਬਸ ਜ਼ਖ਼ਮ ਵੇਖੀਂ, ਪੁੱਤਰਾ।''

ਉਹ ਬਿਨਾ ਕੁਝ ਖਾਧੇ-ਪੀਤੇ ਹਿਕਮਤ ਵਾਲਾ ਝੋਲ਼ਾ ਚੁੱਕ ਕੇ ਤੋਂ-ਤੋਂ ਕਦਮਾਂ ਨਾਲ਼ ਮੀਏਂ ਦੀ ਹਵੇਲੀ ਵੱਲ ਤੁਰ ਪਿਆ ਸੀ। ਦੋ ਟੁੱਟੇ ਹੋਏ ਅ-ਸਾਵੇਂ ਪਰਿਵਾਰਾਂ ਦਰਮਿਆਨ ਮੱਲ੍ਹਮ ਦੀ ਡੱਬੀ ਇਕ ਪੁਲ਼ ਬਣ ਗਈ ਸੀ।

ਮੇਲਿਆਂ, ਤਿਉਹਾਰਾਂ ਤੇ ਗੁਰਪੁਰਬਾਂ ਨੂੰ ਮਾਣਦਾ ਇਹ ਪਿੰਡ, ਹੌਲ਼ੀ-ਹੌਲ਼ੀ ਤੁਰਦਾ ਜਾ ਰਿਹਾ ਸੀ, ਸ਼ਮਸੂ ਤੇਲੀ ਦੇ ਬਲ਼ਦ ਵਾਂਗ ਪਰ ਖ਼ੁਸ਼ੀਆਂ ਤੇ ਸਾਂਝਾਂ ਭਰੀਆਂ ਰੌਣਕਾਂ ਦਾ ਇਹ ਕਾਫ਼ਲਾ ਇਕ ਖ਼ਬਰ ਨੇ ਡੱਕ ਲਿਆ ਸੀ: ਦੇਸ਼ ਦੀ ਵੰਡ ਦੀ ਖ਼ਬਰ ਨੇ। ਡਰ ਤੇ ਅਨਿਸਚਿਤਤਾ ਨੇ ਪਿੰਡ ਦੀਆਂ ਸਰਗਰਮੀਆਂ ਨੂੰ ਛਾਂਗਣਾ ਸ਼ੁਰੂ ਕਰ ਦਿੱਤਾ ਸੀ। ਪਰ੍ਹਿਆਂ, ਖੇਤਾਂ, ਗਲ਼ੀਆਂ, ਧਰਮ-ਸਥਾਨਾਂ ਤੇ ਹੱਟੀਆਂ-ਭੱਠੀਆਂ 'ਚੋਂ ਖਿਸਕ-ਖਿਸਕ ਕੇ ਜ਼ਿੰਦਗੀ ਘਰਾਂ ਦੀਆਂ ਕੰਧਾਂ ਅੰਦਰ ਸਿਮਟਦੀ ਗਈ। ਮੀਏਂ ਦੇ ਘਰ ਬੋਲਦੇ ਰੇਡੀਓ ਦੀਆਂ ਗੱਲਾਂ ਦੀ ਪੁਸ਼ਟੀ ਇਲਾਕੇ 'ਚ ਵਾਪਰੀਆਂ ਘਟਨਾਵਾਂ ਦੀਆਂ ਖ਼ਬਰਾਂ ਤੇ ਅਫ਼ਵਾਹਾਂ ਨੇ ਕਰ ਦਿੱਤੀ ਸੀ। ਪਿੰਡ-ਵਾਸੀਆਂ ਦੇ ਦਿਲਾਂ ਵਿਚਕਾਰ ਇਕ ਅਸਪੱਸ਼ਟ ਜਿਹੀ ਲਕੀਰ ਖਿੱਚੀ ਗਈ। ਦਿਨ-ਬ-ਦਿਨ ਇਹ ਲਕੀਰ ਗੂੜ੍ਹੀ ਤੇ ਸਪੱਸ਼ਟ ਹੁੰਦੀ ਗਈ।

ਲੁਹਾਰਾਂ ਦਾ ਸੱਤਾ, ਪਿਉ ਵਾਂਗ ਛਵ੍ਹੀਆਂ ਤੇ ਦਾਤਰ ਬਣਾਉਣ 'ਚ ਮਸ਼ਹੂਰ ਸੀ। ਉਸਨੂੰ ਨੇੜਲੇ ਪਿੰਡ ਲਹਿਲੀ ਖੁਰਦ ਦੇ ਜੱਟ ਸੱਦ ਕੇ ਲੈ ਗਏ। ਉਹ ਕਈ ਦਿਨ ਘਰ ਨਾ ਮੁੜਿਆ। ਲੋਕ ਤਰ੍ਹਾਂ-ਤਰ੍ਹਾਂ ਦੀਆਂ ਕਿਆਸ-ਅਰਾਈਆਂ ਲਾਉਣ ਲੱਗੇ। ਮੁਸਲਮਾਨਾਂ ਦੇ ਮਨਾਂ 'ਚ ਉਪਜੀ ਸ਼ੱਕ ਜ਼ਰਬ ਖਾ ਗਈ। ਸੱਤਾ ਪੰਜਵੇਂ ਦਿਨ ਨੰਗੇ ਸਿਰ ਤੇ ਨੰਗੇ ਪੈਰ ਪਿੰਡ ਪਰਤਿਆ ਤਾਂ ਪੀੜ ਨਾਲ ਕਰਾਹ ਰਿਹਾ ਸੀ। ਉਹ ਥੱਕਿਆ-ਟੁੱਟਿਆ ਸੀ। ਅੱਖਾਂ ਉਨੀਂਦਰੇ ਦੇ ਕਾਰਨ ਲਾਲ ਸਨ। ਸੱਜਾ ਹੱਥ ਪੱਗ 'ਚ ਵਲ੍ਹੇਟਿਆ ਹੋਇਆ ਸੀ ਤੇ ਪੱਗ ਲਹੂ 'ਚ ਨੁੱਚੜੀ ਪਈ ਸੀ। ਛਵ੍ਹੀਆਂ ਚੰਡਦੇ ਸਮੇਂ ਘਣ ਵਾਹੁਣ ਵਾਲੇ ਥੱਕੇ ਤੇ

ਉਨੀਂਦਰੇ ਮੁੰਡੇ ਨੇ ਸੱਟ ਉਸਦੇ ਹੱਥ 'ਤੇ ਮਾਰ ਦਿੱਤੀ ਸੀ। ਵਿਚਕਾਰਲੀਆਂ ਦੋ ਉਂਗਲਾਂ ਫਿਸ ਗਈਆਂ ਸਨ। ਉਸਨੇ ਮਾਂ ਨੂੰ ਹਲ਼ ਦਾ .ਫਾਲ ਚੰਡਦਿਆਂ ਸੱਟ ਲੱਗਣ ਦੀ ਗੱਲ ਕਹੀ ਤਾਂ ਉਹ ਗੁੱਸੇ 'ਚ ਬੋਲੀ ਸੀ,

''ਕੁੱਖੋਂ ਜੰਮ ਕੇ ਪਰਦੇ ਨਾ ਪਾ, ਬੇਗੁਰਿਆ। ਵੇ ਜੱਟਾਂ ਨੇ ਤਾਂ ਮੁੰਨੀਆਂ ਛੱਡ ਕੇ ਛਵ੍ਹੀਆਂ ਚੁੱਕ ਲਈਆਂ। ਤੂੰ ਕਿਨ੍ਹਾਂ ਹਲ਼ਾਂ ਲਈ ਫਾਲ਼ ਚੰਡਦਾ ਆਇਆਂ। ਤੂੰ ਚੜ੍ਹਿਆਂ ਜੱਟਾਂ ਦੇ ਢਹੇ। ਇਨ੍ਹਾਂ ਭੂਤਨਿਆਂ ਕੋਲੋਂ ਤਾਂ ਰੱਬ ਵੀ ਡਰਦਾ। ਵੇ ਅਸੀਂ ਆਂ ਕੰਮੀਂ-ਕਮੀਣ, ਸਾਥੋਂ ਨ੍ਹੀ ਪੁੱਗਣਗੀਆਂ ਇਹ ਮਲ੍ਹਾਜੇਦਾਰੀਆਂ।'' ਸੱਤਾ ਨੀਵੀਂ ਪਾਈ ਸੁਣਦਾ ਰਿਹਾ।

ਜਿਸ ਸ਼ਾਮ ਸੱਤਾ ਪਿੰਡ ਪਰਤਿਆ, ਮੀਏਂ ਦੀ ਹਵੇਲੀ ਮੁਸਲਮਾਨਾਂ ਦਾ ਇੱਕਠ ਹੋਇਆ ਪਿਆ ਸੀ। ਕੱਲ੍ਹ ਦੇ ਅਛੂਤ ਤੇ ਕੰਮੀਂ-ਕਮੀਣ ਅੱਜ ਰਾਜਪੂਤਾਂ ਨੂੰ ਆਪਣੇ ਹਮ-ਮਜ਼੍ਹਬ ਭਰਾ ਲੱਗ ਰਹੇ ਸਨ। ਤੇਲੀਆਂ, ਮੋਚੀਆਂ, ਨਾਈਆਂ ਤੇ ਭਰਾਈਆਂ ਨੂੰ ਬਰਾਬਰ ਬਿਠਾਅ ਕੇ ਬਚਾਅ ਦੀਆਂ ਤਰਕੀਬਾਂ ਪੁੱਛੀਆਂ ਜਾ ਰਹੀਆਂ ਸਨ।

''ਚੌਧਰੀਓ।'' ਲਾਗੀ ਬਰਾਦਰੀ ਵੱਲੋਂ ਚਿਰਾ ਦੀਨ ਮਰਾਸੀ ਨੇ ਖੜ੍ਹਦਿਆਂ ਹੱਥ ਜੋੜ ਲਏ ਸਨ। ''ਤੁਸੀਂ ਪਹਿਲਾਂ ਵੀ ਸਾਡੇ ਮਾਲਕ ਸੀ ਤੇ ਅੱਜ ਵੀ ਹੋ। ਅਸੀਂ ਗਰੀਬ-ਗੁਰਬਿਆਂ ਨੇ ਤਾਂ ਤੁਹਾਡੀ ਓਟ ਲੈ ਕੇ ਬਚਣਾ। ਬਾਕੀ ਮਾਲਕੋ ਜੋ ਤੁਹਾਡਾ ਹੁਕਮ ਹੋਇਆ ਸਾਡੇ ਸਿਰ-ਮੱਥੇ।''

ਲੰਬੇ ਵਿਚਾਰ-ਵਟਾਂਦਰੇ ਤੋਂ ਬਾਅਦ ਮੀਆਂ ਉੱਠ ਖੜ੍ਹਾ ਹੋਇਆ। ਅੱਜ ਉਸਦਾ ਚਿਹਰਾ ਉਦਾਸ ਤੇ ਧੌਣ ਥੋੜ੍ਹੀ ਝੁਕੀ ਹੋਈ ਸੀ। ''ਪਹਿਲੀ ਗੱਲ ਤਾਂ ਇਹ-।'' ਉਹ ਹੱਥ ਜੋੜ ਕੇ ਖੜ੍ਹਾ ਸਭ ਨੂੰ ਓਪਰਾ-ਓਪਰਾ ਤੇ ਵਿਚਾਰਾ ਜਿਹਾ ਲੱਗਿਆ। ''ਹਿੰਦੂ-ਸਿੱਖਾਂ 'ਤੇ ਬਿਲਕੁਲ ਵਿਸ਼ਵਾਸ ਨਾ ਕੀਤਾ ਜਾਏ। ਦੂਜੀ ਗੱਲ, ਲੜਾਈ ਲਈ ਹਮੇਸ਼ਾਂ ਤਿਆਰ ਰਹੋ। ਹਥਿਆਰ ਨਹੀਂ ਤਾਂ ਰੋੜੇ-ਬੱਟੇ ਈ ਕੱਠੇ ਕਰੋ। ਤੀਸਰੀ ਗੱਲ, ਔਰਤਾਂ ਘਰੋਂ ਬਿਲਕੁਲ ਬਾਹਰ ਪੈਰ ਨਾ ਪਾਉਣ ਤੇ ਮਰਦ ਵੀ ਕੁਝ ਦਿਨਾਂ ਲਈ ਪਿੰਡੋਂ ਬਾਹਰ ਨਾ ਜਾਣ। ਚੌਥੀ ਗੱਲ, ਬੜੇ ਹੀ ਖ਼ੁਫ਼ੀਆ ਢੰਗ ਨਾਲ ਨੇੜਲੇ ਪਿੰਡਾ ਦੇ ਹਮ-ਮਜ਼੍ਹਬੀਆਂ ਨਾਲ਼ ਰਾਬਤਾ ਕਾਇਮ ਕਰ ਕੇ ਸਾਂਝੀ ਕਾਰਵਾਈ ਲਈ ਵਿਚਾਰ ਕੀਤੀ ਜਾਏ। ਪਹਿਰਾ ਬਿਲਕੁਲ ਲਾਂਮੀ ਏ। ਖੂਹ ਦੀ ਖਾਸ ਤੌਰ 'ਤੇ ਰਾਖੀ ਕੀਤੀ ਜਾਏ। ਪਿੰਡ ਛੱਡਣ ਬਾਰੇ..,'' ਇੱਥੇ ਆ ਕੇ ਉਸਦੀ ਅਵਾਂ ਭਾਰੀ ਹੋ ਗਈ, ''ਫ਼ੈਸਲਾ ..ਦੋ-ਚਾਰ ਦਿਨਾਂ ਬਾਅਦ ਹਾਲਾਤ ਦੇਖ ਕੇ ਲਿਆ ਜਾਏਗਾ।'' ਇਸ ਆਖਰੀ ਗੱਲ ਨੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਕੋਈ ਵੀ ਮੀਏਂ ਦੀਆਂ ਹਿਦਾਇਤਾਂ ਦਾ ਹੁੰਗਾਰਾ ਬੋਲ ਕੇ ਨਾ ਭਰ ਸਕਿਆ। ਸਹਿਮਤੀ 'ਚ ਸਿਰ ਮਾਰ ਕੇ ਜਦ ਉਹ ਘਰਾਂ ਵੱਲ ਜਾਣ ਲਈ ਉਠ ਖੜ੍ਹੇ ਹੋਏ-

''ਕਰਮਦੀਨਾ,''ਛੇਤੀਂ'' ਬਹੁੜ ਵੇ, ਸੱਤੇ ਦੇ ਸੱਟ ਵੱਜ ਗਈ ਆ।'' ਸੱਤੇ ਦੀ ਮਾਂ ਦੀ ਇਹ ਗੱਲ ਸੁਣ ਕੇ ਖਿਡ ਰਹੀ ਮਜਲਿਸ 'ਚ ਸੰਨਾਟਾ ਛਾ ਗਿਆ ਸੀ।

''ਸੁਣ ਹਕੀਮਾ।'' ਨੂਰ ਮੁਹੰਮਦ ਕਰਮਦੀਨ ਦੇ ਸਾਹਵੇਂ ਹੁੰਦਿਆਂ ਬੋਲਿਆ, ''ਜੇ ਭਾਈਚਾਰੇ 'ਚ ਰਹਿਣਾ ਏਂ ਤਾਂ ਲੁਹਾਰ ਦੇ ਮੱਲ੍ਹਮ-ਪੱਟੀ ਨਾ ਕਰੀਂ''

''ਛਵ੍ਹੀਆਂ ਚੰਡਦਾ ਆਇਆ, ਮਾਂ ਆਪਣੀ ਦਾਵ., ਲਹਿਲੀ ਤੋਂ।'' ਹਸਨਦੀਨ ਨੇ ਨਫ਼ਰਤ ਨਾਲ਼ ਕਿਹਾ।

''ਮਰ ਲੈਣ ਦੇ ਸਾਲੇ ਨੂੰ ਕੁੱਤੇ ਦੀ ਮੌਤ।'' ਗਾਮੀ ਨੇ ਕੁੜੱਤਣ ਨਾਲ਼ ਆਖਿਆ ਸੀ।

ਚੁਗਾਠ ਦਾ ਆਸਰਾ ਲੈ ਕੇ ਖੜ੍ਹੀ ਸੱਤੇ ਦੀ ਮਾਂ ਇਹ ਗੱਲਾਂ ਸੁਣ ਕੇ ਥੱਕੇ ਤੇ ਝੁਠੇ ਪੈਂਦੇ ਪੈਰਾਂ ਨਾਲ਼, ਡੂੰਘੀ ਚਿੰਤਾ 'ਚ ਡੁੱਬੀ ਘਰ ਵੱਲ ਮੁੜ ਗਈ ਸੀ।

ਘਰ ਵੱਲ ਮੁੜਦਿਆਂ ਕਰਮਦੀਨ ਸੱਤੇ ਨੂੰ ਛਵ੍ਹੀਆਂ ਚੰਡਦਿਆਂ ਤਸੱਵਰ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਪਰ ਹਰ ਵਾਰ ਉਹ ਪੀੜ ਨਾਲ਼ ਕਰਾਹੁੰਦਾ ਨਜ਼ਰ ਆਉਂਦਾ। ਸੱਤਾ ਫ਼ਜ਼ਲੇ ਦਾ ਹਮ-ਉਮਰ ਤੇ ਜਮਾਤੀ ਸੀ। ਸੱਤੇ ਦਾ ਬਾਪ ਮੀਣਾ, ਜਿਸਦੀ ਪਿਛਲੇ ਸਾਲ ਬਰੀਕ ਤਾਪ ਨਾਲ਼ ਮੌਤ ਹੋ ਗਈ ਸੀ, ਕਰਮਦੀਨ ਦਾ

ਗੂੜ੍ਹਾ ਮਿੱਤਰ ਸੀ।

ਉਸਨੇ ਦੁਕਾਨ 'ਚੋਂ ਹਿਕਮਤ ਵਾਲ਼ਾ ਝੋਲ਼ਾ ਚੁੱਕਿਆ ਤੇ ਸਭ ਦੀ ਨਜ਼ਰ ਤੋਂ ਬਚਦਾ ਤੇ ਡਰਦਾ, ਤੇਂ-ਤੇਂ ਕਦਮਾਂ ਦੇ ਨਾਲ਼ ਸੱਤੇ ਦੇ ਘਰ ਮੂਹਰੇ ਪਹੁੰਚ ਗਿਆ। ''ਜੇ ਤੇਰਾ ਧਰਮ ਜਾਗਿਆ ਤਾਂ ਅਗਲੇ ਨੇ ਵੀ ਭਾਈਚਾਰੇ ਤੋਂ ਬਾਹਰ ਨਹੀਂ ਜਾਣਾ। ਹਕੀਮ ਨਹੀਂ ਔਣ ਲੱਗਾ। ਹੁਣ ਮਾਰ ਲੈ ਵਾਜਾਂ ਲਹਿਲੀ ਆਲ਼ੇ ਜੱਟਾਂ ਨੂੰ, ਜਿਨ੍ਹਾਂ ਕੋਲੋਂ ਲੀਰ ਸਾਰਖੀ ਵੀ ਨਾ ਜੁੜੀ।''

ਕਰਮਦੀਨ ਦਰ ਲੰਘਿਆ ਤਾਂ ਸੱਤੇ ਦੀ ਮਾਂ ਹੈਰਾਨ ਹੋ ਕੇ ਚੁੱਪ ਕਰ ਗਈ। ਸੱਤੇ ਨੇ ਕਰਾਹੁਣਾ ਛੱਡ ਕੇ ਨੀਵੀਂ ਪਾ ਲਈ। ਮੱਲ੍ਹਮ-ਪੱਟੀ ਸਮੇਂ ਵੀ ਉਸਦੀਆਂ ਅੱਖਾਂ ਝੁਕੀਆਂ ਹੀ ਰਹੀਆਂ। ਉਹ ਪੀੜ ਨੂੰ ਅੰਦਰੋ-ਅੰਦਰੀ ਪੀਂਦਾ ਚੁੱਪ ਰਿਹਾ।

ਸਵੇਰ ਤੱਕ ਸੱਤੇ ਦੇ ਜ਼ਖ਼ਮਾਂ 'ਚੋਂ ਤਾਂ ਲਹੂ ਰਿਸਣਾ ਬੰਦ ਹੋ ਗਿਆ ਸੀ, ਪਰ ਪੂਰੇ ਦੇਸ਼ 'ਚੋਂ ਲਹੂ-ਭਿੱਜੀਆਂ ਖ਼ਬਰਾਂ ਦਾ ਆਉਣਾ ਨਿਰੰਤਰ ਜਾਰੀ ਰਿਹਾ। ਆਲ਼ੇ-ਦੁਆਲ਼ੇ ਦੇ ਪਿੰਡਾਂ 'ਚ ਵੱਢ-ਟੁੱਕ ਸ਼ੁਰੂ ਹੋ ਗਈ ਸੀ। ਬਸੀ ਅਲੀ ਖਾਨ, ਬਸੀ ਹਸਤ ਖਾਨ, ਬਸੀ ਕਲਾਂ ਤੇ ਬਸੀ ਜੌੜਾ, ਆਦਿ, ਪਠਾਣਾਂ ਦੇ ਪਿੰਡਾਂ ਦੇ ਖਾਲੀ ਹੋ ਜਾਣ ਦੀਆਂ ਖ਼ਬਰਾਂ ਨੇ ਨਾਰੂ ਨੰਗਲ ਦੇ ਮੁਸਲਮਾਨਾਂ ਨੂੰ ਖ਼ੌਫ਼ ਨਾਲ਼ ਭਰ ਦਿੱਤਾ ਸੀ।

ਉਸੇ ਦੁਪਹਿਰ ਹੱਥਾਂ 'ਚ ਛਵ੍ਹੀਆਂ ਉਲਾਰੀ, ਸਿੱਖ ਮੁੰਡਿਆਂ ਦੀ ਇਕ ਟੋਲੀ ਨਾਰੂ ਨੰਗਲ ਦੇ ਬਜ਼ਾਰ 'ਚ ਆਣ ਪਹੁੰਚੀ। ਲੋਕਾਂ ਨੇ ਡਰਦਿਆਂ ਬੂਹੇ ਬੰਦ ਕਰ ਲਏ। ਉਹਨਾਂ ਅੱਖਾਂ ਗਲ਼ੀ ਵਲ ਖੁੱਲ੍ਹਦੀਆਂ ਬਾਰੀਆਂ ਨਾਲ਼ ਲਗਾ ਕੇ ਸਾਹ ਸੂਤ ਲਏ। ਟੋਲੀ ਹਕੀਮ ਦੀ ਦੁਕਾਨ ਮੂਹਰੇ ਰੁਕ ਗਈ। ਟੇਢੀ ਪੱਗ ਵਾਲੇ ਮੁੰਡੇ ਨੇ ਅਗਾਂਹ ਵੱਧ ਕੇ ਕੁੰਡਾ ਖੜਕਾਇਆ ਪਰ ਅੰਦਰੋਂ ਕੋਈ ਹੁੰਗਾਰਾ ਨਾ ਮਿਲਿਆ।

''ਓਏ ਫਜਲਿਆ, ਮੈਂ ਧੰਨਾ ਆਂ। ਦਰ ਤਾਂ ਖੋਹਲ।'' ਮਧਰੇ ਕੱਦ ਤੇ ਬਿੱਲੀਆਂ ਅੱਖਾਂ ਵਾਲੇ ਸਰਦਾਰ ਨੇ ਅਪਣੱਤ ਨਾਲ਼ ਕਿਹਾ।

ਫ਼ਜ਼ਲੇ ਨੇ ਦਰ ਖੋਹਲਿਆ ਤਾਂ ਅੱਠ-ਦਸ ਸਿੱਖ-ਮੁੰਡੇ ਦੁਕਾਨ ਅੰਦਰ ਆਣ ਵੜੇ।

''ਦੱਸੋ ਪੁੱਤਰੋ?''ਕਰਮਦੀਨ ਨੇ ਸਹਿਮ ਕੇ ਪੁੱਛਿਆ।

''ਬਾਪੂ ਦੇ ਸੱਟ ਵੱਜ 'ਗੀ ਚਾਚਾ। ਝੋਲਾ ਚੁੱਕ ਤੇ ਤੁਰ ਪੈ ਛੇਤੀ। ਮੁੰਡੇ ਵਾਪਸ ਛੱਡ ਜਾਣਗੇ।'' ਬਿੱਲੀਆਂ ਅੱਖਾਂ ਵਾਲ਼ੇ ਮੁੰਡੇ ਦੀ ਗੱਲ ਸੁਣ ਕੇ ਹਕੀਮ ਸੋਚੀਂ ਪੈ ਗਿਆ। ਇਹ ਧੰਨਾ ਸੀ, ਨੇੜਲੇ ਪਿੰਡ ਲਹਿਲੀ ਖੁਰਦ ਤੋਂ।

ਧੰਨਾ ਫ਼ਜ਼ਲੇ ਦਾ ਜਮਾਤੀ ਤੇ ਮਿੱਤਰ ਸੀ। ਸਕੂਲੋਂ ਦੌੜ ਕੇ ਉਹਨਾਂ ਦੂਰ-ਦੂਰ ਤਕ ਮੇਲੇ ਵੇਖੇ ਸਨ। ਉਹਨਾਂ ਕਈ ਵਾਰ ਮਾਸਟਰ ਫਤਿਹ ਮੁਹੰਮਦ ਤੇ ਦੀਨਾ ਨਾਥ ਕੋਲੋਂ ਇੱਕਠਿਆਂ ਕੁੱਟ ਖਾਧੀ ਸੀ। ਨੌਂਵੀਂ 'ਚੋਂ ਫੇਲ੍ਹ ਹੋ ਕੇ ਦੋਹਾਂ ਨੇ ਇਕੱਠਿਆਂ ਹੀ ਪੜ੍ਹਾਈ ਛੱਡ ਦੇਣ ਦਾ ਫ਼ੈਸਲਾ ਕੀਤਾ ਸੀ। ਬਾਈ ਕੁ ਸਾਲਾਂ ਦਾ ਧੰਨਾ ਅੱਜ ਪੂਰਾ ਸਿੰਘ ਸਜ ਗਿਆ ਸੀ। ਉਸਨੇ ਇਲਾਕੇ ਦੇ ਅਲੂਏਂ ਮੁੰਡੇ ਇਕੱਠੇ ਕਰ ਕੇ ਇਕ ਜੱਥਾ ਖੜ੍ਹਾ ਕਰ ਲਿਆ ਸੀ। ਆਪ ਉਹ ਜਥੇਦਾਰ ਸੀ। ਜਥੇਦਾਰ ਧੰਨਾ ਸਿੰਘ ਬੈਂਸ। ਇਹ ਮੁੰਡੇ ਪਿੰਡਾਂ 'ਤੇ ਧਾਵੇ ਬੋਲਦੇ, ਘਰ ਲੁੱਟਦੇ, ਮੁਸਲਮਾਨਾਂ ਨੂੰ ਕਤਲ ਕਰਦੇ ਤੇ ਸੋਹਣੀਆਂ-ਸੁੱਨਖੀਆਂ ਕੁੜੀਆਂ ਤੇ ਔਰਤਾਂ ਨੂੰ ਚੁੱਕ ਕੇ ਲੈ ਜਾਂਦੇ। ਦੋ ਚਾਰ ਦਿਨ ਕੋਲ਼ ਰੱਖ ਕੇ ਅਗਾਂਹ ਤੋਰ ਦਿੰਦੇ। ਕਦੇ ਕਿਸੇ ਲੋੜਵੰਦ ਕੋਲੋਂ ਰੁਪਏ ਵੀ ਵੱਟ ਲੈਂਦੇ।

''ਉਹ ਤਾਂ ਠੀਕ ਆ ਪੁੱਤਰਾ।'' ਹਕੀਮ ਡੂੰਘੀ ਸੋਚ 'ਚੋਂ ਉੱਭਰਦਿਆਂ ਬੋਲਿਆ। ''ਪਰ ਮੀਏਂ ਹੁਰਾਂ ਮਨ੍ਹਾਂ ਕੀਤਾ ਪਿਆ ਹੋਇਆ ਪਿੰਡੋਂ ਬਾਹਰ ਜਾਣਾ।''

''ਚਾਚਾ,'' ਧੰਨਾ ਤੈਸ਼ 'ਚ ਆਉਂਦਿਆਂ ਬੋਲਿਆ, ''ਕਿਹੜੀਆਂ ਗੱਲਾਂ ਕਰਦਾਂ ਤੂੰ? ਮੀਆਂ-ਮੂਆਂ ਕੁਝ ਨਹੀਂ ਮੈਂ ਦੱਸਾਂ। ਆਪਣਾ ਰਾਜ ਏ ਪੂਰੇ ਇਲਾਕੇ 'ਤੇ। ਆਹ ਪਿੰਡ ਤਾਂ ਤੁਾਡੇ ਮੂੰਹ-ਮਲਾਜੇ ਨੂੰ

ਬਚਿਆ। ਅਸੀਂ ਤਾਂ ਵੀਹ ਪਿੰਡਾਂ 'ਚੋਂ ਮੁਸਲਮਾਨ ਭਜਾਅ ਦਿੱਤੇ, ਚਾਚਾ। ਤੁਰ ਪੈ ਤੂੰ ਚੁੱਪ ਕਰ ਕੇ। ਅਸੀਂ ਆਪੇ ਨਜਿੱਠ ਲਾਂਗੇ ਮੀਏਂ ਨਾਲ।'' ਧੰਨੇ ਦੇ ਬੋਲਾਂ 'ਚ ਧਮਕੀ ਸੀ।

''ਅੱਬਾ ਜਾ ਆ। ਐਵੇਂ ਤਾਇਆ ਵਿਲਕਦਾ ਹੋਊ ਵਿਚਾਰਾ ਪੀੜ ਨਾਲ਼।'' ਫ਼ਜ਼ਲਾ ਸੱਚ-ਮੁੱਚ ਫ਼ਿਕਰਮੰਦ ਸੀ।

''ਉਹ ਤਾਂ ਠੀਕ ਆ ਪੁੱਤਰਾ ਪਰਵ.।''

''ਪਰ ਕੀ ਅੱਬਾ? ਤੂੰ ਆਪੇ ਤਾਂ ਕਹਿੰਦਾਂ ਹੁੰਦਾਂ ਕਿ ਮੱਲ੍ਹਮਵ।''

ਫ਼ਜ਼ਲੇ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਕਰਮਦੀਨ ਨੇ ਹਿਕਮਤ ਵਾਲੇ ਝੋਲੇ ਨੂੰ ਹੱਥ ਪਾ ਲਿਆ ਸੀ। ਗਲ਼ੀ 'ਚ ਆਉਂਦਿਆਂ ਉਹ ਟੋਲੀ ਦੇ ਮੂਹਰੇ ਲੱਗ ਤੁਰਿਆ। ਪਿੰਡੋਂ ਨਿਕਲ ਕੇ ਲਹਿਲੀ ਵਾਲੇ ਰਾਹੇ ਪੈਂਦਿਆਂ ਮੁੰਡਿਆਂ ਦੀ ਚਾਲ 'ਚ ਤੌਲੀ ਆ ਗਈ। ਉਹਨਾਂ ਨੇ ਨਾ ਆਪਸ 'ਚ ਤੇ ਨਾ ਹੀ ਕਰਮਦੀਨ ਨਾਲ਼ ਕੋਈ ਗੱਲ ਕੀਤੀ।ਇਸ ਚੁੱਪ ਨੇ ਹਕੀਮ ਦੇ ਦਿਲੋ-ਦਿਮਾਗ 'ਤੇ ਛਾਈ ਸਹਿਮ ਭਰੀ ਉਦਾਸੀ ਹੋਰ ਸੰਘਣੀ ਕਰ ਦਿੱਤੀ। ਮੁੰਡੇ ਅਚਾਨਕ ਸੱਜੇ ਹੱਥ

ਤਕੀਏ ਵਲ ਜਾਂਦੇ ਰਾਹੇ ਪੈ ਗਏ। ਹਕੀਮ ਧੁਰ ਅੰਦਰ ਤੱਕ ਕੰਬ ਗਿਆ। ਉਸਨੇ ਤਕੀਏ ਦੇ ਸਾਹਵੇਂ ਖੜ੍ਹੀ ਬੋਹੜ ਦੀ ਛਾਵੇਂ ਘੋੜੇ ਬੱਝੇ ਵੇਖੇ ਤਾਂ ਉਸਦੇ ਸਾਹ 'ਚ ਸਾਹ ਆਇਆ। ਉਸ ਨੇ ਬਿਨਾ ਸਿਰ ਝੁਕਾਏ ਤਕੀਏ ਨੂੰ ਸਜਦਾ ਕੀਤਾ ਤੇ ਆਪਣੀ ਸਲਾਮਤੀ ਲਈ ਦੁਆ ਮੰਗੀ।

''ਦੇਖ ਚਾਚਾ, ਸਾਡੀ ਹੈਗੀ ਆ ਗੂੜ੍ਹੀ ਸਾਂਝ। ਮੈਂ ਤੇਰੇ ਮੂਹਰੇ ਹੋਰ ਝੂਠ ਨਹੀਂ ਬੋਲਣਾ। ਬਾਪੂ ਦੇ ਕੋਈ ਸੱਟ-ਸੁੱਟ ਨਈਂ ਵੱਜੀ। ਅਸੀਂ ਤੇਰੇ 'ਤੇ ਮਾਣ ਕਰ ਕੇ ਤੈਨੂੰ ਇੱਥੇ ਲਿਆਏ ਆਂ।''

ਇਹ ਗੱਲ ਸੁਣ ਕੇ ਕਰਮਦੀਨ ਨੇ ਕੰਬਦੇ ਹੱਥਾਂ ਨਾਲ਼ ਝੋਲ਼ਾ ਜ਼ਮੀਨ 'ਤੇ ਰੱਖ ਦਿੱਤਾ।

''ਤੇਰਾ ਤਾਂ, ਹਕੀਮਾਂ, ਹਰ ਘਰ 'ਚ ਔਣ-ਜਾਣ ਆ। ਸਾਨੂੰ ਸਿੱਧਾ-ਸਿੱਧਾ ਦੱਸ ਕਿ ਨੰਗਲ'ਚ ਕਿੰਨਾ ਕੁ ਅਸਲਾ? ਕਿਹੜੇ-ਕਿਹੜੇ ਰਾਜਪੂਤ ਕੋਲ਼ ਬੰਦੂਕ ਆ?''

ਕਰਮਦੀਨ ਨੂੰ ਤਕੀਆ ਕੰਬਦਾ ਹੋਇਆ ਦਿਖਾਈ ਦਿੱਤਾ। ਉਹ ਡਿੱਗਦੇ ਮਨ ਨਾਲ਼ ਤਕੀਏ ਸਾਹਮਣਲੇ ਥੜ੍ਹੇ ਉੱਤੇ ਡਿੱਗ ਹੀ ਪਿਆ।

''ਪੁੱਤਰੋ ਅਸੀਂ ਤਾਂ ਹੋਏ ਕੈਂਚੀਆਂ-ਉਸਤਰਿਆਂ ਆਲ਼ੇ ਗਰੀਬ-ਗੁਰਬੇ ਲੋਕ। ਸਾਨੂੰ ਕੀ ਪਤਾ ਬੰਦੂਕਾਂ ਦਾ?'' ਉਸਦੇ ਬੋਲ ਬਿੜਕਦੇ ਜਾ ਰਹੇ ਸਨ।

''ਐਂ ਤਾਂ ਨਾ ਕਰ ਚਾਚਾ। ਮੇਰਾ ਮਾਣ ਰੱਖ। ਦੇਖ ਲੈ, ਜੇ ਇਹ

ਪੁੱਠੀਆਂ ਮੱਤਾਂ ਆਲ਼ੇ ਵਿਗੜ ਗਏ ਤਾਂ ਮੈਥੋਂ ਵੀ ਨਹੀਂ ਸਾਂਭੇ

ਜਾਣੇ।''

ਧੰਨਾ, ਸਿਰ ਫੜ ਕੇ ਬੈਠੇ ਨਿਰਾਸ਼ ਕਰਮਦੀਨ ਕੋਲ਼, ਬੈਠ ਗਿਆ।

''ਦੇਖ ਚਾਚਾ, ਤੁਸੀਂ ਚਲੇ ਜਾਣਾ ਆਪਣੇ ਪਾਕਸਤਾਨ। ਮੈਂ ਵੀ ਤਾਂ ਫ਼ਜ਼ਲੇ ਅਰਗਾ ਈ ਆਂ। ਮੈਨੂੰ ਮੱਲ੍ਹਮ ਦਾ ਨੁਸਖਾ ਈ ਦੱਸ ਜਾ।'' ਧੰਨੇ ਨੇ ਤਨਜ਼ ਭਰੀ ਧੀਮੀ ਅਵਾਂ 'ਚ ਕਿਹਾ। ਮੁੰਡੇ ਹੱਸ ਪਏ। ਕਰਮਦੀਨ ਦੀ ਦੇਹ ਗੁੱਸੇ 'ਚ ਤਪਣ ਤੇ ਕੰਬਣ ਲੱਗ ਪਈ। ਉਹ ਨਿਡਰਤਾ ਨਾਲ਼ ਬੋਲਿਆ, ''ਉਏ ਧੰਨਿਆ, ਏਸ ਮੱਲ੍ਹਮ ਦੀ ਪਾਕੀਜ਼ਗੀ ਤੂੰ ਕੀ ਜਾਣੇਂ, ਨਿਰਦੋਸ਼ਾਂ ਦੇ ਕਾਤਲਾ। ਇਹਦਾ ਵਾਰਿਸ ਬਣਨ ਲਈ ਤਾਂ ਭਾਈ ਘਨ੍ਹੈਈਆ ਜੀ ਅਰਗੀ ਸੋਚ ਚਾਹੀਦੀ ਆ।''

ਕਰਮਦੀਨ ਦੇ ਬਦਲੇ ਤੇਵਰ ਵੇਖਕੇ ਸਾਰੇ ਮੁੰਡੇ ਹੈਰਾਨ ਹੋ ਕੇ ਰਹਿ ਗਏ। ਗੁੰਮ-ਸੁੰਮ ਜਿਹੇ ਮੁੰਡੇ ਨੇ ਦੋ ਕਦਮ ਅਗਾਂਹ ਵਧਦਿਆਂ ਛਵੀ ਹਕੀਮ ਦੇ ਸਿਰ 'ਤੇ ਉਲਾਰ ਦਿੱਤੀ। ਹਕੀਮ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ।

''ਨਾ ਉਏ ਜ਼ੈਲਿਆ! ਚਾਚਾ ਏ ਆਪਣਾ।'' ਧੰਨਾ ਤ੍ਰਭਕ ਕੇ ਬੋਲਿਆ ਤਾਂ ਜ਼ੈਲਾ ਪਿਛਾਂਹ ਹਟ ਗਿਆ।

ਧੰਨਾ ਹਕੀਮ ਦੇ ਥੋੜ੍ਹਾ ਹੋਰ ਕੋਲ਼ ਹੁੰਦਿਆਂ ਬੋਲਿਆ, ''ਚੱਲ ਚਾਚਾ ਐਂ ਦੱਸ ਕਿ ਤੇਰੇ ਪਿੰਡ 'ਚ ਸਭ ਨਾਲੋਂ ਸੋਹਣੀ ਕੁੜੀ ਕਿਹੜੇ ਮੁਸਲਮਾਨ ਦੀ ਆ?''

ਹਕੀਮ ਦੀਆਂ ਅੱਖਾਂ 'ਚ ਲਹੂ ਉਤਰ ਆਇਆ। ਉਹ ਉੱਠ ਖੜ੍ਹਾ ਹੋਇਆ ਤੇ ਹੱਥ ਨਾਲ਼ ਲਾਹਣਤ ਪਾਉਂਦਿਆਂ ਬੋਲਿਆ,''ਸ਼ਰਮ ਕਰ ਉਏ ਪੁੱਤਰਾ! ਮੇਰੀਆਂ ਤਾਂ ਧੀਆਂ ਨੇ ਸਾਰੀਆਂ। ਧੀਆਂ ਤੇ ਧੀਆਂ ਹੀ ਹੁੰਦੀਆਂ ਨੇ, ਸੋਹਣੀਆਂ ਜਾਂ ਕੋਝੀਆਂ ਨਹੀਂ ਹੁੰਦੀਆਂ।'' ਏਨਾ ਆਖ ਉਹ ਚੁੱਪ ਕਰ ਗਿਆ।

''ਉਏ ਸਰਦਾਰਾ!'' ਖੁੰਡੀਆਂ ਮੁੱਛਾਂ ਵਾਲ਼ਾ ਮੁੰਡਾ ਰੋਹ 'ਚ ਬੋਲਿਆ। ''ਬਥੇਰਾ ਕਿਹਾ ਸੀ ਕਿ ਕੋਈ ਰਾਜਪੂਤ ਚੁੱਕਦੇ ਆਂ। ਲੈ ਲਾ ਚਾਚੇ ਕੋਲ਼ੋਂ ਸੂਹਾਂ। ਬੜਾ ਮਾਣ ਸੀ ਤੈਨੂੰ ਚਾਚੇ 'ਤੇ। ਅਸੀਂ ਤਾਂ ਬੜੀ ਬਾਰ ਦੇਖਿਆ, ਇਹ ਸਾਲੇ ਕੰਮੀਂ-ਕੋਮੀਣ ਤਾਂ ਟੱਸ ਤੋਂ ਮੱਸ ਨਹੀਂ ਹੁੰਦੇ। ਲੈ ਲਾ ਚਾਚਾ ਜੀ ਕੋਲੋਂ ਬੰਦੂਕਾਂ ਦੇ ਸਿਰਨਾਵੇਂ।''

''ਨਾਲੇ ਨੁਸਖਾ ਮੱਲ੍ਹਮ ਦਾ।'' ਕਾਲ਼ੇ ਕੁੜਤੇ ਵਾਲਾ ਹੱਸ ਕੇ ਬੋਲਿਆ।

''ਤੂੰ ਦੱਸ ਕੋਈ ਹਕੀਮੀ ਕਰਨੀ ਆਂ ਜੱਟਾ, ਨੁਸਖਾ ਲੈ ਕੇ?'' ਨੱਤੀਆਂ ਵਾਲ਼ੇ ਮੁੰਡੇ ਨੇ ਟਿੱਚਰ ਕੀਤੀ।

''ਐਵੈਂ ਵਕਤ ਬਰਬਾਦ ਕਰੀ ਜਾਨਾਂ।'' ਪੱਕੇ ਰੰਗ ਤੇ ਚਿੱਟੀਆਂ ਅੱਖਾਂ ਵਾਲ਼ੇ ਨੇ ਪਛਤਾਵੇ ਨਾਲ਼ ਕਿਹਾ।

ਜਦੋਂ ਸਾਰੇ ਮੁੰਡੇ ਖੁੰਡੀਆਂ ਮੁੱਛਾਂ ਵਾਲੇ ਦੀ ਹਾਮੀ ਭਰਨ ਲੱਗੇ ਤਾਂ ਧੰਨਾ ਉੱਠ ਕੇ ਤੁਰ ਪਿਆ।

''ਜੋ ਮਰਜੀ ਕਰੋ।'' ਇਹ ਆਖ ਉਸਨੇ ਬੋਹੜ ਦੀ ਜੜ੍ਹ ਨਾਲੋਂ ਘੋੜੀ ਦੀ ਲਗਾਮ ਖੋਹਲੀ ਤੇ ਪਲਾਕੀ ਮਾਰ ਕੇ ਕਾਠੀ 'ਤੇ ਬੈਠਦਿਆਂ, ਘੋੜੀ ਦੁੜਾਅ ਕੇ ਧੂੜ 'ਚ ਅਲੋਪ ਹੋ ਗਿਆ।

ਗੁੰਮ-ਸੁੰਮ ਜਿਹੇ ਮੁੰਡੇ ਨੇ ਦੋਵੇਂ ਹੱਥ ਜੋੜ ਕੇ ਛਵ੍ਹੀ ਹਕੀਮ ਦੇ ਹਿੱਕ 'ਤੇ ਜੜ ਦਿੱਤੀ। ਉਹ ਚੀਕ ਮਾਰ ਕੇ ਧਰਤੀ 'ਤੇ ਚੁਫਾਲ ਡਿਗ ਪਿਆ। ਖੁੰਡੀਆਂ ਮੁੱਛਾਂ ਵਾਲੇ ਮੁੰਡੇ ਨੇ ਅਗਾਂਹ ਵਧ ਕੇ ਕਰਮਦੀਨ ਦੇ ਮੌਰਾਂ 'ਤੇ ਪੰਜ-ਸੱਤ ਵਾਰ ਹੋਰ ਕੀਤੇ। ਤੇ ਸਾਰੇ ਮੁੰਡੇ ਘੋੜੀਆਂ 'ਤੇ ਸਵਾਰ ਹੋ ਕੇ ਸਰਦਾਰ ਪਿੱਛੇ ਤੁਰ ਗਏ।

ਸ਼ਾਮ ਢਲਣ ਤਕ ਜਦੋਂ ਕਰਮਦੀਨ ਘਰ ਨਾ ਮੁੜਿਆ ਤਾਂ

ਪਰਿਵਾਰ ਹੋਰ ਵੀ ਫਿਕਰਾਂ 'ਚ ਡੁੱਬ ਗਿਆ। ਮਾਂ ਤੇ ਭੈਣਾਂ ਦੇ ਰੋਕਦਿਆਂ, ਫ਼ਜ਼ਲਾ ਭਰਾਈਆਂ ਦੇ ਕਮਾਲ ਨੂੰ ਨਾਲ਼ ਲੈ ਕੇ ਲਹਿਲੀ ਵਾਲੇ ਰਾਹੇ ਪੈ ਗਿਆ। ਉਹਨਾਂ ਦੇ ਦਿਲ ਕਿਸੇ ਸੰਭਾਵੀ ਹੋਣੀ ਦੇ ਡਰ ਨਾਲ਼ ਕੰਬੀ ਜਾ ਰਹੇ ਸਨ। ਆਸੇ-ਪਾਸੇ ਦੀ ਹਲਕੀ ਜਿਹੀ ਹਿਲਜੁਲ ਵੀ ਉਹਨਾਂ ਦੇ ਸਰੀਰ ਸੁੰਨ ਕਰ ਜਾਂਦੀ ਸੀ। ਤਕੀਏ ਦੇ ਬਰਾਬਰ ਤੋਂ ਲੰਘਦਿਆਂ ਕਿਸੇ ਦੇ ਹੂੰਗਣ ਦੀ ਅਵਾਂ ਸੁਣਾਈ ਦਿੱਤੀ। ਕੋਈ ਬਹੁਤ ਹੀ ਮੱਧਮ ਅਵਾਂ 'ਚ ਰੁਕ-ਰੁਕ ਕੇ 'ਹਾਏ' ਕਹਿ ਰਿਹਾ ਸੀ। ਫ਼ਜ਼ਲਾ ਤਾਂ ਇਕ ਪਲ ਦੇ ਲਈ ਜਿਉਂ ਬੇਜਾਨ ਹੀ ਹੋ ਗਿਆ। ਉਸਦੇ ਪੈਰ ਇੱਕੋ ਥਾਂ ਜੰਮੇ ਰਹੇ। ਉਹ ਅਹਿੱਲ ਖੜ੍ਹਾ ਰਿਹਾ, ਕਿਸੇ ਬੁੱਤ ਦੇ ਵਾਂਗ। ਕਮਾਲ ਨੇ ਉਸਨੂੰ ਝੰਜੋੜਿਆ ਤਾਂ ਉਹ ਹੋਸ਼ 'ਚ ਪਰਤਿਆ। ਉਹ ਅੱਭੜਵਾਹੇ ਵਿਲਕਦਾ-ਵਿਲਕਦਾ ਤਕੀਏ ਵਲ ਦੌੜ ਪਿਆ।

''ਹਾਏ ਓਏ ਰੱਬਾ!'' ਅੱਬਾ ਦਾ ਕਲਾਵਾ ਭਰ ਕੇ ਉਹ ਜ਼ਾਰੋ-ਜ਼ਾਰ ਰੋਣ ਲੱਗ ਪਿਆ ਸੀ।

''ਫ਼ਜ਼ਲਿਆ ਹੋਸ਼ ਕਰ, ਪਾਸੇ ਹੋ, ਘਰ ਲੈ ਚੱਲੀਏ ਤਾਏ ਨੂੰ।'' ਕਮਾਲ ਨੇ ਹਕੀਮ ਦੀ ਨਿਢਾਲ ਦੇਹ ਨੂੰ ਕਲਾਵਾ ਭਰ ਕੇ ਮੌਰਾਂ 'ਤੇ ਟਿਕਾਅ ਲਿਆ ਸੀ। ਉਹ ਤੇਂ-ਤੇਂ ਕਦਮਾਂ ਦੇ ਨਾਲ਼ ਪਿੰਡ ਵੱਲ ਤੁਰ ਪਿਆ। ਫ਼ਜ਼ਲਾ ਅੱਬਾ ਦੀਆਂ ਲਮਕਦੀਆਂ ਬਾਹਵਾਂ ਨੂੰ ਬੋਚਦਾ ਪਿੱਛੇ-ਪਿੱਛੇ ਤੁਰ ਰਿਹਾ ਸੀ। ਕਰਮਦੀਨ ਦਾ ਹੂੰਗਣਾ ਵੀ ਬੰਦ ਹੋ ਗਿਆ ਸੀ। ਫ਼ਜ਼ਲਾ ਸਾਰੀ ਵਾਟ 'ਅੱਬਾ ਬੋਲ', 'ਅੱਬਾ ਬੋਲ' ਕਹੀ ਗਿਆ ਸੀ। ਘਰ ਪਹੁੰਚ ਕੇ ਜਦੋਂ ਕਰਮਦੀਨ ਨੂੰ ਮੰਜੇ 'ਤੇ

ਉਤਾਰਿਆ ਗਿਆ ਤਾਂ ਉਹ ਪੂਰਾ ਹੋ ਚੁੱਕਾ ਸੀ। ਉਸਦਾ ਬਹੁਤਾ ਲਹੂ ਤਕੀਏ ਦੇ ਪੈਰਾਂ 'ਚ ਤੇ ਬਚਦਾ ਲਹਿਲੀ ਵਲ ਜਾਂਦੇ ਰੇਤੀਲੇ ਰਾਹ 'ਤੇ ਨੁੱਚੜ ਗਿਆ ਸੀ।

ਚੀਕ-ਚਿਹਾੜਾ ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ ਸੀ। ਮੁਸਲਮਾਨਾ ਦੇ ਦਿਲ ਖੌਫ਼ ਨਾਲ਼ ਦਹਿਲ ਗਏ ਸਨ। ਮਜ਼ਹਬੀ ਤੁਅੱਸਬ ਦੀ ਅੱਗ ਨੇ ਨਾਰੂ ਨੰਗਲ ਦੇ ਦਰਾਂ 'ਤੇ ਦਸਤਕ ਦੇ ਦਿੱਤੀ ਸੀ।

''ਭਾਈਚਾਰੇ ਨਾਲ਼ ਧਰੋਹ ਦਾ ਫਲ਼ ਏ। ਚੋਰੀ-ਚੋਰੀ ਕਾਫਰਾਂ ਦੇ ਜ਼ਖ਼ਮਾਂ 'ਤੇ ਮੱਲ੍ਹਮਾਂ ਲੌਣ ਜਾਂਦਾ ਸੀ। ਸਜ਼ਾ ਪਾ ਲਈ।'' ਫ਼ਜ਼ਲੇ ਕੀ ਦੁਕਾਨ ਮੂਹਰੇ ਜੁੜੀ ਭੀੜ 'ਚੋਂ ਕਿਸੇ ਨੇ ਇਹ ਆਖਿਆ ਤਾਂ ਬਹੁਤਿਆਂ ਨੇ ਹੂੰਗਾਰਾ ਭਰ ਕੇ ਸਹਿਮਤੀ ਦਿੱਤੀ ਸੀ।

ਕਰਮਦੀਨ ਨੂੰ ਸਪੁਰਦੇ-ਖ਼ਾਕ ਕਰਨ ਸਮੇਂ ਸੱਤਾ (ਹੱਥ ਉੱਤੇ ਸੱਟ ਲੈ ਕੇ-ਸੰ) ਵੀ ਇਕ ਪਾਸੇ ਖੜ੍ਹਾ ਪੱਗ ਦੇ ਲੜ ਨਾਲ਼ ਅੱਥਰੂ ਪੂੰਝ ਰਿਹਾ ਸੀ।

''ਪਿੰਠ 'ਤੇ ਬੜੇ ਡੂੰਘੇ ਟੱਕ ਆ ਛਵ੍ਹੀਆਂ ਦੇ।'' ਕਰਮੂ ਦੀ ਗੱਲ ਸੁਣ ਕੇ ਉਸਨੇ ਨੀਵੀਂ ਪਾ ਲਈ ਸੀ।

ਕਬਰਸਤਾਨ ਤੋਂ ਘਰਾਂ ਵੱਲ ਮੁੜਦਿਆਂ ਪਿੰਡ ਦੀ ਫ਼ਿਜ਼ਾ 'ਚ ਜ਼ਹਿਰ ਜਿਹੀ ਘੁਲ਼ ਗਈ ਸੀ।

ਹਰ ਬਸ਼ਿੰਦਾ ਸ਼ੱਕ ਤੇ ਖ਼ੌਫ਼ ਨਾਲ਼ ਭਰ ਗਿਆ ਸੀ। ਮੁਸਲਮਾਨਾਂ ਦੇ ਦਿਲਾਂ 'ਚ ਗੁੱਸਾ ਤੇ ਰੋਹ ਵੀ ਸੀ।

ਸ਼ਾਮ ਤਕ ਇਹ ਅਫ਼ਵਾਹ ਫੈਲ ਗਈ ਸੀ ਕਿ ਉਹਨਾਂ ਨੇ ਘੱਟ ਗਿਣਤੀ ਹਿੰਦੂ ਤੇ ਸਿੱਖਾਂ ਨੂੰ ਕਤਲ ਕਰਨ ਦੀ ਯੋਜਨਾ ਬਣਾਅ ਲਈ ਏ। ਹਿੰਦੂ-ਸਿੱਖਾਂ ਨੇ ਕੀਮਤੀ ਸਮਾਨ ਦੀਆਂ ਗਠੜੀਆਂ ਬੰਨ੍ਹ ਕੇ ਗੱਡਿਆਂ 'ਤੇ ਲੱਦ ਲਈਆਂ। ਘਰਾਂ ਨੂੰ ਜੰਦਰੇ ਮਾਰ ਕੇ ਉਹ ਨੇੜਲੇ ਪਿੰਡਾਂ ਵਲ ਵਹੀਰਾਂ ਘੱਤਣ ਲੱਗੇ।

''ਭਰਾਵੋ, ਤੁਾਡੇ ਆਸਰੇ ਤਾਂ ਅਸੀਂ ਟਿਕਿਓ ਸੀ। ਤੁਸੀਂ ਵੀ ਛੱਡ ਚੱਲੇ ਓ ਸਾਨੂੰ ਜ਼ਲੀਲ ਤੇ ਕਤਲ ਹੋਣ ਦੇ ਲਈ। ਵਾਸਤਾ ਈ, ਨਾ ਕਰੋ ਏਦਾਂ।''.ਫ਼ਜ਼ਲੇ ਦੀ ਗੱਲ ਸੁਣ ਕੇ ਕਰਮੂ ਦੀਆਂ ਅੱਖਾਂ ਛਲਕ ਪਈਆਂ। ਉਹ ਚਾਹੁੰਦੇ ਹੋਏ ਵੀ ਕੁਝ ਬੋਲ ਨਾ ਸਕਿਆ। ਉਸਨੇ ਮੂੰਹ ਘੁਮਾਅ ਕੇ ਬ਼ਲਦ ਹਿੱਕ ਦਿੱਤੇ। ਉਦਾਸ ਤੇ ਨਿਰਾਸ਼ ਫ਼ਜ਼ਲਾ ਉਸਨੂੰ ਮੋੜ ਮੁੜਨ ਤੱਕ ਵੇਖਦਾ ਰਿਹਾ।

ਉਸੀ ਸ਼ਾਮ ਮੀਏਂ ਦੀ ਹਵੇਲੀ 'ਚ ਇਕੱਠ ਹੋਇਆ।

''ਬਸ ਕੀਮਤੀ-ਕੀਮਤੀ ਸਮਾਨ ਚੁੱਕੋ। ਦੇਰੀ ਬਿਲਕੁਲ ਨਾ ਕਰਨੀ। ਇਹ ਪਿੰਡ ਹੁਣ ਸਾਡਾ ਨਹੀਂ, ਇਹ ਵਤਨ ਹੁਣ ਸਾਡਾ ਨਹੀਂ। ਇੱਜ਼ਤ-ਅਣਖ ਤੋਂ ਵੱਡੀ ਕੋਈ ਚੀਜ਼ ਨਹੀਂ। ਧੀਆਂ-ਭੈਣਾਂ ਨੂੰ ਹੱਥੀਂ ਕਤਲ ਕਰ ਦਿਓ। ਕਾਫ਼ਰਾਂ ਦੇ ਹੱਥੀਂ ਜ਼ਲੀਲ ਹੋਣ ਲਈ ਨਾ ਛੱਡਿਓ।... ਚੌਕੀਦਾਰ ਦਾ ਹੋਕਾ ਸੁਣ ਕੇ ਮਸਜਿਦ ਅੱਗੇ ਆ ਜੁੜਨਾ।'' ਉਸਦੇ ਬੋਲ ਖ਼ੁਸ਼ਕ ਹੁੰਦੇ-ਹੁੰਦੇ ਮੀਏਂ ਦਾ ਸਾਥ ਛੱਡ ਗਏ।

ਲੋਕ ਰੋ-ਰੋ ਸਮਾਨ ਦੀਆਂ ਗਠੜੀਆਂ ਬੰਨ੍ਹਣ ਲੱਗੇ। ਹੋਰ ਘੜੀ ਨੂੰ ਚੌਕੀਦਾਰ ਦੇ ਹੋਕੇ ਨੇ ਜੰਮਣ-ਭੋਂ ਨੂੰ ਛੱਡ ਦੇਣ ਦਾ ਐਲਾਨ ਕਰ ਦੇਣਾ ਸੀ। ਰੋਂਦੇ ਲੋਕ ਇਸ ਮਨਹੂਸ ਹੋਕ ਨੂੰ ਡਰਦੇ ਦਿਲਾਂ ਨਾਲ਼ ਉਡੀਕਣ ਲੱਗੇ। ਅਚਾਨਕ ਉਹਨਾਂ ਨੇ ਢੋਲ ਦੇ ਵੱਜਣ ਦੀ ਅਵਾਜ਼ ਸੁਣੀ। 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ਼ ਅੰਬਰ ਗੂੰਜ ਉਠਿਆ। ਕੁਝ ਦੇਰ ਦੇ ਚੀਕ-ਚਿਹਾੜੇ ਤੋਂ ਬਾਅਦ ਰਾਜਪੂਤਾਂ ਦੀਆਂ ਹਵੇਲੀਆਂ 'ਚੋਂ 'ਅੱਲਾ ਹੂ ਅਕਬਰ' ਦੀਆਂ ਹੇਕਾਂ ਉੱਠਣ ਲੱਗੀਆਂ। ਗੋਲ਼ੀਆਂ ਦੀ ਦਗੜ-ਦਗੜ ਨੇ ਕੁਝ ਦੇਰ ਛਵ੍ਹੀਆਂ ਨੂੰ ਬੌਣਿਆਂ ਕਰੀ ਰੱਖਿਆ। ਪਰ ਹੌਲ਼ੀ-ਹੌਲ਼ੀ, ਧਾਵੀ, ਹਾਵੀ ਹੁੰਦੇ ਗਏ। ਹੁਣ ਕਦੇ ਕਿਸੇ ਤੇ ਕਦੇ ਕਿਸੇ ਘਰ 'ਚੋਂ ਚੀਕਾਂ ਉਭਰਨ ਲੱਗੀਆਂ। ਪੰਡਤਾਂ ਵਾਲੀ ਖੂਹੀ ਤੇ ਮੀਏਂ ਵਾਲ਼ਾ ਖੂਹ ਲਾਸ਼ਾਂ ਨਾਲ਼ ਭਰ ਗਏ।ਬਹੁਤੇ ਰਾਜਪੂਤਾਂ ਨੇ ਧੀਆਂ ਦੀਆਂ ਸੰਘੀਆਂ ਆਪੇ ਨੱਪ ਦਿੱਤੀਆਂ।ਮੀਆਂ ਗੋਲ਼ੀਆਂ ਨਾਲ਼ ਮਾਰਿਆ ਗਿਆ ਤੇ ਬੇਗਮ ਨੇ ਖੂਹ 'ਚ ਛਾਲ ਮਾਰ ਦਿੱਤੀ। ਨਫ਼ੀਸਾਂ ਬਿਸਤਰਿਆਂ 'ਚ ਗਠੜੀ ਜਿਹੀ ਬਣ ਕੇ ਲੁਕੀ ਰਹੀ। ਇਸ ਰੌਲ਼ੇ-ਗੌਲ਼ੇ 'ਚ ਚੱਬੇਵਾਲੀਆ ਮਿੰਦਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਿਆ। ਨਫ਼ੀਸਾਂ ਉਸਦੇ ਹੱਥ ਲੱਗ ਗਈ। ਮਿੰਦਰ ਸੁੰਨ ਹੋਈ ਤੇ ਹੱਥ ਜੋੜਦੀ ਨਫ਼ੀਸਾਂ ਦਾ ਕਲ਼ਾਵਾ ਭਰ ਕੇ ਪੌੜੀਆਂ ਉੱਤਰ ਆਇਆ। ਤੇ ਅੱਖ ਦੇ ਫੋਰ 'ਚ ਉਸਨੂੰ ਘੋੜੀ 'ਤੇ ਬਿਠਾਅ ਕੇ ਹਨੇਰੇ 'ਚ ਅਲੋਪ ਹੋ ਗਿਆ।

''ਕੁੱਤਾ, ਭੈਣ ਆਪਣੀ ਦਾ!।'' ਧੰਨਾ ਗੁੱਸੇ 'ਚ ਗਰਜਿਆ।

''ਗੁਰੂ ਦਾ ਝੂਠਾ ਸਿੰਘ। ਪਿੱਛਾ ਕਰੋ ਗ਼ੱਦਾਰ ਦਾ।''

ਜੱਥੇਦਾਰ ਦੇ ਹੁਕਮ ਦੀ ਪਾਲਣਾ ਕਰਦਿਆਂ ਬਹੁਤੇ ਮੁੰਡਿਆਂ ਨੇ ਮਿੰਦਰ ਪਿੱਛੇ ਘੋੜੇ ਦੁੜਾਅ ਲਏ। ਹਮਲੇ ਦੀ ਮਾਰ ਘਟ ਗਈ। ਜੱਥਾ ਪਿਛਾਂਹ ਵੱਲ ਪਰਤ ਗਿਆ।

ਹੁਣ ਪਿੰਡ ਮਾਤਮ ਤੇ ਸਹਿਮ 'ਚ ਡੁੱਬਿਆ ਪਿਆ ਸੀ।

ਕਿੰਨੇ ਹੀ ਘਰਾਂ 'ਚ ਲਹੂ ਡੁੱਲ੍ਹਿਆ ਪਿਆ ਸੀ। ਜ਼ਖ਼ਮੀ ਹੋਏ ਵੀ ਚੁੱਪ-ਚਾਪ ਰੋ ਰਹੇ ਤੇ ਤੜਫ਼ ਰਹੇ ਸਨ।

ਜਿਉਂਦੀਆਂ ਦੇਹਾਂ, ਲਾਸ਼ਾਂ ਦੇ ਸਿਰਹਾਣੇ, ਚੁੱਪ-ਚਾਪ ਅੱਥਰੂ ਕੇਰ ਰਹੀਆਂ ਸਨ। ਚੀਕਾਂ ਤੇ ਵੈਣ ਤਾਂ ਜਿਉਂ ਵਰਜਤ ਸਨ। ਕੁਝ ਹਾਲੇ ਵੀ ਸਹਿਮੇ ਲੁਕੇ ਬੈਠੇ ਸਨ। ਇਕ ਮੁਰਦੇਹਾਣੀ ਸ਼ਾਂਤੀ ਨੇ ਸਾਰਾ ਪਿੰਡ ਬੁੱਕਲ 'ਚ ਲੈ ਲਿਆ ਸੀ।

ਅੱਧੀ ਕੁ ਰਾਤੇ, ਇਕ ਦਰਦੀਲੀ ਤੇ ਤਰਲਿਆਂ ਨਾਲ਼ ਭਰੀ ਅਵਾਂ ਨੇ ਸਹਿਮੇ ਤੇ ਦੁਖੀ ਲੋਕਾਂ ਦੇ ਦਿਲ ਕੰਬਾਅ ਦਿੱਤੇ ਸਨ।

''ਉੱਠੋ ਭਰਾਵੋ ਉੱਠੋ। ਇਹ ਮਾਤਮ ਦਾ ਵੇਲਾ ਨਹੀਂ। ਮੈਂ ਸੱਤਾ ਆਂ ਲੁਹਾਰਾਂ ਦਾ। ਮੈਂ ਲਹਿਲੀਓਂ ਆਇਆਂ ਦੌੜਕੇ। ਵੱਡੇ ਤੜਕੇ ਫਿਰ ਹਮਲਾ ਹੋਣਾ। ਪੱਕੀਆਂ ਸਲਾਹਾਂ ਹੋ ਚੁੱਕੀਆਂ ਨੇ। ਉਠੋ, ਸੰਭਲੋ, ਚੱਕ ਸਾਦੂ ਕੈਂਪ ਪਹੁੰਚੋ।''

ਇਕ ਸਿੱਖ ਦੀ ਕਿਸੇ ਵੀ ਗੱਲ ਦਾ ਲੋਕਾਂ ਯਕੀਨ ਨਾ ਕੀਤਾ। ਬਹੁਤਿਆਂ ਨੂੰ ਇਹ ਧੰਨੇ ਦੇ ਜੱਥੇ ਦੀ ਕੋਈ ਚਾਲ ਹੀ ਲੱਗੀ।

''ਉਏ ਫ਼ਜ਼ਲਿਆ, ਤੂੰ ਹੀ ਉੱਠ ਜੇ ਜਿਉਂਦਾ ਏ ਤਾਂ। ਸਮਝਾਅ ਸਾਰਿਆਂ ਨੂੰ। ਰਾਤ ਮੁੱਕਣ ਤੋਂ ਪਹਿਲਾਂ-ਪਹਿਲਾਂ ਸਾਰੇ ਮੁਕਾਅ ਦੇਣੇ ਆਂ ਉਹਨਾਂ, ਸਾਰੇ। ਓਏ ਕੁੰਡਾ ਤਾਂ ਖੋਲ੍ਹ।'' ਸੱਤੇ ਦੀ ਕੜਕਦੀ ਅਵਾਂ ਇਕ ਬਚਕਾਨਾ ਜਿਹੀ ਲੇਰ ਬਣ ਕੇ ਰਹਿ ਗਈ।

ਫ਼ਜ਼ਲਾ ਉਠਿਆ। ਮਾਂ ਤੇ ਭੈਣਾਂ ਨੇ ਦਰ ਨਾ ਖੋਲ੍ਹਣ ਲਈ ਵਾਸਤੇ ਪਾਏ। "ਅੱਗੇ ਘੱਟ ਧੋਖਾ ਖਾਧਾ ਅਸੀਂ ਇਹਨਾਂ ਸਿੱਖੜਿਆਂ ਕੋਲੋਂ! ਮਿੰਨਤ ਨਾਲ਼, ਦਰ ਨਾ ਖੋਲ੍ਹੀਂ। ਹੋਰ ਨਹੀਂ ਤਾਂ ਜਵਾਨ-ਜਹਾਨ ਭੈਣਾਂ ਦਾ ਈ ਖ਼ਿਆਲ ਕਰ।'' ਫ਼ਜ਼ਲਾ ਗਲ਼ੀ 'ਚ ਆ ਗਿਆ। ਉਹ ਤੇ ਸੱਤਾ ਗਲ਼ੀ-ਗਲ਼ੀ ਦੌੜ ਕੇ ਅਵਾਂ ਮਾਰਦੇ ਰਹੇ।

ਫ਼ਜ਼ਲੇ ਦੀ ਅਵਾਂ ਸੁਣ ਕੇ ਖ਼ੌਫ਼ ਤੇ ਦੁੱਖਾਂ ਨਾਲ਼ ਸੁੰਨ ਹੋਈਆਂ ਦੇਹਾਂ 'ਚ ਹਿਲਜੁਲ ਹੋਈ। ਉਹ ਉੱਠੀਆਂ ਮੋਏ ਪਤੀ, ਪਤਨੀ, ਪੁੱਤਰ, ਧੀ ਤੇ ਮਾਂ ਦੀਆਂ ਲਾਸ਼ਾਂ ਕੋਲੋਂ। ਉਹਨਾਂ ਦੇ ਅਹਿਲ ਮੁੱਖ ਚੁੰਮ ਕੇ। ਉਹਨਾਂ ਨੂੰ ਕਫ਼ਨ-ਦਫ਼ਨ ਦੇ ਬਗੈਰ ਛੱਡ ਕੇ ਤੁਰ ਜਾਣ ਲਈ ਮੁਆਫ਼ੀਆਂ ਮੰਗ ਕੇ। ਉਹਨਾਂ ਨੇ ਕੰਬਦੇ ਹੱਥਾਂ ਨਾਲ਼ ਬਚੇ-ਖੁਚੇ ਸਮਾਨ ਦੀਆਂ ਗਠੜੀਆਂ ਚੁੱਕੀਆਂ ਤੇ ਤੁਰ ਪਈਆਂ: ਘਰਾਂ ਨੂੰ ਆਖਰੀ ਸਲਾਮ ਕਹਿ ਕੇ, ਚੁਗਾਠਾਂ ਨੂੰ ਚੁੰਮ ਕੇ, ਸਰਦਲਾਂ 'ਤੇ ਅੱਥਰੂ ਚੁਆਅ ਕੇ। ਉਹ ਥੱਕੇ-ਟੁੱਟੇ ਕਦਮਾਂ ਦੇ ਨਾਲ਼ ਗਲ਼ੀਆਂ 'ਚ ਆਉਂਦੀਆਂ ਗਈਆਂ ਤੇ ਹੌਲ਼ੀ-ਹੌਲ਼ੀ ਮਸਜਿਦ ਮੂਹਰਲੇ ਪਿੱਪਲ਼ ਹੇਠ ਇੱਕਠੀਆਂ ਹੁੰਦੀਆਂ ਗਈਆਂ। ਦੁੱਖਾਂ ਨੇ ਉਹਨਾਂ ਦੇ ਗਲ਼ੇ ਹੰਝੂਆਂ ਨਾਲ਼ ਭਰ ਦਿੱਤੇ ਸਨ। ਉਹ ਅਬੋਲ ਇਕ-ਦੂਜੇ ਦੇ ਗਲ਼ੇ ਲੱਗ ਕੇ ਡੁਸਕ ਰਹੀਆਂ ਸਨ। ਧੜੱਲੇਦਾਰ ਰਾਜਪੂਤਾਂ ਦੇ ਸਿਰ ਅੱਜ ਮੋਚੀਆਂ ਤੇ ਮਰਾਸੀਆਂ ਦੇ ਮੋਢਿਆਂ 'ਤੇ ਟਿਕੇ ਹੋਏ ਸਨ। ਦੁੱਖਾਂ-ਭਰੇ ਸਿਰਾਂ ਨੂੰ ਜਿਉਂ ਜਾਤ-ਔਕਾਤ ਵਾਲਾ ਸਬਕ ਹੀ ਭੁੱਲ ਗਿਆ ਹੋਵੇ। ਦੁਖੀਆਂ ਦਾ ਇਹ ਕਾਫ਼ਲਾ ਸੱਤੇ ਤੇ ਫ਼ਜ਼ਲੇ ਦੇ ਪਿੱਛੇ ਲੱਗ ਤੁਰਿਆ: ਇਕ ਅਣ-ਚਾਹੇ, ਅਣ-ਮੰਗੇ ਤੇ ਅਣ-ਵੇਖੇ ਵਤਨ ਦੇ ਵੱਲ। ਪਹੁ ਫੁੱਟਣ ਤੋਂ ਪਹਿਲਾਂ ਉਹ ਚੱਕ ਸਾਦੂ ਕੈਂਪ ਪਹੁੰਚ ਗਏ ਸਨ। ਓਥੇ ਉਹਨਾਂ ਦੀ ਹਿਫ਼ਾਂਤ ਲਈ ਬਲੋਚੀ ਰਜਮੰਟ ਸੀ।

ਮੱਲ੍ਹਮ

ਪਿੰਡ ਵਲ ਪਰਤਦਿਆਂ, ਸੱਤੇ ਨੂੰ ਇਉਂ ਲੱਗ ਰਿਹਾ ਸੀ, ਜਿਉਂ ਉਹ ਕਿਸੇ ਬੇਹ ਜਾਂ ਕਬਰਿਸਤਾਨ ਵੱਲ ਜਾ ਰਿਹਾ ਹੋਵੇ। ਪਿੰਡ ਦੀ ਜਾਨ ਨੂੰ ਤਾਂ ਉਹ ਆਪ ਮੂਹਰੇ ਲੱਗ ਕੇ ਛੱਡ ਆਇਆ ਸੀ: ਕਿਧਰੇ ਦੂਰ, ਬਹੁਤ ਦੂਰ ਚਲੇ ਜਾਣ ਦੇ ਲਈ।

ਧੰਨੇ ਦਾ ਜਥਾ ਉੱਜੜੇ ਹੋਏ ਪਿੰਡ ਨੂੰ ਲੁੱਟ ਰਿਹਾ ਸੀ।

''ਮੁਸਲਿਆਂ ਨੂੰ ਕਿਹਨੇ ਸੂਹ ਦਿੱਤੀ ਆ? ਪਤਾ ਲੱਗ ਜਾਏ ਓਸ ਕੌਮ ਦੇ ਗੱਦਾਰ ਦਾ। ਗੁਰੂ ਦੀ ਸਹੁੰ, ਕੁੱਤੇ ਦੀ ਮੌਤ ਮਾਰਾਂਗੇ ਓਸ ਮਾਂ ਆਪਣੀ ਦੇਵ.।'' 'ਸਿੰਘ' ਅੱਗ ਬਬੂਲਾ ਹੁੰਦੇ ਜਾ ਰਹੇ ਸਨ।

ਮਿਹਰਦੀਨ ਲੰਬੜ ਦਾ ਸਾਰਾ ਘਰ ਲਾਸ਼ਾਂ ਨਾਲ਼ ਭਰਿਆ ਪਿਆ ਸੀ। ਉਸਦੀ ਇਕਲੌਤੀ ਮੁਟਿਆਰ ਧੀ ਚੌਕੇ ਦੇ ਓਟੇ ਕੋਲ਼ ਲੁੜਕੀ ਪਈ ਸੀ। ਰਾਤੀਂ ਕਿਸੇ ਧਾਵੀ ਨੇ ਬਰਛਾ ਉਸਦੀ ਛਾਤੀ ਦੇ ਆਰ-ਪਾਰ ਕਰ ਦਿੱਤਾ ਸੀ।

''ਓਏ ਹਰਾਮਜ਼ਾਦਿਓ! ਇਹ ਕੀ ਗਲਤੀ ਕਰ'ਤੀ ਤੁਸਾਂ। ਵਾਰ ਕਰਨ ਲੱਗੇ ਚਿਹਰਾ-ਮੋਹਰਾ ਤਾਂ ਦੇਖ ਲਿਆ ਕਰੋ।'' ਧੰਨੇ ਨੇ ਮੋਈ ਕੁੜੀ ਦੇ ਚਿਹਰੇ 'ਤੇ ਪੋਲਾ-ਪੋਲਾ ਹੱਥ ਫੇਰਿਆ। ਉਸਦੀ ਨਿਗਾਹ ਕੁਝ ਪਲ ਲਈ ਕੁੜੀ ਦੇ ਉਭਾਰਾਂ 'ਤੇ ਟਿਕੀ ਰਹੀ।

ਦੁਪਹਿਰੋਂ ਬਾਅਦ ਜੱਟਾਂ ਨੇ ਗੱਡਿਆਂ 'ਤੇ ਸਮਾਨ ਲੱਦ ਕੇ ਆਪੋ-ਆਪਣੇ ਪਿੰਡਾਂ ਵੱਲ ਮੋੜੇ ਪਾ ਦਿੱਤੇ ਸਨ। ਉਹਨਾਂ ਦੇ ਚਿਹਰਿਆਂ 'ਤੇ ਖ਼ੁਸ਼ੀ ਤੇ ਗੱਲਾਂ 'ਚ ਇਕ ਚਾਅ ਜਿਹਾ ਸੀ। ''ਰਾਤੀਂ ਫਿਰ ਕਿਹੜੇ ਪਿੰਡ ਨਿਉਂਦਾ ਆ?'' ਬਠੁੱਲੇ ਵਾਲੇ ਜਗਤੇ ਨੇ ਜਿਆਣੀਏ ਸੰਤੇ ਨੂੰ ਪੁੱਛਿਆ।

''ਭੁੱਲੇਆਲ ਰਾਠਾਂ ਈ ਬਚਿਆ ਹੁਣ ਤਾਂ। ਬੜੀਆਂ ਮਾਲਦਾਰ ਸਾਮੀਆਂ ਆਂ ਓਸ ਪਿੰਡ। ਨਾਲ਼ੇ ਧੰਨੇ ਦਾ ਤਾਂ ਚੁੱਲ੍ਹੇ ਨਿਉਂਦਾ ਏ ਰਾਤੀਂ।'' ਸੰਤਾ ਬੋਲਿਆ।

''ਉਹ ਕਿੱਦਾਂ ਸੰਤਿਆ।''

''ਮੀਏ ਦੀ ਤਿਤਲੀ ਨੂੰ ਤਾਂ ਲੈ ਗਿਆ ਮਿੰਦਰ। ਵੱਡੇ ਰਾਠ ਦੀਆਂ

ਤਿੰਨ ਧੀਆਂ, ਇਕ ਤੋਂ ਇਕ ਚੜ੍ਹਦੀ। ਧੰਨੇ ਨੇ ਉਨ੍ਹਾਂ 'ਚੋਂ ਸੋਹਣੀ ਛਾਂਟ ਕੇ ਘਰ ਵਸੌਣਾ।'' ਸੰਤੇ ਨੇ ਹੱਸ ਕੇ ਗੱਲ ਮੁਕਾਈ।

ਨਾਰੂ ਨੰਗਲ ਤੋਂ ਗਏ ਹਿੰਦੂ-ਸਿੱਖ ਦੂਸਰੇ ਦਿਨ ਵਾਪਸ ਪਰਤ ਆਏ। ਸੱਤੇ ਨੇ ਮੂਹਰੇ ਹੋ ਕੇ ਸਾਰੀਆਂ ਲਾਸ਼ਾਂ ਨੂੰ ਸਪੁਰਦੇ- ਖਾਕ ਕੀਤਾ ਸੀ। ਮੀਏਂ ਦੀ ਦੇਹ 'ਤੇ ਮਿੱਟੀ ਪਾਉਂਦਿਆਂ ਉਸ ਦਾ ਸਿਰ ਚਕਰਾਅ ਗਿਆ ਸੀ।

''ਕਿੰਨਾ ਰੋਬ ਸੀ, ਕਿੰਨੀ ਟੌਰ, ਕਿੰਨੀ ਜ਼ਮੀਨ ਤੇ ਕਿੰਨੀ ਇੱਜ਼ਤ।ਬਸ ਏਡੀ ਕੁ ਖੇਡ ਆ ਜ਼ਿੰਦਗੀ ਦੀ। ਵਾਹ ਨੀ ਕੁਦਰਤੇ! ਮੰਨ ਗਏ ਤੇਰੇ ਰੰਗਾਂ ਨੂੰ।'' ਉਸਦੀ ਅੱਖ 'ਚੋਂ ਟਪਕ ਕੇ ਅੱਥਰੂ ਟੋਏ 'ਚ ਪਏ ਮੀਏਂ ਦੀ ਹਿੱਕ 'ਤੇ ਜਾ ਡਿੱਗੇ ਸਨ।

ਹੌਲ਼ੀ-ਹੌਲ਼ੀ ਜਨੂੰਨੀ ਪੌਣਾਂ ਨੇ ਰੁਮਕਣਾ ਬੰਦ ਕਰ ਦਿੱਤਾ ਸੀ।

ਅੰਬਰ ਤੱਕ ਉੱਡੀ ਧੂੜ ਮੁੜ ਧਰਤੀ 'ਤੇ ਬੈਠ ਗਈ ਸੀ।

ਰੌਲ਼ਿਆਂ ਦੀ ਵੱਤਰ ਸਾਂਭਣ ਵਾਲ਼ੇ ਜੱਟਾਂ ਨੇ ਜ਼ਮੀਨ ਦੀ ਵੱਤਰ ਸਾਂਭਣ ਦੇ ਲਈ ਹਲ਼ਾਂ ਦੀਆਂ ਮੁੰਨੀਆਂ ਫੜ ਲਈਆਂ। ਲੁੱਟ ਦੇ ਮਾਲ ਨਾਲ਼ ਭਰੇ ਘਰਾਂ ਦਾ ਚਾਅ ਉਹਨਾਂ ਨੂੰ ਥੱਕਣ ਹੀ ਨਹੀਂ ਸੀ ਦਿੰਦਾ।

ਨਾਰੂ ਨੰਗਲ 'ਚ ਰਾਜਪੂਤਾਂ ਦੀਆਂ ਜ਼ਮੀਨਾਂ ਸਾਂਭਣ ਵਾਲ਼ੇ ਵੀ ਆਣ ਪਹੁੰਚੇ ਸਨ: ਸਿਆਲਕੋਟੀਏ ਭਿੰਡਰ, ਕਲੇਰ ਤੇ ਬਾਜਵੇ। ਕੁਝ

ਬਾਹਮਣ ਵੀ ਆਏ, ਜੱਟਾਂ ਵਾਂਗ ਹੀ ਖੇਤੀ ਕਰਨ ਵਾਲ਼ੇ ਤੇ ਪੂਰੇ ਖਰਾਂਟ। ਇਹਨਾਂ 'ਨਵਿਆਂ' ਦੀਆਂ ਤਾਂ ਕੁੜੀਆਂ ਹੀ ਸੈਣੀ ਤੇ ਲੁਬਾਣਿਆਂ ਦੇ ਮੁੰਡਿਆਂ ਨੂੰ ਖੰਘਣ ਤੱਕ ਨਾ ਦਿੰਦੀਆਂ। 'ਨਵਿਆਂ' ਦੀ ਬੋਲੀ, ਵੇਸ ਤੇ ਕੰਮਕਾਰ ਜੱਦੀ ਬਸ਼ਿੰਦਿਆਂ ਨੂੰ ਓਪਰੇ-ਓਪਰੇ ਤੇ ਅਨੋਖੇ ਲੱਗਦੇ।

''ਜਿਹੜੇ ਚਲੇ ਗਏ ਉਹ ਚੰਗੇ ਸੀ।'' ਕੋਈ ਉਦਾਸ ਸੁਰ 'ਚ ਆਖਦਾ।

''ਸੱਚ ਆਖਿਆ, ਬਹੁਤ ਚੰਗੇ।'' ਹਰ ਕੋਈ ਹੁੰਗਾਰਾ ਭਰਦਾ।

''ਸਾਲ਼ਿਆਂ ਰੌਲਿਆਂ ਨੇ ਚੰਗੇ-ਚੰਗੇ ਸਾਥੋਂ ਖੋਹ ਲਏ।'' ਕੋਈ ਵਿਗੋਚੇ 'ਚ ਆਖਦਾ।

''ਵਤੇ ਆਹ ਵੱਢ-ਖਾਣੇ ਸਾਡੇ ਪੱਲੇ ਪਾ ਦਿੱਤੇ।'' ਕੋਈ ਦੂਸਰਾ ਕੁੜੱਤਣ ਨਾਲ਼ ਆਖਦਾ ਤਾਂ ਬਹੁਤੇ ਸਹਿਮਤੀ 'ਚ ਸਿਰ ਮਾਰਦੇ।

ਸਿਆਲਕੋਟੀਆਂ ਨੇ ਮਸਜਿਦ 'ਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਿਰਾਜਮਾਨ ਕਰ ਦਿੱਤੀ ਸੀ। ਲੁਹਾਰਾਂ ਤੇ ਲੁਬਾਣਿਆਂ ਦਾ

ਗੁਰਦੁਆਰਾ ਪਹਿਲਾਂ ਤੋਂ ਸੀ। ਇਸ ਨਵੇਂ ਗੁਰਦੁਆਰੇ ਦਾ ਨਾਂ 'ਮਸਜਿਦ ਆਲਾ ਗੁਰਦੁਆਰਾ' ਪੈ ਗਿਆ।

ਤੁਰ ਗਿਆਂ ਦੀਆਂ ਨਿਸ਼ਾਨਿਆਂ ਤੇ ਨਾਵਾਂ ਨੂੰ ਮੇਟਣਾ ਏਡਾ ਸੌਖਾ ਨਹੀਂ ਸੀ। ਨਾ ਤਾ ਜ਼ੁਬਾਨਾਂ ਤੋਂ ਜ਼ਿਕਰ ਟੁੱਟਦੇ ਸਨ ਤੇ ਨਾ ਹੀ ਚੇਤਿਆਂ 'ਚੋਂ ਸੂਰਤਾਂ ਖੁਰਦੀਆਂ ਸਨ।

ਸੰਤਾ ਸਿੰਘ ਕਈ ਵਾਰ ਉਲਾਂਭਾ ਦਿੰਦਿਆਂ ਆਖਦਾ ਕਿ ਮੀਏਂ ਵਾਲੇ ਖੇਤਾਂ ਨੂੰ ਉਸ ਵਾਲੇ ਮੁਰੱਬੇ ਆਖਿਆ ਜਾਵੇ। ਇਸ ਤਰ੍ਹਾਂ ਦਾ ਗਿਲ਼ਾ ਕੌੜਾ ਮੱਲ ਝਾਂਗੀ ਨੂੰ ਵੀ ਸੀ ਕਿ ਉਸਦਾ ਘਰ ਹਾਲੇ ਵੀ ਦਿਲਸ਼ਾਦ ਵਾਲ਼ਾ ਚੁਬਾਰਾ ਸੀ। ਸ਼ੇਰ ਮੁਹੰਮਦ ਵਾਲ਼ੀ ਹਵੇਲੀ ਚਾਰ ਦਹਾਕਿਆਂ ਬਾਅਦ ਵੀ ਚੰਨਣ ਸਿੰਘ ਬਾਜਵੇ ਦੇ ਨਾਂ ਨਾਲ਼ ਨਹੀਂ ਸੀ ਜੁੜੀ। ਹੰਸੇ ਬਾਹਮਣ ਦੇ ਵਿਹੜੇ 'ਚ ਖੜ੍ਹੀ ਨਿੰਮ ਅੱਜ ਵੀ ਮੁਸਤਫ਼ੇ ਵਾਲ਼ੀ ਨਿੰਮ ਸੀ।

''ਚਾਲ਼ੀ ਸਾਲ ਹੋ ਗਏ ਇਹਦੀ ਛਾਂ ਮਾਣਦਿਆਂ, ਇਹ ਸਾਡੀ ਨਹੀਂ ਜੇ ਹੋਈ।'' ਹੰਸੇ ਬਾਹਮਣ ਦਾ ਮੁੰਡਾ ਦੁਖੀ ਮਨ ਨਾਲ਼ ਆਖਦਾ। ਇਵੇਂ ਹੀ 'ਮੀਏਂ ਵਾਲ਼ੀ ਕੋਠੀ' ਤੇ 'ਹਕੀਮ ਕੀ ਦੁਕਾਨ' ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਸਨ।

ਇਹਨਾਂ ਦਿਨਾਂ ਦੀ ਗੱਲ਼ ਹੈ। ਗਰਮੀਆਂ ਦੀ ਰੁੱਤ ਦੀ ਸ਼ੁਰੂਆਤ ਸੀ। ਨਾਰੂ ਨੰਗਲ ਦੇ ਅੰਬਾਂ ਨੂੰ ਬੂਰ ਪੈ ਰਿਹਾ ਸੀ। ਇਕ ਸ਼ਾਮ, ਅੱਡੇ 'ਤੇ ਇਕ ਵੱਖਰੀ ਜਿਹੀ ਦਿੱਖ ਵਾਲ਼ਾ ਓਪਰਾ ਜਿਹਾ ਵਿਅਕਤੀ ਮਿਨੀ ਬੱਸ ਤੋਂ ਉੱਤਰਿਆ। ਉਸਦੇ ਹੱਥ 'ਚ ਸੂਟਕੇਸ ਸੀ। ਲੰਬਾ ਕੱਦ, ਪਤਲਾ ਸਰੀਰ, ਕਤਰੀ ਹੋਈ ਬੱਗੀ ਦਾੜ੍ਹੀ, ਗੋਰਾ-ਨਿਛੋਹ ਰੰਗ ਤੇ ਮੋਟੀਆਂ-ਕਾਲ਼ੀਆਂ ਅੱਖਾਂ ਵਾਲ਼ੇ ਇਸ ਸ਼ਖ਼ਸ ਨੇ ਚਿੱਟੀ ਪੱਗ ਤੇ ਸਲਵਾਰ-ਕਮੀਜ਼ ਪਾਈ ਹੋਈ ਸੀ। ਇਹ ਜਦੋਂ ਪਿੰਡ ਦੇ ਬਜ਼ਾਰ 'ਚ ਆਇਆ ਤਾਂ ਹਰ ਕੋਈ ਹੈਰਾਨੀ-ਭਰੇ ਧਿਆਨ ਨਾਲ਼ ਵੇਖ ਰਿਹਾ ਸੀ।

ਆਲ਼ੇ-ਦੁਆਲ਼ੇ ਨੂੰ ਗਹੁ ਨਾਲ਼ ਵੇਖ ਕੇ ਤੁਰਦਾ ਉਹ ਇਕ ਦੁਕਾਨ ਮੂਹਰੇ ਰੁਕ ਗਿਆ। ਦੁਕਾਨਦਾਰ ਮੁੰਡੇ ਨੇ ਉਸਨੂੰ ਗਾਹਕ

ਸਮਝਦਿਆਂ ਆਵਾਂ ਦਿੱਤੀ। ਉਹ ਉਦਾਸ ਚਿਹਰਾ ਲਈ ਥੱਕੇ ਜਿਹੇ ਕਦਮਾਂ ਨਾਲ਼ ਦੁਕਾਨ ਦਾ ਦਰ ਲੰਘ ਗਿਆ।

'ਉਹੀ ਲੱਕੜੀ ਦਾ ਬੂਹਾ, ਉਹੀ ਕੰਧਾਂ ਤੇ ਉਹੀ ਰੋਸ਼ਨਦਾਨ, ਪਰ ਇਨਸਾਨ ਬਦਲ ਗਏ।' ਇਹ ਸੋਚਦਿਆਂ ਉਸਦਿਆਂ ਅੱਖਾਂ ਛਲਕ ਪਈਆਂ।

''ਦੱਸੋ ਜੀ ਕੀ ਚਾਹੀਦੈ?''

ਉਸਨੂੰ ਹਮੇਸ਼ਾਂ ਦੇ ਲਈ ਆਪਣਾ ਪਿੰਡ ਚਾਹੀਦਾ ਸੀ; ਆਪਣਾ ਨਾਰੂ ਨੰਗਲ।

''ਕੀ ਵਖਾਵਾਂ?'' ਮੁੰਡੇ ਨੇ ਕੱਪੜਿਆਂ ਦੇ ਥਾਨ ਨੂੰ ਹੱਥ ਪਾਉਂਦਿਆਂ ਪੁੱਛਿਆ।

ਉਹ ਵੇਖਣਾ ਚਾਹੁੰਦਾ ਸੀ ਉਹ ਸਾਰੇ ਚਿਹਰੇ ਜਿਨ੍ਹਾਂ ਨੂੰ ਵੇਖੇ ਬਗੈਰ ਕਦੇ ਵਕਤ ਨਹੀਂ ਸੀ ਗੁਜ਼ਰਦਾ ਹੁੰਦਾ।

''ਕੁਝ ਤਾਂ ਲਵੋ, ਤੁਹਾਡੀ ਆਪਣੀ ਦੁਕਾਨ ਏ।''

ਉਸਦੇ ਦਿਲ ਦਾ ਰੁੱਗ ਭਰਿਆ ਗਿਆ। ਉਹ ਦੁਕਾਨ 'ਚੋਂ ਨਿਕਲ ਕੇ ਤੇਂ-ਤੇਂ ਕਦਮਾਂ ਨਾਲ਼ ਸੱਤੇ ਦੇ ਘਰ ਵੱਲ ਤੁਰ ਪਿਆ।

''ਅੱਲਾ ਕਰੇ ਉਹ ਜਿਉਂਦਾ ਹੋਵੇ।'' ਹਰ ਕਦਮ ਨਾਲ਼ ਉਸਦੇ ਦਿਲ ਦੀ ਧੜਕਨ ਤੇਂ ਹੋ ਰਹੀ ਸੀ।

ਸੱਤੇ ਕੇ ਕਾਰਖ਼ਾਨੇ ਵਾਲ਼ੀ ਥਾਂ 'ਤੇ ਆਟੇ ਵਾਲ਼ੀ ਚੱਕੀ ਚੱਲ ਰਹੀ ਸੀ। ਸਾਹਮਣਲੇ ਤੌੜ 'ਚ ਖੜ੍ਹੇ ਸ਼ਹਿਤੂਤ ਦੀ ਛਾਵੇਂ ਡੱਠੇ ਅਲ਼ਾਣੇ ਮੰਜੇ 'ਤੇ ਪਿਆ ਬਜ਼ੁਰਗ ਕਿਸੇ ਡੂੰਘੀ ਸੋਚ 'ਚ ਉਤਰਿਆ ਪਿਆ ਸੀ। ਆਉਣ ਵਾਲ਼ਾ ਕੁਝ ਦੇਰ ਮੰਜੇ ਦੇ ਸਿਰ੍ਹਾਣੇ ਖੜ੍ਹ ਕੇ ਉਸਨੂੰ ਪਛਾਣਦਾ ਰਿਹਾ।

''ਸੱਤਿਆ!'' ਉਹ ਮੰਜੇ 'ਤੇ ਥੋੜ੍ਹਾ ਝੁਕਦਿਆਂ ਬੋਲਿਆ।

''ਕੌਣ?'' ਐਨਕ ਦੇ ਮੋਟੇ ਸ਼ੀਸ਼ਿਆਂ 'ਚੋਂ ਦੀ ਝਾਕਦਾ ਸੱਤਾ ਉਠ ਕੇ ਬੈਠ ਗਿਆ।

''ਉਹ ਏਡੀ ਛੇਤੀ ਭੁੱਲ ਗਿਆਂ ਲੁਹਾਰਾ, ਸਾਨੂੰ ਹੱਥੀਂ ਰੁਖ਼ਸਤ ਕਰ ਕੇ।''

ਇਹ ਗੱਲ ਸੁਣ ਕੇ ਸੱਤਾ ਉਠ ਖੜ੍ਹਾ ਹੋ ਗਿਆ।

''ਬੱਲੇ ਬਈ ਬੱਲੇ! ਫ਼ਜ਼ਲਿਆ ਤੂੰ? ਆਹ ਤਾਂ ਕਮਾਲਾਂ ਹੋ ਗਈਆਂ ਯਾਰਾ। ਮੈਂ ਤਾਂ ਆਸ ਈ ਮੁਕਾਅ ਛੱਡੀ ਸੀ।''

ਸੱਤੇ ਨੇ ਫ਼ਜ਼ਲੇ ਨੂੰ ਕਲ਼ਾਵੇ 'ਚ ਲੈ ਲਿਆ। ਉਹ ਚੁੱਪ-ਚਾਪ ਖੜ੍ਹੇ ਰਹੇ। ਉਹਨਾਂ ਦੀਆਂ ਅੱਖਾਂ 'ਚੋਂ ਅੱਥਰੂ ਕਿਰਦੇ ਰਹੇ। ਜਦੋਂ ਉਹਨਾਂ ਦੀਆਂ ਬਾਹਵਾਂ ਖੁੱਲ੍ਹੀਆਂ ਤਾਂ ਇਕ ਨਿੱਕੀ ਜਿਹੀ ਭੀੜ ਉਹਨਾਂ ਦੇ ਦੁਆਲੇ ਜੁੜੀ ਪਈ ਸੀ। ਬੱਚਿਆਂ ਨੇ ਗਲ਼ੀਆਂ 'ਚ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ ਸੀ।

''ਚੱਕੀ ਆਲਿਆਂ ਦੇ ਇਕ ਸਲਵਾਰ ਵਾਲ਼ਾ ਭਾਈ ਆਇਆ।''

''ਪਿੰਡ 'ਚ ਇਕ ਮੁਸਲਮਾਨ ਆਇਆ।''

''ਲੁਹਾਰਾਂ ਦੇ ਪਾਕਿਸਤਾਨੀ ਆਇਆ।''

ਰਾਤ ਤੱਕ ਚੱਕੀ 'ਤੇ ਇਕ ਮੇਲਾ ਜਿਹਾ ਲੱਗਿਆ ਰਿਹਾ। ਲੋਕ ਆਉਂਦੇ ਰਹੇ ਜਾਂਦੇ ਰਹੇ। ਹਾਲ-ਚਾਲ ਪੁੱਛਦੇ ਰਹੇ, ਦੱਸਦੇ ਰਹੇ। ਤੇ ਫ਼ਜ਼ਲੇ ਨੂੰ ਘਰ ਆਉਣ ਦਾ ਨਿਉਂਦਾ ਦਿੰਦੇ ਰਹੇ।

''ਫਿਕਰ ਨਾ ਕਰੋ ਭਰਾਵੋ। ਮੈਂ ਪੰਜ-ਸੱਤ ਦਿਨ ਇੱਥੇ ਈ ਆਂ।ਅਸੀਂ ਰੋਜ਼ ਮਿਲਾਂਗੇ। ਰੱਜ-ਰੱਜ ਗੱਲਾਂ ਕਰਾਂਗੇ। ਇਹ ਮੇਰਾ ਆਪਣਾ ਗਰਾਂ ਆਂ। ਮੈਂ ਹਰ ਘਰ ਆਵਾਂਗਾ।'' ਫ਼ਜ਼ਲਾ ਹਰੇਕ ਨੂੰ ਇਹੋ ਜਿਹਾ ਜਵਾਬ ਦਿੰਦਾ ਰਿਹਾ। ਸੱਤਾ ਤੇ ਫ਼ਜ਼ਲਾ ਵੱਡੀ ਰਾਤ ਤੱਕ ਗੱਲਾਂ ਕਰਦੇ ਰਹੇ। ਫ਼ਜ਼ਲੇ ਨੇ ਪੂਰੀ ਵਿਥਿਆ ਸੁਣਾਈ। ਦੁੱਖ, ਸੰਤਾਪ ਤੇ ਗੁਰਬਤ ਦੀ ਭਰੀ ਵਿਥਿਆ। ਚੱਕ ਸਾਦੂ ਕੈਂਪ ਤੋਂ ਲਾਹੌਰ ਤੱਕ ਦੇ ਸਫ਼ਰ ਦੌਰਾਨ, ਮੌਤ ਦੇ ਕੀਤੇ ਨੰਗੇ ਦਰਸ਼ਣਾਂ ਦੀ ਵਿਥਿਆ।

ਬਗਾਨੀ ਥਾਂ ਤੇ ਬਗਾਨੇ ਲੋਕਾਂ 'ਚ ਨਵੇਂ ਸਿਰਿਓਂ ਜ਼ਿੰਦਗੀ ਸ਼ੁਰੂ ਕਰਨ ਦੀ ਵਿਥਿਆ। ਉਸਦਾ ਕਈ ਵਾਰ ਗੱਚ ਭਰਿਆ। ਉਸਨੇ ਕਈ ਵਾਰ ਅੱਖਾਂ ਪੂੰਝੀਆਂ।

ਫਿਰ ਇਕ ਲੰਮੀ ਚੁੱਪ ਦੇ ਬਾਅਦ ਉਹ ਮਾਣ ਜਿਹੇ 'ਚ ਬੋਲਿਆ,''ਹੁਣ ਲਹੌਰ ਦੇ ਵਧੀਆ ਬਜ਼ਾਰ 'ਚ ਆਪਣੀ ਦੁਕਾਨ ਆ ਸੱਤਿਆ। ਦੋਹਾਂ ਮੁੰਡਿਆਂ ਨੇ ਬੜਾ ਸੁਹਣਾ ਕੰਮ ਸੰਭਾਲ ਲਿਆ ਆ। ਧੀ ਆਪਣੇ ਘਰ ਆ। ਬੜੀ ਖੁਸ਼ ਆ। ਚਾਰ ਰੁਪਏ ਵੀ ਆ ਸੁੱਖ ਨਾਲ਼। ਥੋੜ੍ਹਾ ਆਰਾਮ ਵੀ ਮਿਲਿਆ ਅੱਲਾ ਦੇ ਕਰਮ ਨਾਲ਼।''

''ਹਕੀਮੀ ਨਹੀਂ ਕਰਦੇ ਫੇ' ਅੱਜਕਲ੍ਹ?''

''ਐਵੇਂ ਮਾੜੀ-ਮੋਟੀ। ਮੱਲ੍ਹਮ ਤਾਂ ਮੈਂ ਹੁਣ ਵੀ ਬਣਾਉਂਦਾਂ। ਬੜੀ ਦੂਰੋਂ-ਦੂਰੋਂ ਆਉਂਦੇ ਆ ਲੋਕ ਜ਼ਖ਼ਮ ਲੈ ਕੇ। ਸੱਤਿਆ, ਇਕ ਦੋ ਡਾਕਟਰ ਤਾਂ ਬੜੇ ਈ ਪਿੱਛੇ ਪਇਓ ਆ। ਰੁਪਈਆਂ ਦਾ ਵੀ ਲਾਲਚ ਦਿੰਦੇ ਆ, ਅਖੇ ਮੱਲ੍ਹਮ ਦਾ ਨੁਸਖਾ ਦੇ ਦਿਓ। ਲੋਕਾਂ ਦੀ ਛਿੱਲ ਲਾਹੁਣੀ ਚਾਹੁੰਦੇ ਆ। ਵਪਾਰੀ ਲੋਕ!'' ਸੱਤਾ ਮੁਸਕਾਅ ਪਿਆ।

''ਪੰਜ-ਸੱਤ ਮੱਲ੍ਹਮ ਦੀਆਂ ਡੱਬੀਆਂ ਮੈਂ ਪਿੰਡ ਵਾਸੀਆਂ ਲਈ ਵੀ ਲੈ ਕੇ ਆਇਆਂ।'' ਇਹ ਕਹਿ ਕੇ ਫ਼ਜ਼ਲਾ ਹਲਕਾ ਜਿਹਾ ਹੱਸ ਪਿਆ, ਪਰ ਸੱਤੇ ਦੀਆਂ ਅੱਖਾਂ ਛਲਕ ਗਈਆਂ।

ਉਹ ਸੋਚਦਾ ਰਿਹਾ ਸੀ ਕਿ ਪੰਜ-ਸੱਤ ਡੱਬੀਆਂ ਨਾਲ਼ ਕੀ ਬਣਨਾ? ਜ਼ਖਮਾਂ ਨਾਲ਼ ਤਾਂ ਦਿਲ ਭਰੇ ਪਏ ਆ। ਗੁਰੂ-ਘਰ 'ਤੇ ਹਮਲਾ, ਦਿੱਲੀ ਦੀ ਕਤਲੋਗ਼ਾਰਤ, ਨਿਰਦੋਸ਼ ਹਿੰਦੂਆਂ ਦੇ ਕਤਲ ਤੇ ਝੂਠੇ ਪੁਲਸ ਮੁਕਾਬਲੇਵ। ਫ਼ਜ਼ਲਾ ਤਾਂ ਮੱਲ੍ਹਮ ਬਣਾਉਂਦਾ ਥੱਕ ਜਾਏ। ਇਹਨੂੰ ਕੀ ਪਤਾ ਕਿ ਕਿੰਨਾ ਜ਼ਖ਼ਮੀ ਹੋਇਆ ਪਿਆ ਏ ਪੰਜਾਬ। ਪੰਜਾਬ ਕਾਹਨੂੰ ਪੂਰੇ ਦੇਸ਼ ਤੇ ਸੰਸਾਰ ਦਾ ਵੀ ਇਹੋ ਹਾਲ ਆ।

ਅਗਲੀ ਸਵੇਰ ਫ਼ਜ਼ਲਾ ਸੂਰਜ ਉੱਗਣ ਤੋਂ ਪਹਿਲਾਂ ਹੀ ਘਰੋਂ ਨਿਕਲ ਤੁਰਿਆ। ਉਹ ਹਰ ਘਰ ਦਾ ਮਹਿਮਾਨ ਸੀ। ਉਸ ਨੂੰ ਦਰਾਂ 'ਤੇ ਤੇਲ ਚੁਆ ਕੇ ਅੰਦਰ ਲੰਘਾਇਆ ਜਾਂਦਾ। ਮੰਜੇ ਉੱਤੇ ਅਣਲੱਗ ਚਾਦਰ ਵਿਛਾਈ ਜਾਂਦੀ। ਮਰਦ ਜ਼ਰੂਰੀ ਤੋਂ ਜ਼ਰੂਰੀ ਕੰਮ ਛੱਡ ਕੇ ਉਸ ਕੋਲ਼ ਬੈਠੇ ਰਹਿੰਦੇ। ਵਧੀਆ ਤੋਂ ਵਧੀਆ ਪਕਵਾਨ ਪਰੋਸੇ ਜਾਂਦੇ। ਅਤਿ-ਸਤਿਕਾਰ ਦੀਆਂ ਇਹਨਾਂ ਘੜੀਆਂ 'ਚ ਫ਼ਜ਼ਲੇ ਨੂੰ ਨਾ ਚਾਹੁੰਦੇ ਹੋਏ ਵੀ ਉਹ ਮਨਹੂਸ ਰਾਤ ਯਾਦ ਆ ਜਾਂਦੀ, ਜਦ ਉਸਨੂੰ ਇਸ ਜਾਨ ਤੋਂ ਪਿਆਰੇ ਪਿੰਡ ਤੋਂ ਜਾਨ ਬਚਾਅ ਕੇ ਭੱਜਣਾ ਪਿਆ ਸੀ। ''ਵਾਹ ਓਏ ਸਮਿਆ ਤੇਰੇ ਰੰਗ।'' ਇਹ ਸੋਚਦਿਆਂ ਉਸਦੀਆਂ ਅੱਖਾਂ 'ਚ ਅੱਥਰੂਆਂ ਦੀ ਇਕ ਹਲਕੀ ਜਿਹੀ ਪਰਤ ਉਭਰ ਆਉਂਦੀ।

''ਮਾਫ਼ ਕਰੀਂ, ਬਸ ਸਮਿਆਂ 'ਤੇ ਦੁੱਖਾਂ ਦੀਆਂ ਮਜਬੂਰੀਆਂ ਸੀ। ਮੈਂ ਆਖਰੀ ਸਮੇਂ ਤੇਰੇ ਨਾਲ਼ ਕੁਝ ਵੀ ਨਹੀਂ ਸਾਂ ਬੋਲ

ਸਕਿਆ। ਉਹ ਮੰਜ਼ਰ ਮੈਂ ਕਦੇ ਵੀ ਨਾ ਭੁਲਾਅ ਸਕਿਆ। ਤੂੰ ਮੈਨੂੰ ਉਵੇਂ ਦਿਸਦਾ ਰਿਹਾ, ਗੱਡੇ ਕੋਲ਼ ਖੜ੍ਹਾ।'' ਕਰਮੂ ਸੈਣੀ ਬੱਚਿਆਂ ਵਾਂਗ ਹਟਕੋਰੇ ਭਰਨ ਲੱਗ ਪਿਆ ਸੀ।

''ਕਿੰਨੇ ਦਿਨਾਂ ਪਿੱਛੋਂ ਮੁੜੇ ਸੀ ਫੇ' ਉਦੋਂ?'' .ਫਜ਼ਲੇ ਨੇ ਗੱਲ ਹੋਧਰੇ ਪਾਉਂਦਿਆਂ ਪੁੱਛਿਆ ਸੀ।

''ਦੂਜੇ ਈ ਦਿਨ।''

''ਦੇਖ ਲੈ ਕਰਮੂਆਂ ਅਸੀਂ ਚਾਲ਼ੀ ਸਾਲ ਕੱਟ ਲਏ। ਬਸ ਮੈਂ ਜਾਂ ਮੇਰਾ ਰੱਬ ਈ ਜਾਣਦਾ ਕਿੱਦਾਂ।'' ਫ਼ਜ਼ਲੇ ਦਾ ਗੱਚ ਭਰ ਆਇਆ।

ਰਾਤ ਜਦੋਂ ਸੱਤਾ ਤੇ ਫ਼ਜ਼ਲਾ ਮੰਜਿਆਂ 'ਤੇ ਲੰਮੇ ਪੈ ਗਏ ਤਾਂ ਫ਼ਜ਼ਲੇ ਨੇ ਪੁੱਛਿਆ,''ਸੱਤਿਆ ਉਹ ਕਿਹੜੀ ਗੱਲ ਸੀ, ਜਿਨ੍ਹੇ ਜਾਨ ਤੋਂ ਪਿਆਰੇ ਮਿੱਤਰਾਂ ਨੂੰ ਜਾਨ ਦੇ ਦੁਸ਼ਮਣ ਬਣਾਅ ਦਿੱਤਾ ਸੀ।''

ਸੱਤਾ ਕੁਝ ਦੇਰ ਸੋਚਦਾ ਰਿਹਾ।

''ਬਸ ਕਮ-ਅਕਲੀ ਈ ਆਖ ਲੈ। ਕਈ ਚੀਜ਼ਾਂ ਈ ਰਲ਼ ਜਾਂਦੀਆਂ, ਜਦੋਂ ਬੰਦੇ ਦੀ ਬੁੱਧ ਭ੍ਰਿਸ਼ਟ ਹੋਣੀ ਹੋਵੇ।''

''ਐਂ ਕਰ ਤੂੰ ਆਪਣੇ ਬਾਰੇ ਈ ਦੱਸ। ਤੂੰ ਕਿਉਂ ਤੁਰ ਗਿਆ ਸੀ ਛਵੀਆਂ ਚੰਡਣ?''

ਸੱਤਾ ਧੁਰ ਅੰਦਰ ਤੱਕ ਕੰਬ ਗਿਆ। ਫ਼ਜ਼ਲੇ ਕੋਲ਼ੋਂ ਅਜਿਹੇ ਪ੍ਰਸ਼ਨ ਦੀ ਆਸ ਉਸਨੂੰ ਬਿਲਕੁਲ ਹੀ ਨਹੀਂ ਸੀ।

ਉਹ ਕੁਝ ਦੇਰ ਅਤੀਤ ਦੇ ਧੁੰਦਲਕੇ 'ਚੋਂ ਖਿਲਰੇ ਹੋਏ ਵੇਰਵੇ ਇਕੱਠੇ ਕਰਦਾ ਰਿਹਾ। ਫਿਰ ਉਹ ਹਲਕਾ ਜਿਹਾ ਖੰਘ ਕੇ ਬੋਲਿਆ,''ਲੈ ਕੇ ਤਾਂ ਉਹ ਹੋਰ ਬਹਾਨੇ ਗਏ ਸੀ। ਗੁਰੂਆਂ ਤੇ ਸਿੰਘਾਂ 'ਤੇ ਮੁਸਲਮਾਨਾਂ ਦੇ ਜ਼ੁਲਮਾਂ ਤੇ ਜ਼ਿਆਦਤੀਆਂ ਦੇ ਕਿੱਸੇ ਸੁਣਾਅ ਕੇ ਜਜਬਾਤੀ ਜਿਹੇ ਕਰ ਲਿਆ। ਬਸ ਮੈਂ ਅੰਨ੍ਹਾਂ ਜਿਹਾ ਹੋ ਗਿਆ ਸੀ ਐਵੇਂ।'' ਉਹ ਚੁੱਪ ਕਰ ਕੇ ਫ਼ਜ਼ਲੇ ਦੇ ਹੁੰਗਾਰੇ ਦੀ ਉਡੀਕ ਕਰਨ ਲੱਗਾ।.ਫਜ਼ਲਾ ਕੁਝ ਨਾ ਬੋਲਿਆ।

''ਜਦੋਂ ਮੇਰੇ ਸੱਟ ਵੱਜੀ ਤਾਂ ਕੌਮ ਦੇ ਸਰਦਾਰਾਂ ਕੋਲੋਂ ਇਕ ਲੀਰ ਵੀ ਨਾ ਸਰੀ। ਮੇਰੀ ਹੀ ਪੱਗ ਸਿਰ ਤੋਂ ਲਾਹ ਕੇ ਲਪੇਟ ਦਿੱਤੀ। ਲੈ ਕੇ ਤਾਂ ਘੋੜੀ 'ਤੇ ਗਏ ਸੀ, ਨਕਾਰਾ ਹੋ ਗਿਆ ਤਾਂ ਉਵੇਂ ਤੋਰ ਦਿੱਤਾ ਪੀੜ ਨਾਲ਼ ਕਰਾਹੁੰਦੇ ਨੂੰ। ਸਾਰੀ ਵਾਟ ਲਹੂ ਨੁੱਚੜਦਾ ਰਿਹਾ, ਮੈਂ ਕਰਾਹੁੰਦਾ ਰਿਹਾ।'' ਸੱਤਾ ਬੜੀ ਦੇਰ ਚੁੱਪ ਰਿਹਾ।

''ਜਦੋਂ ਚਾਚੇ ਨੇ ਭਾਈਚਾਰੇ ਤੋਂ ਚੋਰੀ-ਚੋਰੀ ਆਣਕੇ ਮੇਰੇ ਮੱਲ੍ਹਮ-ਪੱਟੀ ਕੀਤੀ ਤਾਂ ਮੈਨੂੰ ਭਾਈ ਘਨ੍ਹੱਈਆ ਜੀ ਯਾਦ ਆਏ। ਚਾਚਾ ਮੈਨੂੰ ਗੁਰੂ ਦਾ ਸੱਚਾ ਸਿੰਘ ਲੱਗਿਆ। ਜੇ ਚਾਚੇ ਦੇ ਬਰੋਬਰ ਧੰਨਾ ਸਿੰਘ ਜਿਹੇ 'ਸਿੱਖ' ਤੱਕੜੀ 'ਚ ਪਾ ਕੇ ਤੋਲੇ ਜਾਂਦੇ ਤਾਂ ਸੱਚੀਂ ਹਲਕੇ ਪੈ ਜਾਂਦੇ।'' ਸੱਤੇ ਦੇ ਬੋਲ ਭਾਰੇ ਹੋ ਗਏ।

ਫ਼ਜ਼ਲੇ ਨੂੰ ਅੱਬਾ ਯਾਦ ਆਇਆ ਜੋ ਨੇੜੇ ਹੀ ਕਿਤੇ ਕਿਸੇ ਕਬਰ 'ਚ ਸੁੱਤਾ ਪਿਆ ਸੀ। ਉਹ ਮਾਣ ਨਾਲ਼ ਭਰ ਗਿਆ। ਦੂਜੀ ਸਵੇਰ ਅੱਖ ਖੁੱਲ੍ਹਦੇ ਸਾਰ ਹੀ ਫ਼ਜ਼ਲੇ ਨੇ ਸੱਤੇ ਕੋਲੋਂ ਪੁੱਛਿਆ,''ਮੀਏਂ ਦਾ ਤਾਂ ਸਾਰਾ ਪਰਿਵਾਰ ਈ ਮਾਰਿਆ ਗਿਆ ਸੀ ਨਾ?''

''ਨਹੀਂ।'' ਇਸ ਨਿੱਕੇ ਜਿਹੇ ਜਵਾਬ ਨੇ ਫ਼ਜ਼ਲੇ ਦਾ ਦਿਲ ਕੰਬਾਅ ਦਿੱਤਾ।

''ਮੀਆਂ ਤੇ ਬੇਗਮ ਤਾਂ ਮਾਰੇ ਗਏ ਸਨ। ਨਫ਼ੀਸਾ ਹੈਗੀ ਆ। ਚੱਬੇਵਾਲ ਵਸਦੀ ਆ ਕਿਸੇ ਜੱਟ ਦੇ।''

ਸੱਤੇ ਨੇ ਤਾਂ ਸਹਿਜ-ਭਾਵ ਹੀ ਕਿਹਾ ਸੀ, ਪਰ ਫ਼ਜ਼ਲੇ ਦੇ ਦਿਲ ਦਾ ਰੁੱਗ ਭਰਿਆ ਗਿਆ। ਉਹ ਉੱਠ ਕੇ ਬੈਠ ਗਿਆ ਤੇ ਠੰਢਾ ਹਉਕਾ ਭਰਦਿਆਂ ਬੋਲਿਆ, ''ਸੱਤਿਆ ਮੈਂ ਮਿਲਣਾ ਚਾਹੁੰਦਾ ਆਂ ਨਫ਼ੀਸਾ ਨੂੰ।''

ਸੱਤੇ ਨੇ ਆਪਣੇ ਪੁੱਤਰ ਅਮੋਲਕ ਸਿੰਘ ਨੂੰ ਆਵਾਂ ਮਾਰ ਕੇ ਕੋਲ਼ ਬਿਠਾਅ ਲਿਆ। ਅਮੋਲਕ ਚੱਬੇਵਾਲ ਨੇੜਲੇ ਕਿਸੇ ਪਿੰਡ ਦੇ ਸਕੂਲ 'ਚ ਸਾਇੰਸ ਮਾਸਟਰ ਸੀ।

''ਕਾਕਾ ਧਿਆਨ ਨਾਲ਼ ਸੁਣ। ਚੱਬੇਆਲ ਦੇ ਲਹਿੰਦੇ ਪਾਸੇ, ਚੌਧਰੀ ਸਰਦਾਰੇ ਦੇ ਘਰ ਕੋਲ਼, ਜਿੱਥੇ ਪੰਡਤਾਂ ਦੀ ਛੱਤੀਓ ਖੂਹੀ ਆ, ਉਹਦੇ ਸੱਜੇ ਹੱਥ, ਡੇਕ ਆਲ਼ੇ ਘਰ ਜਾਣਾ ਆ ਤੂੰ। ਮਿੰਦਰ ਸਿੰਘ ਜੱਟ ਦਾ ਘਰ ਆ ਉਹ। ਉਹਦੇ ਘਰੋਂ ਆ ਨਫ਼ੀਸਾਂ। ਏਸ ਪਿੰਡ ਦੀ ਧੀ। ਸੱਚ, ਕੋਈ ਹੋਰ ਨਾਂ ਰੱਖਿਆ ਹੋਣਾ ਉਹਨੇ। ਉਹਨੂੰ ਆਖੀਂ ਫ਼ਜ਼ਲਾ ਆਇਆ, ਹਕੀਮਾਂ ਦਾ, ਪਾਕਿਸਤਾਨੋਂ, ਤੈਨੂੰ ਮਿਲਣਾ ਚਾਹੁੰਦਾ। ਸਾਇਕਲ ਪਿੱਛੇ ਬਿਠਾਲ ਲਿਆਈਂ, ਜੇ ਮੰਨੇ ਤਾਂ।''

ਸੱਤਾ ਪੁੱਤਰ ਨੂੰ ਸਮਝਾਉਂਦਾ ਰਿਹਾ ਤੇ ਫ਼ਜ਼ਲਾ ਅੱਖਾਂ ਬੰਦ ਕਰ ਕੇ ਅਤੀਤ ਵਲ ਪਰਤਦਾ ਗਿਆ।

ਖਿੜਕੀ 'ਚੋਂ ਝਾਕਦਾ ਇਕ ਖੂਬਸੂਰਤ ਚਿਹਰਾ, ਥੱਪੜਾਂ ਦੀ ਗੂੰਜ, ਸੰਤਾਲੀ ਦੀ ਕਤਲੋ-ਗ਼ਾਰਤ ਤੇ ਲੰਬੇ ਵਿਛੋੜੇ।

ਦੁਪਹਿਰੋਂ ਬਾਅਦ, ਦੱਸੀਆਂ ਨਿਸ਼ਾਨੀਆਂ ਮੇਲਦਾ ਅਮੋਲਕ ਧਰੇਕ ਵਾਲ਼ੇ ਘਰ ਅੱਗੇ ਪਹੁੰਚ ਗਿਆ। ਧਰੇਕ ਛਾਵੇਂ ਡੱਠੇ ਮੰਜੇ 'ਤੇ ਇਕ ਬਜ਼ੁਰਗ ਆਦਮੀ ਬਿਮਾਰਾਂ ਵਾਂਗ ਨਿਢਾਲ ਪਿਆ ਸੀ। ਨੇੜਲੀ ਮੰਜੀ 'ਤੇ ਬੈਠੀ ਔਰਤ ਉਸਨੂੰ ਪੱਖੀ ਝੱਲ ਰਹੀ ਸੀ।

ਦਸਤਕ ਸੁਣਦਿਆਂ ਉਹ ਉਠ ਪਈ ਤੇ ਦਰਾਂ ਵਲ ਆਉਂਦਿਆਂ ਬੋਲੀ,''ਕੌਣ ਆ, ਵੇ ਭਾਈ?''

ਉੱਚੀ-ਲੰਬੀ, ਤਿੱਖੇ ਨੈਣ-ਨਕਸ਼, ਮੋਟੀਆਂ ਨੀਲੀਆਂ ਅੱਖਾਂ, ਗੋਰੇ ਨਿਛੋਹ ਰੰਗ ਤੇ ਗੱਠਵੇਂ ਸਰੀਰ ਵਾਲ਼ੀ ਕੋਈ ਪਚਵੰਜਾ-ਸੱਠ ਸਾਲਾਂ ਦੀ ਔਰਤ ਦਰਾਂ 'ਚ ਆਣ ਖੜ੍ਹੀ ਹੋ ਗਈ ਸੀ।

''ਤੁਹਾਡਾ ਈ ਨਾਂ ਨਫ਼ੀਸਾਂ ਆ, ਬੀਬੀ ਜੀ?'' ਇਸ ਸਵਾਲ ਨੇ ਔਰਤ ਨੂੰ ਕੰਬਾਅ ਕੇ ਰੱਖ ਦਿੱਤਾ ਸੀ।

''ਨਾ ਪੁੱਤਰਾ, ਮੈਂ ਤਾਂ ਜੋਗਿੰਦਰ ਕੌਰ ਆਂ।'' ਨਫ਼ੀਸਾਂ 'ਤੇ ਪਿਛਲੇ ਚਾਲ਼ੀ ਸਾਲਾਂ ਤੋਂ ਕਾਬਜ਼ ਹੋਈ ਜੋਗਿੰਦਰ ਕੌਰ ਦੇ ਬੋਲ ਬਿੜਕ ਗਏ।

''ਮੈਂ ਨਾਰੂ ਨੰਗਲੋਂ ਆਇਆ ਸੀ ਸੁਨੇਹਾ ਲੈ ਕੇ। ਘਰ ਤਾਂ ਇਹੀ ਦੱਸਿਆ ਸੀ। ਚੰਗਾ ਜੀ, ਮਾਫ਼ ਕਰਨਾ।''

ਅਮੋਲਕ ਪਿਛਾਂਹ ਹਟਣ ਲੱਗਾ ਤਾਂ ਔਰਤ ਦੀਆਂ ਅੱਖਾਂ 'ਚ ਅੱਥਰੂ ਛਲਕ ਆਏ।

''ਆ ਜਾ ਪੁੱਤਰਾ।'' ਚੁੰਨੀ ਦੇ ਲੜ ਨਾਲ਼ ਅੱਥਰੂ ਪੂੰਝਦਿਆਂ ਉਹ ਬੋਲੀ। ''ਤੂੰ ਸੁਨੇਹਾ ਦੇ ਪੁੱਤਰਾ। ਮੈਂ..ਮੈਂ ਉਹੀ ਆਂ ਜਿਹਦਾ ਨਾਂ ਨਹੀਂ ਲੈਣਾ।''

''ਪਾਕਸਤਾਨੋਂ ਫ਼ਜ਼ਲਾ ਚਾਚਾ ਆਇਆ ਹਕੀਮਾਂ ਦਾ। ਤੁਹਾਨੂੰ ਮਿਲਣਾ ਚਾਹੁੰਦਾ। ਮੈਂ ਤੁਹਾਨੂੰ ਲੈਣ ਆਇਆਂ।''

ਔਰਤ ਦਾ ਸਿਰ ਚਕਰਾਅ ਗਿਆ। ਉਸਨੇ ਡਿਗਣੋਂ ਬਚਣ ਦੇ ਲਈ ਚੁਗਾਠ ਦਾ ਸਹਾਰਾ ਲਿਆ ਤੇ ਕੁਝ ਪਲ ਅਹਿੱਲ ਖੜ੍ਹੀ ਰਹੀ।

''ਆ ਜਾ ਲੰਘ ਆ ਪੁੱਤਰਾ..!'' ਉਹ ਚਾਣਚੱਕ ਬੋਲੀ। ਜਿਉਂ ਕਿਸੇ ਸੁਪਨੇ 'ਚੋਂ ਜਾਗੀ ਹੋਵੇ।

''ਬਾਰ੍ਹ ਕਾਹਤੋਂ ਖੜ੍ਹਾਂ। ਆ ਜਾ ਬਹਿ ਜਾ ਮੰਜੀ 'ਤੇ।'' ..ਤੇ ਥੱਕੇ ਜਿਹੇ ਕਦਮਾਂ ਨਾਲ਼ ਬਜ਼ੁਰਗ ਵੱਲ ਤੁਰ ਪਈ।

''ਕੌਣ ਆਂ ਜਿੰਦਰ ਕੁਰੇ।'' ਬਜ਼ੁਰਗ ਦੀ ਅਵਾਂ 'ਚ ਗੜ੍ਹਕਾ ਕਾਇਮ ਸੀ।

''ਮੁੰਡਾ ਆਇਆ ਨਾਰ੍ਹ ਨੰਗਲੋਂ ਸੁਨੇਹਾ ਲੈ ਕੇ। ਮੇਰਾ ਵੀਰਾ ਆਇਆ ਪਾਕਸਤਾਨੋਂ।'' ਉਸਦਾ ਗੱਚ ਭਰ ਆਇਆ।

''ਅੱਛਾ!'' ਬਜ਼ੁਰਗ ਹੈਰਾਨ ਹੋ ਕੇ ਬੋਲਿਆ। "ਤੇਰਾ ਭਰਾ? ਤੂੰ ਦੱਸਿਆ ਨਹੀਂ ਕਦੇ ਭਾਈ।''

''ਪਿੰਡੋਂ ਆ। ਮੇਰੀਆਂ ਸਹੇਲੀਆਂ ਦਾ ਭਰਾ। ਫ਼ਜ਼ਲਦੀਨ ਹਕੀਮਾਂ ਦਾ।'' ਉਸ ਔਰਤ ਵਿਚਲੀ ਜੋਗਿੰਦਰ ਕੌਰ ਤੇ ਨਫ਼ੀਸਾਂ ਆਪੋ ਵਿਚ ਉਲਝ ਪਈਆਂ। ਇਕ ਦਾ ਮੋਹ ਜਾਗਿਆ ਤਾਂ ਦੂਸਰੀ ਜਿਉਂ ਸਫ਼ਾਈਆਂ ਦੇਣ ਲੱਗ ਪਈ। ਅਮੋਲਕ ਨੂੰ ਮੰਜੀ 'ਤੇ ਬਿਠਾਅ ਕੇ ਔਰਤ ਕਮਰੇ ਅੰਦਰ ਚਲੀ ਗਈ।

''ਆ ਹਾਂ ਯਾਦ ਆਇਆ! ਕਰਮਦੀਨ ਦਾ ਮੁੰਡਾ।'' ਫਿਰ ਅਚਾਨਕ ਉਸਦੀ ਬੰਦਾ ਪਛਾਣਨ ਦੀ ਇਹ ਖੁਸ਼ੀ ਉਦਾਸੀ 'ਚ ਬਦਲ ਗਈ।

''ਦੇਵਤਾ ਬੰਦਾ ਸੀ ਕਰਮਦੀਨ। ਉਦ੍ਹੇ ਸਭ ਨਾਲੋਂ ਵੱਧ ਛਵੀਆਂ ਮੈਂ ਮਾਰੀਆਂ ਸੀ।'' ਇਹ ਕਹਿ ਕੇ ਉਸਨੇ ਨਜ਼ਰ ਅਮੋਲਕ ਦੇ ਚਿਹਰੇ 'ਤੇ ਟਿਕਾਅ ਦਿੱਤੀ।

''ਦੇਖ ਲੈ ਮੁੰਡਿਆ, ਅੱਜ ਮੰਜੇ 'ਤੇ ਪਏ ਆਂ ਮਿੱਟੀ ਦੀ ਢੇਰੀ ਹੋ ਕੇ। ਕਦੇ ਹਵਾ'ਚ ਉਡਦੇ ਫਿਰਦੇ ਸੀ। ਤੇਰੇ ਪਿੰਡੋਂ ਮੈਂ ਇਹਨੂੰ ਇੱਕੋ ਬਾਂਹ ਨਾਲ਼ ਚੁੱਕ ਕੇ ਘੋੜੀ 'ਤੇ ਸੁੱਟ ਲਿਆਂਦਾ ਸੀ। ਸੌ ਪਿੰਡ 'ਚ ਇਹਦੇ ਅਰਗੀ ਸੋਹਣੀ ਨਹੀਂ ਸੀ ਕੋਈ ਉਦੋਂ। ਸੋਚਿਆ ਤਾਂ ਏਹੋ ਸੀ ਕਿ ਮਜ਼ੇ ਲੁੱਟ ਕੇ ਅਗਾਂਹ ਤੋਰ ਦਿਆਂਗੇ, ਪਰ ਇਹਦੇ ਹੁਸਨ ਨੇ ਮੈਨੂੰ ਕੀਲ ਲਿਆ। ਇਹ ਵੀ ਆਖਣ ਲੱਗੀ ਹੱਥੀਂ ਮਾਰ ਦੇ, ਥਾਂ-ਕੁਥਾਂ ਖੱਜਲ-ਖੁਆਰ ਹੋਣ ਲਈ ਨਾ ਛੱਡੀਂ।''

ਔਰਤ ਦੇ ਪੈਰਾਂ ਦੀ ਅਵਾਂ ਸੁਣ ਕੇ ਉਹ ਬਿੰਦ ਕੁ ਲਈ ਚੁੱਪ ਕਰ ਗਿਆ। ਔਰਤ ਅਮੋਲਕ ਨੂੰ ਪਾਣੀ ਦਾ ਗਿਲਾਸ ਦੇ ਕੇ ਮੁੜ ਗਈ।

''ਰੱਜ ਕੇ ਸੇਵਾ ਤੇ ਲੋਹੜੇ ਦੀ ਸੇਵਾ ਕੀਤੀ ਆ ਵਿਚਾਰੀ ਨੇ। ਬੜੀ ਨੇਕ ਰੂਹ ਆ ਵਿਚਾਰੀ।'' ਬਜ਼ੁਰਗ ਨੂੰ ਜਿਉਂ ਕੋਈ ਮਸਾਂ-ਮਸਾਂ ਮਿਲਿਆ ਹੋਵੇ ਗੱਲਾਂ ਸੁਣਾਉਣ ਨੂੰ। ਫਿਰ ਉਸਦੀਆਂ ਮਾਣ-ਮੱਤੀਆਂ ਗੱਲਾਂ 'ਚ ਅਚਾਨਕ ਇਕ ਸੋਗ ਆਣ ਰਲਿਆ।

''ਯਾਦ ਰੱਖੀਂ ਜਵਾਨਾ, ਕਿਸੇ ਨੂੰ ਉਜਾੜ ਕੇ ਕੋਈ ਅਬਾਦ ਨਹੀਂ ਹੋ ਸਕਦਾ। ਦੇਖ ਲੈ ਘਰ ਦਾ ਨਾਲ਼ੇ ਸਾਡਾ ਹਾਲ। ਲੁੱਟੀਆਂ ਸ਼ੈਆਂ 'ਚੋਂ ਇਕ ਜਿੰਦਰ ਕੋਰ ਨੇ ਹੀ ਵਫ਼ਾ ਕੀਤੀ ਆ ਬੱਸ। ਚੰਗੇ-ਭਲੇ ਸਿਆੜ ਸੀ, ਐਵੇਂ ਭੋਖੜਾ ਪੈ ਗਿਆ। ਸੰਤਾਲੀ 'ਚ ਤਾਂ ਮੈਂ ਸਾਰਾ ਘਰ ਈ ਭਰ ਲਿਆ ਸੀ। ਚਲੋ ਲੁੱਟੀਆਂ ਚੀਜ਼ਾਂ ਨੇ ਤਾਂ ਜਾਣਾ ਈ ਸੀ, ਨਾਲ਼ ਹੋਰ ਬੜਾ ਕੁਝ ਚਲਾ ਗਿਆ। ਇਕ ਮੁੰਡਾ ਹੋਇਆ ਸੀ ਉਹ ਵੀ ਤੁਰਦਾ ਬਣਿਆ। ਬੱਚੇ ਦੀ ਅਵਾਂ ਸੁਣਨ ਲਈ ਸਾਰੀ ਉਮਰ ਕੰਨ ਤਰਸਦੇ ਰਹੇ।ਵਜਦੋਂ ਬੰਦਾ ਅੰਨ੍ਹਾ ਜਿਹਾ ਹੋਇਆ ਹੁੰਦਾ ਏ ਨਾ ਪੁੱਤਰਾ, ਅਕਾਲ ਪੁਰਖ ਉਸਨੂੰ ਦੇਖ ਰਿਹਾ ਹੁੰਦਾ।.. ਸਮਝ ਨਹੀਂ ਆਉਂਦੀ ਕਿ ਚਲੋ ਮੈਂ ਤਾਂ ਸੌ ਪਾਪ ਕੀਤੇ ਹੋਣਗੇ, ਪਰ ਏਸ ਵਿਚਾਰੀ ਦਾ ਕੀ ਦੋਸ਼ ਸੀ!''

ਬਜ਼ੁਰਗ ਦਾ ਗੱਚ ਭਰ ਆਇਆ। ਉਸਦਾ ਸਿਰ ਕੰਬਣ ਲੱਗ ਪਿਆ। ਕੁਝ ਦੇਰ ਉਸ ਕੋਲੋਂ ਇਕ ਬੋਲ ਵੀ ਨਾ ਬੋਲਿਆ ਗਿਆ। ਔਰਤ ਆਈ ਤੇ ਅਮੋਲਕ ਨੂੰ ਚਾਹ ਦਾ ਗਿਲਾਸ ਫੜਾਅ ਕੇ ਬਜ਼ੁਰਗ ਦੇ ਸਿਰਾਹਣੇ ਖੜ੍ਹ ਕੇ ਹੌਲ਼ੀ ਜਿਹੀ ਬੋਲੀ,''ਜਾ ਆਵਾਂ ਫੇ' ਜੇ ਤੁਸੀਂ ਆਖੋਂ ਤਾਂ?'' ਉਸਦੀ ਅਵਾਂ 'ਚ ਇਕ ਤਰਲਾ ਸੀ।

''ਜਾ ਆ, ਮਿਲ ਆ।'' ਇਨ੍ਹਾਂ ਬੋਲਾਂ 'ਚ ਪੀੜ ਸੀ, ਹਮਦਰਦੀ ਸੀ, ਪਛਤਾਵਾ ਸੀ। ਬਜ਼ੁਰਗ ਤੋਂ ਇਜਾਜ਼ਤ ਲੈ ਕੇ ਔਰਤ ਮੁੜ ਦਲਾਨ ਅੰਦਰ ਚਲੀ ਗਈ।

''ਬਸੀ ਜੌੜੇ ਦਾ ਵਾਕਿਆ ਆ, ਪੁੱਤਰਾ'' ਬਜ਼ੁਰਗ ਨੇ ਫਿਰ ਤੋਂ ਗੱਲ ਸ਼ੁਰੂ ਕਰ ਲਈ। ''ਵਬੜੀ ਆਹਲਾ ਜਨਾਨੀ ਸੀ ਪਠਾਣਾਂ ਦੀ। ਕੁੱਛੜ ਉਹਦੇ ਸੱਤ ਕੁ ਮਹੀਨਿਆਂ ਦਾ ਮੁੰਡਾ। ਜੱਟ ਟੁੱਟ ਕੇ ਪੈ ਗਏ।ਧੰਨਾ ਕਹਿਣ ਲੱਗਾ, ਆਪਸ 'ਚ ਨਾ ਲੜ ਪਿਓ। ਜਿਹੜਾ ਮੁੰਡਾ ਕੰਧ 'ਚ ਮਾਰੂ, ਜਨਾਨੀ ਉਹਦੀ। ਬਾਕੀ ਤਾਂ ਇਕ ਪਲ ਲਈ ਸੋਚਣ ਲਗ ਪਏ। ਮੈਂ ਅੱਖ ਦੇ ਫੋਰ 'ਚ ਮੁੰਡਾ ਜਨਾਨੀ ਦੀਆਂ ਕੰਬਦੀਆਂ ਬ੍ਹਾਵਾਂ 'ਚੋਂ ਧੂਹ ਕੇ, ਲੱਤੋਂ ਫੜਿਆ ਤੇ ਕੰਧ 'ਤੇ ਪਟਕਾਅ ਮਾਰਿਆ।

''ਓਹ ਹੋ ਹੋ! ਵਿਚਾਰੇ ਦੀ ਲੇਰ ਵੀ ਅੱਧ 'ਚ ਈ ਟੁੱਟ ਗਈ।'' ਇਹ ਕਹਿੰਦਿਆ ਬਜ਼ੁਰਗ ਦੇ ਚਿਹਰੇ ਦਾ ਮਾਸ ਝੁਰੜੀਆਂ ਦੀ ਮੁੱਠ ਬਣ ਕੇ ਰਹਿ ਗਿਆ।

''ਮੇਰਾ ਪੁੱਤ ਵੀ ਓਨਾ ਕੁ ਸੀ ਜਦੋਂ ਪੂਰਾ ਹੋਇਆ।'' ਕੰਬਦੀ ਧੌਣ ਘੁਮਾਅ ਕੇ ਉਸਨੇ ਚਿਹਰਾ ਮੈਲ਼ੇ ਜਿਹੇ ਸਿਰਾਹਣੇ 'ਚ ਦੇ ਲਿਆ ਤੇ ਬੱਚਿਆਂ ਵਾਂਗ ਹਟਕੋਰੇ ਭਰਨ ਲੱਗਾ।

ਅਮੋਲਕ ਉਸਨੂੰ ਚੁੱਪ-ਚਾਪ ਵੇਖਦਾ ਰਿਹਾ।

''ਦੇਖੀਂ ਪੁੱਤਰਾ ਮੈਂ ਕੀੜੇ ਪੈ ਕੇ ਮਰਨਾ।'' ਹੋਸ਼ 'ਚ ਆਉਂਦਿਆਂ ਉਹ ਥੋੜਾ ਠਰ੍ਹੰਮੇ ਨਾਲ਼ ਬੋਲਿਆ ਤੇ ਧਰੇਕ ਦੀ ਟਾਹਣੀ 'ਤੇ ਪਏ ਆਲ੍ਹਣੇ ਵੱਲ ਵੇਖਣ ਲੱਗ ਪਿਆ।

''ਘੁੱਗੀ ਦਾ ਆਲ੍ਹਣਾ ਆ। ਇਕ ਕਾਂ ਰੋਜ ਹਮਲਾ ਕਰਦਾ, ਆਂਡੇ ਪੀਣ ਲਈ। ਮੈਂ ਇਹਦੀ ਰਾਖੀ ਕਰਦਾ ਰਹਿੰਦਾਂ ਪੁੱਤਰਾ।'' ਉਸਨੇ ਅੱਖਾਂ ਝੁਕਾਅ ਲਈਆਂ ਤੇ ਬਹੁਤ ਹੀ ਧੀਮੀ ਅਵਾਂ 'ਚ ਸਹਿਜ-ਭਾਵ ਬੋਲਿਆ,''ਮੈਂ ਵੀ ਮਰ ਕੇ ਕਾਂ ਬਣਨਾ।'' ਤੇ ਅੱਖਾਂ ਮੀਟ ਕੇ ਡੂੰਘੀਆਂ ਸੋਚਾਂ 'ਚ ਲੱਥ ਗਿਆ।

''ਚੱਲੀਂ ਆਂ ਜੀ ਫੇਰ ਮੈਂ।'' ਔਰਤ ਦੀ ਅਵਾਂ ਸੁਣ ਉਸਨੇ ਤ੍ਰਭਕ ਕੇ ਅੱਖਾਂ ਖੋਹਲੀਆਂ।

''ਜਾ ਆ ਜਿੰਦਰ ਕੁਰੇ। ਇਕ ਤਾਂ ਫਜਲੇ ਕੋਲੋਂ ਮੇਰੇ ਵਲੋਂ ਮਾਫੀ ਮੰਗੀਂ ਤੇ ਦੂਜਾ ਉਹਨੂੰ ਆਖੀਂ ਕਿ ਜਦੋਂ ਦੇ ਤੁਸੀਂ ਤੁਰ ਗਏ ਓ, ਉਦੋਂ ਤੋਂ ਸਹੁਰੀ ਦੇ ਜ਼ਖ਼ਮਾਂ 'ਤੇ ਅੰਗੂਰ ਆਉਣਾ ਈ ਭੁੱਲ ਗਿਆ।'' ਇਹ ਕਹਿੰਦਿਆਂ ਉਸਨੇ ਕਚੀਚੀ ਜਿਹੀ ਵੱਟ ਕੇ ਖੱਬੀ ਲੱਤ 'ਤੇ ਲਪੇਟੇ ਕੱਪੜੇ ਤੋਂ ਮੱਖੀਆਂ ਉਡਾਈਆਂ।

ਮੱਲ੍ਹਮ

ਨਾਰੂ ਨੰਗਲ ਵਲ ਜਾਂਦਿਆਂ ਸਾਇਕਲ ਪਿੱਛੇ ਬੈਠੀ ਜੋਗਿੰਦਰ ਕੌਰ ਹੌਲੀ-ਹੌਲੀ ਨਫ਼ੀਸਾਂ 'ਚ ਵਟਦੀ ਗਈ। ਉਸਨੇ ਪਿੰਡ ਬਾਰੇ ਪੁੱਛਿਆ। ਸਾਇਕਲ ਸਵਾਰ ਤੇ ਉਸਦੇ ਪਰਿਵਾਰ ਬਾਰੇ ਪੁੱਛਿਆ। ਉਹ ਅੱਬਾ ਦੇ ਰੋਹਬ, ਅੰਬਾਂ ਦੇ ਬਾਗਾਂ, ਸਹੇਲੀਆਂ ਤੇ ਮਾਣੀਆਂ ਬਾਦਸ਼ਾਹਤਾਂ ਦੀਆਂ ਗੱਲਾਂ ਕਰਦੀ ਰਹੀ।

''ਦੇਖ ਲਓ ਸਮਿਆਂ ਦੇ ਰੰਗ! ਕੀ-ਕੀ ਕੌਤਕ ਰਚਾਏ ਵਾਖਰੂ ਨੇ। ਅੱਬਾ ਨੇ ਹਵੇਲੀ ਤੋਂ ਪੈਰ ਨਾ ਬਾਹਰ ਪੌਣ ਦੇਣਾ। ਕਿਤੇ ਬੁਰਕਿਆਂ 'ਚ ਰਹਿਣਾ। ਕਿੱਦਾਂ ਰੁਲਣਾ ਪਿਆ!''

ਇਸ ਗੱਲ ਤੋਂ ਬਾਅਦ ਉਹ ਹੋਰ ਕੋਈ ਗੱਲ ਨਾ ਕਰ ਸਕੀ। ਬਚਦੀ ਵਾਟ ਸਿਸਕੀਆਂ ਭਰਦੀ ਰਹੀ ਤੇ ਅੱਥਰੂ ਪੂੰਝਦੀ ਰਹੀ। .ਫਜ਼ਲੇ ਕੋਲ਼ ਪਹੁੰਚ ਕੇ ਹਉਕਿਆਂ ਤੇ ਹਟਕੋਰਿਆਂ 'ਚ ਇਉਂ ਡੁੱਬੀ ਕਿ ਕੁਝ ਦੇਰ ਉਸ ਕੋਲੋਂ ਕੁਝ ਵੀ ਬੋਲਿਆ ਨਾ ਗਿਆ।

.ਫਜ਼ਲੇ ਨੇ ਉਸਦੇ ਸਿਰ 'ਤੇ ਹੱਥ ਰੱਖਿਆ ਤਾਂ ਉਸਦੀਆਂ ਧਾਹਾਂ ਨਿਕਲ ਗਈਆਂ।

''ਦੇਖ ਲੈ ਵੀਰਾ!'' ਇਹ ਕਹਿ ਕੇ ਉਹ ਫ਼ਜ਼ਲੇ ਦੇ ਮੋਢੇ ਨਾਲ਼ ਲੱਗ ਗਈ।

''ਜੋ ਅੱਲਾ ਨੂੰ ਮਨਜ਼ੂਰ ਸੀ ਉਹੀ ਹੋਇਆ। ਹੌਸਲਾ ਰੱਖ।'' ਫ਼ਜ਼ਲੇ ਨੇ ਦਿਲਾਸਾ ਦਿੰਦਿਆਂ ਬਾਂਹ ਦਾ ਸਹਾਰਾ ਦੇ ਕੇ ਉਸਨੂੰ ਮੰਜੇ 'ਤੇ ਬਿਠਾਅ ਦਿੱਤਾ।

''ਕਿਹੜਾ ਅੱਲਾ? ਮੈਥੋਂ ਤਾਂ ਅੱਲਾ ਵੀ ਖੋਹ ਲਿਆ ਵਕਤਾਂ ਨੇ।''

ਉਹ ਫਿਰ ਰੋਣ ਲੱਗ ਪਈ। ਸੱਤੇ ਦੀ ਪਤਨੀ ਨੇ ਉਸਨੂੰ ਪਾਣੀ ਦਾ ਗਿਲਾਸ ਫੜਾਇਆ ਤੇ ਕੋਲ਼ ਬੈਠ ਕੇ ਧਰਵਾਸ ਦੇਣ ਲੱਗੀ। ਥੋੜ੍ਹੀ ਦੇਰ ਬਾਅਦ ਉਹ ਸ਼ਾਂਤ ਹੋ ਗਈ ਤੇ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗ ਪਈ। ਉਸਨੇ ਫ਼ਜ਼ਲੇ ਦੀ ਮਾਂ ਅਤੇ ਭੈਣਾਂ ਬਾਰੇ ਪੁੱਛਿਆ। ਪਿੰਡ ਦੇ ਹੋਰਨਾਂ ਵਾਸੀਆਂ ਬਾਰੇ ਪੁੱਛਿਆ।

ਜਦੋਂ ਫ਼ਜ਼ਲੇ ਨੇ ਉਸਦੇ ਪਤੀ ਬਾਰੇ ਪੁੱਛਿਆ ਤਾਂ ਉਹ ਬੋਲੀ, ''ਫੇਰ ਵੀ ਚੰਗਾ ਨਿਕਲਿਆ, ਵੀਰਾ। ਥਾਂ-ਕੁਥਾਂ ਨਹੀਂ ਰੋਲਿਆ। ਪੂਰਾ ਮਾਣ-ਸਤਕਾਰ ਦਿੱਤਾ। ਹੁਣ ਤੇ ਮੰਜੇ 'ਤੇ ਪਿਆ। ਲੱਤ 'ਤੇ ਜੜ੍ਹਾਂ ਵਾਲ਼ਾ ਫੋੜਾ ਨਿਕਲਿਆ ਸੀ, ਵਿਗੜਦਾ ਹੀ ਗਿਆ। ਉਹਨੂੰ ਕੁਸ਼ ਨਾ ਹੋਵੇ, ਵੀਰਾ,'' ਔਰਤ ਦਾ ਗੱਚ ਭਰ ਆਇਆ, ''ਉਹਦੇ ਬਿਨਾ ਮੇਰਾ ਕੌਣ ਏ ਜੱਗ ਜਹਾਨ 'ਤੇ।''

ਫ਼ਜ਼ਲਾ ਉੱਠਿਆ ਤੇ ਕਮਰੇ ਅੰਦਰ ਚਲਾ ਗਿਆ। ਉਹ ਵਾਪਸ ਪਰਤਿਆ ਤਾਂ ਉਸਦੇ ਹੱਥ 'ਚ ਮੱਲ੍ਹਮ ਦੀ ਡੱਬੀ ਸੀ।

''ਲੈ ਨਫ਼ੀਸਾਂ, ਦੋ-ਚਾਰ ਵਾਰ ਲਾਈਂ। ਦੇਖੀਂ ਰਾਮ ਆਉਂਦਾ। ਕਹੇਂ ਤਾਂ ਮੈਂ ਕੱਲ੍ਹ ਗੇੜਾ ਮਾਰ ਕੇ ਆਪ ਦੇਖ ਲਵਾਂ?''

ਮੱਲ੍ਹਮ ਦੀ ਡੱਬੀ ਜੋਗਿੰਦਰ ਕੌਰ ਚੁੰਨੀ ਦੇ ਲੜ ਬੰਨ੍ਹਦਿਆਂ ਵਿਚਾਰਿਆਂ ਵਾਂਗ ਬੋਲੀ, ''ਗੁੱਸਾ ਨਾ ਕਰੀਂ ਵੀਰਾ, ਚਾਲ਼ੀ ਸਾਲ ਹੋ ਗਏ ਮੈਨੂੰ ਜੱਟੀਆਂ 'ਚ ਜੱਟੀ ਬਣਨ ਦੇ ਲਈ। ਤੂੰ ਆਇਆ ਤਾਂ ਲੋਕ ਫਿਰ ਕਬਰਾਂ ਪੁੱਟਣਗੇ, ਮੁਰਦੇ ਉਖਾੜਨਗੇ। ਮੁੜ ਮਿਹਣੇ ਸੁਣਨੇ ਪੈਣਗੇ ਦਰਾਣੀਆਂ-ਜਠਾਣੀਆਂ ਤੇ ਹੋਰ ਸ਼ਰੀਕਣਾਂ ਕੋਲੋਂ। ਦੇਖ ਲੈ ਵੀਰਾ ਨਿਕਰਮੀ ਭੈਣ ਦੀਆਂ ਮਜਬੂਰੀਆਂ।'' ਉਹ ਉਦਾਸ ਹੋ ਕੇ ਚੁੱਪ ਕਰ ਗਈ।

''ਮੈਂ ਸਭ ਸਮਝਦਾਂ। ਤੂੰ ਫਿਕਰ ਨਾ ਕਰ ਨਫੀਸਾਂ। ਅਮੋਲਕ

''ਯਾਦ ਰੱਖੀਂ ਜਵਾਨਾ, ਕਿਸੇ ਨੂੰ ਉਜਾੜ ਕੇ ਕੋਈ ਅਬਾਦ ਨਹੀਂ ਹੋ ਸਕਦਾ। ਦੇਖ ਲੈ ਘਰ ਦਾ ਨਾਲ਼ੇ ਸਾਡਾ ਹਾਲ। ਲੁੱਟੀਆਂ ਸ਼ੈਆਂ 'ਚੋਂ ਇਕ ਜਿੰਦਰ ਕੋਰ ਨੇ ਹੀ ਵਫ਼ਾ ਕੀਤੀ ਆ ਬੱਸ। ਚੰਗੇ-ਭਲੇ ਸਿਆੜ ਸੀ, ਐਵੇਂ ਭੋਖੜਾ ਪੈ ਗਿਆ। ਸੰਤਾਲੀ 'ਚ ਤਾਂ ਮੈਂ ਸਾਰਾ ਘਰ ਈ ਭਰ ਲਿਆ ਸੀ। ਚਲੋ ਲੁੱਟੀਆਂ ਚੀਜ਼ਾਂ ਨੇ ਤਾਂ ਜਾਣਾ ਈ ਸੀ, ਨਾਲ਼ ਹੋਰ ਬੜਾ ਕੁਝ ਚਲਾ ਗਿਆ। ਇਕ ਮੁੰਡਾ ਹੋਇਆ ਸੀ ਉਹ ਵੀ ਤੁਰਦਾ ਬਣਿਆ। ਬੱਚੇ ਦੀ ਅਵਾਂ ਸੁਣਨ ਲਈ ਸਾਰੀ ਉਮਰ ਕੰਨ ਤਰਸਦੇ ਰਹੇ।ਵਜਦੋਂ ਬੰਦਾ ਅੰਨ੍ਹਾ ਜਿਹਾ ਹੋਇਆ ਹੁੰਦਾ ਏ ਨਾ ਪੁੱਤਰਾ, ਅਕਾਲ ਪੁਰਖ ਉਸਨੂੰ ਦੇਖ ਰਿਹਾ ਹੁੰਦਾ। .. ਸਮਝ ਨਹੀਂ ਆਉਂਦੀ ਕਿ ਚਲੋ ਮੈਂ ਤਾਂ ਸੌ ਪਾਪ ਕੀਤੇ ਹੋਣਗੇ, ਪਰ ਏਸ ਵਿਚਾਰੀ ਦਾ ਕੀ ਦੋਸ਼ ਸੀ!''

ਪਹੁੰਚਾਅ ਦਊ ਹੋਰ ਮੱਲ੍ਹਮ। ਕੁਸ਼ ਨਹੀਂ ਹੁੰਦਾ ਤੇਰੇ ਸਰਦਾਰ ਨੂੰ।'' ਫ਼ਜ਼ਲੇ ਨੇ ਹੌਸਲਾ ਦਿੰਦਿਆਂ ਕਿਹਾ। ਨਫ਼ੀਸਾਂ ਨੇ ਫ਼ਜ਼ਲੇ ਨੂੰ ਉਸਦੀ ਪਤਨੀ ਤੇ ਬੱਚਿਆਂ ਦਾ ਹਾਲਚਾਲ ਅਤੇ ਉਹਨਾਂ ਦੇ ਨਾਵਾਂ ਬਾਰੇ ਪੁੱਛਿਆ।

''ਮੁੰਡਿਆਂ ਦੇ ਦਿਲਸ਼ਾਦ ਤੇ ਬਸ਼ੀਰ, ਤੇ ਧੀ ਦਾਵ।'' ਉਹ ਇਕ ਪਲ ਲਈ ਰੁਕਿਆ।

''ਤੇਰੇ ਵਾਲ਼ਾ ਈ ਆ ਨਫੀਸਾਂ।'' ਤੇ ਫ਼ਜ਼ਲੇ ਨੇ ਸਿਰ ਝੁਕਾਅ ਲਿਆ। ਨਫੀਸਾਂ ਉਸਨੂੰ ਧੀ ਦੇ ਨਾਂ ਦਾ ਸਬੱਬ ਤਾਂ ਪੁੱਛਣਾ ਚਾਹੁੰਦੀ ਸੀ, ਪਰ ਉਸਨੂੰ ਅਜਿਹਾ ਕੋਈ ਵੀ ਸਵਾਲ ਸਮੇਂ ਦੇ ਹਾਣ ਦਾ ਨਾ ਲੱਗਿਆ।

''ਕ੍ਰਾਨੂੰ ਰੱਖਣਾ ਸੀ ਵੀਰਾ ਏਡਾ ਮਨਹੂਸ ਨਾਂ?'' ਉਸਦੀ ਏਸ ਗੱਲ 'ਤੇ ਫ਼ਜ਼ਲੇ ਦੀਆਂ ਅੱਖਾਂ ਭਰ ਆਈਆਂ ਤੇ ਉਹ ਕੁਝ ਵੀ ਬੋਲ ਨਾ ਸਕਿਆ।

ਜਦੋਂ ਧਰੇਕ ਦਾ ਪਰਛਾਵਾਂ ਦੂਰੋਂ ਲੰਘਦੀ ਗਲੀ ਤੱਕ ਪਹੁੰਚ ਗਿਆ ਤਾਂ ਨਫ਼ੀਸਾਂ ਅੰਦਰਲੀ ਜੋਗਿੰਦਰ ਕੌਰ ਨੂੰ ਪਤੀ ਯਾਦ ਆਇਆ ਤੇ ਯਾਦ ਆਏ ਘਰ ਦੇ ਨਿੱਕੇ-ਮੋਟੇ ਕੰਮ। ਉਹ ਉਠ ਖੜ੍ਹੀ ਹੋਈ। ਫ਼ਜ਼ਲੇ ਨੇ ਉਸਦੇ ਸਿਰ 'ਤੇ ਪਿਆਰ ਦਿੰਦਿਆਂ ਗਿਆਰਾਂ ਰੁਪਏ ਦਿੱਤੇ।

''ਵੀਰਾ ਕਿਸੇ ਨੂੰ ਵੀ ਨਾ ਦੱਸੀਂ ਕਿ ਮੈਂ ਜੀਂਦੀ ਆਂ। ਐਂ ਕਬਰੀਂ ਪਏ ਅੱਬਾ ਦੀ ਹੱਤਕ ਹਊ।'' ਉਹ ਹੰਝੂ ਵਹਾਉਂਦੀ ਅਮੋਲਕ ਦੇ ਸਾਇਕਲ ਪਿੱਛੇ ਬੈਠ ਗਈ। ਉਸਦੇ ਮਨ 'ਚ ਇਕ ਕਾਹਲ਼ ਜਿਹੀ ਸੀ। ਉਸਨੂੰ ਚੁੰਨੀ ਲੜ ਬੱਧੀ ਮੱਲ੍ਹਮ 'ਤੇ ਪੂਰਾ ਮਾਣ ਸੀ। ਕਦੇ ਉਸਨੇ ਇਸ ਮੱਲ੍ਹਮ ਦੇ ਨਾਲ਼ ਅੱਬਾ ਦੇ ਜ਼ਖਮ ਨੂੰ ਕਰਾਮਾਤੀ ਢੰਗ ਨਾਲ਼ ਭਰਦੇ ਵੇਖਿਆ ਸੀ।

ਉਹ ਚਾਅ ਜਿਹੇ 'ਚ ਸੋਚਣ ਲੱਗੀ ਕਿ ਸਰਦਾਰ ਕੁਝ ਦਿਨਾਂ

'ਚ ਤੁਰਨ-ਫਿਰਨ ਲੱਗ ਪਏਗਾ। ਸੁਬਹ-ਸ਼ਾਮ ਮੇਰੇ ਨਾਲ਼ ਗੁਰੁ-ਘਰ ਜਾਇਆ ਕਰੇਗਾ ਤੇ ਕੁਝ ਦਿਨ ਹੋਰ ਪਾ ਕੇ ਉਹ ਖੇਤੀ ਦਾ ਕੰਮ ਮੁੜ ਸੰਭਾਲ ਲਏਗਾ।

ਅਮੋਲਕ ਨੇ ਉਸਨੂੰ ਉਸਦੇ ਘਰ ਅੱਗੇ ਉਤਾਰਿਆ ਤਾਂ ਗੁਆਂਢਣ ਔਰਤ ਨੇ ਪੁੱਛਿਆ,''ਅੱਜ ਕਿੱਧਰੋਂ ਆਈ ਆਂ ਨੀ, ਜਿੰਦਰੋ?''

''ਕੁਹਾਰਪੁਰ ਗਈ ਸੀ ਸ਼ਹੀਦਾਂ ਦੇ ਗੁਰਦੁਆਰੇ ਮੱਥਾ ਟੇਕਣ।'' ਨਫ਼ੀਸਾਂ ਦੇ ਅੰਦਰੋਂ ਜੋਗਿੰਦਰ ਕੌਰ ਨੇ ਜਵਾਬ ਦਿੱਤਾ ਤੇ ਅੰਦਰ ਲੰਘ ਗਈ।

ਉਸ ਸ਼ਾਮ, ਫ਼ਜ਼ਲਾ, ਖ਼ੁਸ਼ ਸੀ ਕਿ ਦੁਖੀ, ਇਸ ਗੱਲ ਦਾ ਫੈਸਲਾ ਸ਼ਾਇਦ ਉਹ ਆਪ ਵੀ ਨਹੀਂ ਸੀ ਕਰ ਸਕਦਾ, ਪਰ ਵਰ੍ਹਿਆਂ ਤੋਂ ਸਿਰ 'ਤੇ ਚੁੱਕੇ ਪ੍ਰਸ਼ਨ ਹੋਰ ਬੋਝਲ ਹੋ ਗਏ ਸਨ। ਇਹਨਾਂ ਦੇ ਉੱਤਰ ਜਾਣਨ ਦੇ ਲਈ ਹੀ ਉਹ ਪਿੰਡ ਪਰਤਿਆ ਸੀ।

''ਸੱਤਿਆ, ਉਹ ਕੌਣ ਸਨ, ਜਿਨ੍ਹਾਂ ਨੇ ਸੰਤਾ ਸਿੰਘ, ਭਾਗ ਮੱਲ ਤੇ ਮੇਰੇ ਜਿਹੇ ਲੱਖਾਂ ਨੂੰ ਉਹਨਾਂ ਦੀਆਂ ਜੰਮਣ-ਭੋਆਂ ਤੋਂ ਵਿਛੋੜ ਦਿੱਤਾ ਸੀ?''

''ਅੰਗਰੇਂ, ਹੋਰ ਕੌਣ!'' ਸੱਤੇ ਨੇ ਝੱਟ-ਪਟ ਉੱਤਰ ਦਿੱਤਾ।

''ਨਹੀਂ ਸੱਤਿਆ, ਨਹੀਂ। ਜਦੋਂ ਲਾਣੇਦਾਰ ਅਕਲਮੰਦ ਤੇ ਜ਼ੋਰਾਵਰ ਹੋਏ, ਤੇ ਘਰ ਦੇ ਜੀਆਂ ਦੇ ਮਨ ਸਾਫ਼ ਹੋਣ ਤਾਂ ਕਿਸੇ ਬਾਹਰਲੇ ਦੀ ਕੀ ਹਿੰਮਤ ਕਿ ਵਿਹੜੇ 'ਚ ਕੰਧ ਖੜ੍ਹੀ ਕਰ ਦੇਵੇ।'' ਸੱਤਾ ਨਿਰ-ਉੱਤਰ ਹੋ ਗਿਆ। ''ਸੱਤਿਆ, ਉਹ ਕਿਹੜੀ ਹਵਾ ਸੀ ਜ਼ਿਨੇ ਮਨੁੱਖਾਂ ਨੂੰ ਹੈਵਾਨ ਤੋਂ ਵੀ ਬਦਤਰ ਬਣਾਅ ਦਿੱਤਾ ਸੀ?''

ਸੱਤਾ ਤਾਂ ਚੁੱਪ ਹੀ ਰਿਹਾ, ਪਰ ਕਮਰੇ 'ਚੋਂ ਨਿਕਲ ਕੇ, ਫ਼ਜ਼ਲੇ ਦੀ ਪੁਆਂਦੀ ਬੈਠਦਿਆਂ ਅਮੋਲਕ ਬੋਲਿਆ,''ਇਸ ਦੇ ਕਿਤੇ ਇੱਕਾ-ਦੁੱਕਾ ਕਾਰਨ ਥੋੜ੍ਹੇ ਸੀ, ਚਾਚਾ।''

ਬਜ਼ੁਰਗ ਨੌਜਵਾਨ ਦੀ ਗੱਲ ਧਿਆਨ ਨਾਲ਼ ਸੁਣਨ ਲੱਗੇ।

''ਵੱਧ ਖਾਣ ਪੀਣ ਤੇ ਹੰਢਾਣ ਦਾ ਲੋਭ ਆ, ਚਾਚਾ, ਜਿਹੜਾ ਬੰਦੇ ਨੂੰ ਵਹਿਸ਼ੀ ਜਿਹਾ ਬਣਾਅ ਦਿੰਦਾ।ਵ''

ਅਮੋਲਕ ਪਲ ਕੁ ਲਈ ਚੁੱਪ ਕਰ ਗਿਆ।

''ਵਆਮ ਹਾਲਾਤ 'ਚ ਬੰਦਾ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ 'ਚ ਇਕ ਬੈਲੇਂਸ ਰੱਖੀ ਤੁਰਦਾ। ਪਰ ਲੀਡਰਾਂ ਦੇ ਨਿੱਜੀ ਮੁਫ਼ਾਦਾਂ ਤੇ ਧਾਰਮਕ ਆਗੂਆਂ ਦੇ ਕੱਟੜਵਾਦੀ ਰੋਲ ਕਾਰਨ ਬੰਦਾ ਪਹਿਲਾਂ ਤਾਂ ਭੰਬਲਭੂਸੇ 'ਚ ਪੈਂਦਾ ਫਿਰ ਅਣ-ਮਨੁੱਖੀ ਕੰਮਾਂ 'ਚ ਪੈ ਜਾਂਦਾ।ਇਮਤਿਹਾਨ ਦੀ ਘੜੀ 'ਚ ਸਾਰੇ ਵਿਚਾਰ ਲੋਕਾਂ ਦੀਆਂ ਜ਼ਿੰਦਗੀਆਂ 'ਚੋਂ ਨਿਕਲ ਕੇ ਚੁੱਪ-ਚਾਪ ਧਾਰਮਕ ਗ੍ਰੰਥਾਂ ਵਲ ਪਰਤ ਜਾਂਦੇ ਆ। ਬੱਸ ਬੰਦਾ ਪਸ਼ੂਆਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ।''

''ਇਸ ਸਭ ਕੁਸ਼ ਦਾ ਇਲਾਜ?'' ਫ਼ਜ਼ਲਾ ਸੱਚ-ਮੁੱਚ ਹੀ ਅਮੋਲਕ ਨੂੰ ਸਿਆਣਾ ਸਮਝਣ ਲੱਗ ਪਿਆ ਸੀ।

''ਧਰਮ ਦੀ ਸਹੀ ਵਿਆਖਿਆ, ਪੜ੍ਹੇ-ਲਿਖੇ ਲੋਕਾਂ ਦਾ ਸਹੀ ਰੋਲ। ਦੂਸਰਿਆਂ ਦੇ ਵਿਚਾਰਾਂ ਤੇ ਵਿਸ਼ਵਾਸਾਂ ਨੂੰ ਮਾਨਤਾ ਦਿੱਤੀ ਜਾਏ। ਇਹ ਸਮਝਿਆ ਜਾਏ ਕਿ ਦੂਸਰਿਆਂ ਨੂੰ ਵੀ ਅੱਗ ਤੋਂ ਸੇਕ ਆਉਂਦਾ, ਉਹਨਾਂ ਨੂੰ ਵੀ ਆਪਣਿਆਂ ਦੀ ਮੌਤ ਦਾ ਦੁੱਖ ਹੁੰਦਾ। ਬਸ ਆਪਣੇ ਜਿਹਾ ਮੰਨਿਆ ਜਾਏ ਸਾਰਿਆਂ ਨੂੰ।'' ਸੱਤਾ ਵੀ ਆਪਣੇ ਪੁੱਤਰ ਦੀ ਸੋਚ 'ਤੇ ਹੈਰਾਨ ਹੋਈ ਜਾ ਰਿਹਾ ਸੀ।

''ਸ਼ਾਵਾ ਪੁੱਤਰਾ! ਬੋਲ।'' ਫ਼ਜ਼ਲੇ ਦੀ ਗੱਲ ਸੁਣ ਕੇ ਅਮੋਲਕ ਫਿਰ ਬੋਲਿਆ, ''ਬੱਸ ਬੰਦਾ ਸਵਾਲ ਕਰ ਸਕੇ। ਐਨਾ ਤਾਂ ਪੁੱਛ ਸਕੇ ਕਿ ਮੈਂ ਕਿਸੇ ਨੂੰ ਕਿਉਂ ਮਾਰਾਂ। ਚਾਚਾ ਇਹਨਾਂ ਸਵਾਲਾਂ ਨੇ ਸਭ ਦੰਗਿਆਂ ਦੀਆਂ ਜੜ੍ਹਾਂ ਖੋਖਲੀਆਂ ਕਰ ਦੇਣੀਆਂ ਨੇ।'' ਇਹ ਕਹਿ ਕੇ ਅਮੋਲਕ ਚੁੱਪ ਕਰ ਗਿਆ।

ਫ਼ਜ਼ਲੇ ਨੇ ਸੋਚਿਆ, 'ਕਾਸ਼ ਕੋਈ ਧਾੜਵੀਆਂ ਨੂੰ ਪੁੱਛ ਸਕਦਾ ਕਿ ਮੇਰਾ ਅੱਬਾ ਔਰੰਗਜ਼ੇਬ ਨੂੰ ਸਲਾਹਾਂ ਦਿੰਦਾ ਰਿਹਾ ਸੀ? ਅਸਲਮ ਮੋਚੀ ਜਹਾਂਗੀਰ ਦਾ ਵਜ਼ੀਰ ਸੀ ਜਾਂ ਮਿਹਰਦੀਨ ਲੰਬੜ ਜ਼ਕਰੀਆ ਖ਼ਾਨ ਨਾਲ਼ ਪੜ੍ਹਦਾ ਰਿਹਾ ਸੀ?'

''ਉਹ ਤਾਂ ਠੀਕ ਆ ਪੁੱਤਰਾ, ਪਰ ਅੱਗ ਵਰ੍ਹੀ ਤੇ ਕੌਣ ਪ੍ਰਸ਼ਨ ਕਰਦਾ ਤੇ ਕਿਹੜਾ ਉੱਤਰ ਦਿੰਦਾ?'' ਫ਼ਜ਼ਲਾ ਹੌਲ਼ੀ ਜਿਹੀ ਬੋਲਿਆ।

''ਚਾਚਾ, ਇਹ 'ਕਿਉਂ' ਬੱਚਿਆਂ 'ਚ ਪੈਦਾ ਕੀਤੀ ਜਾਏ। ਇਹ ਮਾਪਿਆਂ ਤੇ ਅਧਿਆਪਕਾਂ ਦਾ .ਫਰਜ਼ ਬਣਦਾ ਕਿ ਬੱਚਿਆਂ 'ਚ ਇਕ ਲੌਜਿਕ ਡਿਵੈਲਪ ਕਰਨ। ਉਹਨਾਂ ਨੂੰ ਅੰਨ੍ਹੀ ਭੀੜ ਦਾ ਹਿੱਸਾ ਨਹੀਂ ਸਗੋਂ ਇਕ ਚੇਤੰਨ ਵਿਅਕਤੀਗਤ ਹੋਂਦ ਬਣਾਇਆ ਜਾਏ। ਜੇ ਆਪਾਂ ਇਹ ਨਾ ਕਰ ਸਕੇ ਤਾਂ ਸੰਤਾਲ਼ੀ ਤੇ ਚੁਰਾਸੀ ਜਿਹੀਆਂ ਮਨਹੂਸ ਘਟਨਾਵਾਂ ਘਟਦੀਆਂ ਰਹਿਣਗੀਆਂ। ਬੱਚਿਆਂ ਨੂੰ ਸੰਭਾਲ਼ ਕੇ ਅਸੀਂ ਦੇਸ਼ ਤੇ ਦੁਨੀਆਂ ਨੂੰ ਸੰਭਾਲ਼ ਸਕਦੇ ਹਾਂ।''

ਅਮੋਲਕ ਦੀ ਇਸ ਗੱਲ ਨੇ ਫ਼ਜ਼ਲੇ ਦੇ ਸਿਰ 'ਤੇ ਚਿਰਾਂ ਤੋਂ ਬੋਝ ਬਣੇ ਪ੍ਰਸ਼ਨ ਇਕ ਸੁਖਾਵੀਂ ਜਿਹੀ ਆਸ 'ਚ ਬਦਲ ਦਿੱਤੇ। ਉਸਨੇ ਆਉਣ ਵਾਲੀਆਂ ਨਸਲਾਂ 'ਤੇ ਇਕ ਮਾਣ ਜਿਹਾ ਮਹਿਸੂਸ ਕੀਤਾ।

ਅਗਲੀ ਸਵੇਰ ਫ਼ਜ਼ਲਾ ਇਕ ਵਾਰ ਫਿਰ ਮੀਏਂ ਦੀ ਹਵੇਲੀ ਗਿਆ। ਉਸ ਦੇ ਪੈਰ ਉਸ ਥਾਂ ਰੁਕ ਗਏ, ਜਿੱਥੇ ਖੜ੍ਹੇ ਨੂੰ ਨਫ਼ੀਸਾਂ ਨੇ ਕਦੇ ਪਿਆਰ ਭਰੀ ਨਜ਼ਰ ਨਾਲ਼ ਤੱਕਿਆ ਸੀ।

''ਬਾਪੂ ਜੀ ਬਾਹਰ ਆਇਓ, ਬਾਬਾ ਜੀ ਆਏ ਜੇ, ਪਾਕਿਸਤਾਨ ਵਾਲ਼ੇ।'' ਉਸਨੇ ਨਜ਼ਰ ਉਠਾਈ ਤਾਂ ਖਿੜਕੀ 'ਚ ਸੰਤਾ ਸਿੰਘ ਦੀ ਪੋਤਰੀ ਖੜ੍ਹੀ ਸੀ। ਉਹ ਖਿੜਖਿੜਾ ਕੇ ਹੱਸ ਪਿਆ। ਪਤਾ ਨਹੀਂ ਕੁੜੀ ਦੀ ਗੱਲ ਤੋਂ ਜਾਂ ਵਕਤ ਦੇ ਵਹਿਣ ਤੋਂ।

ਉਹ ਤੇ ਸੰਤਾ ਸਿੰਘ ਦੁਪਹਿਰ ਤੱਕ ਲੀਕੋਂ ਆਰ-ਪਾਰ ਦੀਆਂ ਗੱਲਾਂ ਕਰਦੇ ਰਹੇ। ਫਿਰ ਉਹ 'ਆਪਣੇ' ਘਰ ਚਲਾ ਗਿਆ, ਤੇ ਦੁਪਹਿਰ ਤੱਕ ਓਥੇ ਹੀ ਰੁਕਿਆ ਰਿਹਾ। ਭਾਗ ਮੱਲ ਝਾਂਗੀ ਆਪਣੇ ਵਿਛੜੇ ਵਤਨ ਨੂੰ ਯਾਦ ਕਰਕੇ ਰੋਂਦਾ ਰਿਹਾ।

ਸੱਤੇ ਦੇ ਘਰ ਵਲ ਮੁੜਦਿਆਂ ਉਸਨੂੰ ਬੂਟਾ ਸਿੰਘ ਕਲੇਰ ਮਿਲ ਗਿਆ।

''ਵੇਖ ਲਓ ਨਸੀਬਾਂ ਦੇ ਖੇਡ। ਕੇਡੀ ਸ੍ਹੋਣੀ ਤੇ ਪੁੱਜ ਕੇ ਤੱਕੜੀ ਭੋਇੰਂ ਨਾਲੋਂ ਵਿਛੋੜ ਕੇ ਏਸ ਬੰਜਰ ਜਿਹੀ ਜ਼ਮੀਨ 'ਚ ਸੁੱਟ ਦਿੱਤਾ ਜੇ।'' ਫ਼ਜ਼ਲੇ ਕੋਲੋਂ ਕੁਝ ਵੀ ਨਾ ਬੋਲਿਆ ਗਿਆ।

'ਕਿਤੇ ਕੋਈ ਸਾਡੇ ਦਿਲ ਨੂੰ ਪੁੱਛ ਕੇ ਦੇਖੇ ਏਸ ਬੰਜਰ ਜ਼ਮੀਨ ਦੀ ਅਹਿਮੀਅਤ।' ਕੁਝ ਇਸ ਤਰ੍ਹਾਂ ਦਾ ਸੋਚਦਾ ਉਹ ਸੱਤੇ ਦੇ ਘਰ ਵੱਲ ਤੁਰ ਪਿਆ।

ਸੱਤੇ ਕੋਲ਼ ਹੰਸਾ ਬਾਮ੍ਹਣ ਬੈਠਾ ਗੱਲੀਂ ਰੁੱਝਿਆ ਪਿਆ ਸੀ।

ਮੱਲ੍ਹਮ

ਵਿਗੜਦੇ ਹਾਲਾਤ ਕਾਰਨ ਉਸਨੇ ਪਿੰਡ ਛੱਡ ਕੇ ਸ਼ਹਿਰ ਰਹਿਣਾ ਸ਼ੁਰੂ ਕਰ ਦਿੱਤਾ ਸੀ। ਉਹ ਦਸੀਂ-ਪੰਦਰੀਂ ਦਿਨੀਂ ਪਿੰਡ ਗੇੜਾ ਮਾਰਦਾ। ਅੱਜ ਦੁਪਹਿਰ ਤੋਂ ਉਹ ਸੱਤੇ ਦੇ ਘਰ ਬੈਠਾ ਫ਼ਜ਼ਲੇ ਦੀ ਉਡੀਕ ਕਰ ਰਿਹਾ ਸੀ।

'ਹਿੰਦੋਸਤਾਨ ਹਿੰਦੂ ਸਟੇਟ, ਪਾਕਿਸਤਾਨ ਮੁਸਲਿਮ ਸਟੇਟ'- ਵੰਡ ਦੇ ਇਸ ਆਧਾਰ 'ਤੇ ਅਮਲ ਕਰਦਿਆਂ ਉਸਨੇ ਜੱਟਾਂ ਮੂਹਰੇ ਲੱਗ ਕੇ ਹਜ਼ਾਰਾਂ ਮੁਸਲਮਾਨ ਦੁੜਾਏ ਤੇ ਕਈ ਕਤਲ ਕੀਤੇ ਸਨ। ਫ਼ਜ਼ਲੇ ਨਾਲੋਂ ਇਹ ਪੰਜ-ਸੱਤ ਸਾਲ ਵੱਡਾ ਸੀ। ਫ਼ਜ਼ਲਾ ਉਸਨੂੰ ਪਛਾਣ ਨਾ ਸਕਿਆ। ਸੱਤੇ ਨੇ ਤੁਆਰਫ਼ ਕਰਵਾਇਆ ਤਾਂ ਫ਼ਜ਼ਲੇ ਨੇ ਉਸਨੂੰ ਬਾਹਵਾਂ 'ਚ ਲੈ ਲਿਆ। ਪਰ ਹੰਸੇ ਦੀਆਂ ਬਾਹਵਾਂ ਆਕੜੀਆਂ ਹੀ ਰਹੀਆਂ। ਉਸਦਾ ਚਿਹਰਾ ਉਵੇਂ ਹੀ ਖ਼ੁਸ਼ਕ ਤੇ ਅੱਖਾਂ ਬੇਜਾਨ ਤੇ ਅੱਪਣਤ ਵਿਹੂਣੀਆਂ ਰਹੀਆਂ।

''ਕੀ ਹਾਲ ਆ ਤੁਹਾਡੇ ਪਾਕਿਸਤਾਨ ਦਾ?'' ਫ਼ਜ਼ਲੇ ਨੂੰ ਹੰਸੇ ਦੀ ਗੱਲ 'ਚ ਇਕ ਰੁੱਖਾਪਣ ਮਹਿਸੂਸ ਹੋਇਆ।

''ਏਦਾਂ ਦਾ ਈ ਆ ਭਰਾਵਾ। ਸਭ ਪਾਸੇ 'ਰਹਿਬਰ' ਭੋਲ਼ੀ-ਭਾਲ਼ੀ ਜਨਤਾ ਨੂੰ ਲੁੱਟੀ ਜਾਂਦੇ ਆ। ਤੁਹਾਡੇ ਦੁੱਖਾਂ ਦੀ ਸਾਨੂੰ ਸਾਰ ਆ ਤੇ ਸਾਡੇ ਦੁੱਖ ਤੁਹਾਡੇ ਕੋਲੋਂ ਲੁਕੇ ਨਈਂ। ਹਮਸਾਇਆਂ ਨੂੰ ਹਊਆ ਬਣਾਅ ਕੇ ਸਾਡੇ ਲੀਡਰ ਕੁਰਸੀਆਂ 'ਤੇ ਕਾਇਮ ਹੋਈ ਬੈਠੇ ਆ।'' ਹੰਸਾ ਅਣਮੰਨੇ ਜਿਹੇ ਮਨ ਨਾਲ ਫ਼ਜ਼ਲੇ ਦੀ ਗੱਲ ਸੁਣਦਾ ਸਿਰ ਮਾਰੀ ਗਿਆ।

''ਫ਼ਜ਼ਲਦੀਨ, ਮਨ ਨੂੰ ਚੈਨ ਨਈਂ ਮਿਲਦੀ: ਪਿੰਡ ਛੁੱਟ ਗਿਆ, ਭਾਈਚਾਰਾ ਛੁੱਟ ਗਿਆ। ਬੜਾ ਸੁਹਣਾ ਘਰ-ਬਾਰ ਛੱਡ ਕੇ ਕਿਰਾਏ 'ਤੇ ਰੈਣਾ ਪੈ ਗਿਆ। ਹੁਣ ਤਾਂ ਢਿੱਡ ਭਰਨਾ ਵੀ ਇਕ ਮਸਲਾ ਬਣਿਆ ਪਿਆ। ਸੋਨੇ ਅਰਗੇ ਪੋਤੇ ਪੜ੍ਹਾਈਆਂ ਛੁਡਾਅ ਕੇ ਲਾਲ਼ਿਆਂ ਦੀਆਂ ਦੁਕਾਨਾਂ 'ਤੇ ਕਰਿਆਨਾ ਫੜਾਉਣ ਲਾ ਦਿੱਤੇ ਆ।'' ਹੰਸੇ ਦੀ ਆਵਾਂ ਵਿਚਲਾ ਰੁੱਖਾਪਣ ਡੂੰਘੀ ਉਦਾਸੀ ਤੇ ਚਿੰਤਾ 'ਚ ਡੁੱਬਦਾ ਗਿਆ। ਕੁਝ ਦੇਰ ਲਈ ਇਕ ਚੁੱਪ ਪਸਰੀ ਰਹੀ।

''ਵੇਲੇ ਵੇਲੇ ਦੀਆਂ ਗੱਲਾਂ ਨੇ ਪੰਡਤ ਜੀ। ਕੀ ਪਤਾ ਸੀ ਆਹ ਵੇਲੇ ਵੀ ਆਉਣਗੇ?'' ਸੱਤੇ ਨੇ ਅਫ਼ਸੋਸ ਜਿਹੇ 'ਚ ਕਿਹਾ।

''ਉਦੋਂ ਤਾਂ ਅਸੀਂ ਵੀ ਇਹੋ ਸੋਚਦੇ ਸੀ ਕਿ 'ਇਹਨਾਂ' ਨੂੰ ਭੇਜ ਕੇ ਹੀ ਸਾਡੇ ਦੇਸ਼ ਦੀ ਤਰੱਕੀ ਹੋਣੀ ਆ। ਅਣਦੇਖਿਆਂ ਦੀਆਂ ਪੁੱਠੀਆਂ ਫ਼ਲਾਸਫ਼ੀਆਂ ਪਿੱਛੇ ਲੱਗ ਕੇ ਅਸੀਂ ਸਦੀਆਂ ਦੀਆਂ ਸਾਂਝਾਂ ਈ ਕਤਲ ਕਰ ਦਿੱਤੀਆਂ।

"ਹੁਣ ਸਿਰ 'ਤੇ ਪਈਆਂ ਤਾਂ ਪਤਾ ਲੱਗਾ ਕਿ ਆਪਣੇ ਆਲ੍ਹਣਿਆਂ ਦਾ ਆਪਣਾ ਈ ਨਿੱਘ ਹੁੰਦਾ। ਆਲ੍ਹਣਿਆਂ ਤੋਂ ਵਿਛੜੇ ਪਰਿੰਦਿਆਂ ਦੀ ਪੀੜ ਵੀ ਹੁਣੇ ਸਮਝ ਆਈ ਆ।''

ਫ਼ਜ਼ਲਾ ਉਸਦੀਆਂ ਗੱਲਾਂ ਚੁੱਪਚਾਪ ਸੁਣਦਾ ਰਿਹਾ।

''ਪੰਡਤ ਜੀ ਆਹ ਤਾਂ ਚਾਰ ਦਿਨਾਂ ਦੀ 'ਨੇਰੀ ਆ। ਆਪੇ ਠੀਕ ਹੋ ਜਾਣਾ ਸਭ ਕੁਝ। ਵਰ੍ਹੋਲ਼ੇ ਕੇੜ੍ਹੇ ਸਦਾ ਇੱਕ ਜਗ੍ਹਾ ਟਿਕੇ ਰਹਿੰਦੇ ਆ!'' ਸੱਤੇ ਨੇ ਹੰਸੇ ਨੂੰ ਧੀਰਜ ਬੰਨ੍ਹਾਉਂਦਿਆਂ ਕਿਹਾ।

'ਅਸੀਂ ਵੀ ਪਿੰਡ ਛੱਡਦਿਆਂ ਇਹੋ ਸੋਚਿਆ ਸੀ। ਅੱਲਾ ਕਰੇ, ਇਹ 'ਨ੍ਹੇਰੀ ਚਾਰ ਦਿਨਾਂ ਦੀ ਹੀ ਹੋਵੇ।' .ਫਜ਼ਲੇ ਨੇ ਸੋਚਿਆ ਸੀ। ਉਸਦੇ ਹੱਥ ਆਪ-ਮੁਹਾਰੇ ਦੁਆ 'ਚ ਜੁੜ ਗਏ।

''ਰੱਬ ਕਰੇ ਤੁਸੀਂ ਆਪਣੇ ਘਰਾਂ ਨੂੰ ਛੇਤੀ ਤੋਂ ਛੇਤੀ ਪਰਤੋ। ਤੁਹਾਨੂੰ ਆਪਣੇ ਘਰਾਂ 'ਚ ਰਹਿਣਾ ਨਸੀਬ ਹੋਵੇ। ਅੱਲਾ ਕਰੇ ਇਹ ਵਰ੍ਹੋਲੇ ਦੁਨੀਆਂ 'ਚ ਕਿਤੇ ਵੀ ਨਾ ਪੈਦਾ ਹੋਣ।''

ਉਸਦੀ ਦੁਆ ਸੁਣ ਕੇ ਹੰਸਾ ਧੁਰ ਅੰਦਰ ਤੱਕ ਹਲ੍ਹਣਿਆ ਗਿਆ। ਹੰਸੇ ਨੇ ਫ਼ਜ਼ਲੇ ਨੂੰ ਹੈਰਾਨੀ ਨਾਲ ਵੇਖਿਆ ਤੇ ਹੌਲ਼ੀ ਜਿਹੀ ਬੋਲਿਆ, ''ਵਾਹ ਉਏ ਖ਼ੁਦਾ ਦਿਆ ਬੰਦਿਆ! ਕੇੜ੍ਹੀ ਮਿੱਟੀ ਦਾ ਬਣਿਆ ਏ ਤੂੰ ਫ਼ਜ਼ਲਿਆ? ਅਸੀਂ ਤਾਂ ਅੱਜ ਤੱਕ ਧਰਮਾਂ-ਕਰਮਾਂ ਦੇ ਗੇੜਾਂ 'ਚ ਈ ਫਸੇ ਰਹੇ। ਤੂੰ ਤਾਂ ਸਾਨੂੰ ਜੰਮਣ ਤੋਂ ਵੀ ਛੋਟਾ ਕਰ ਚੱਲਿਆਂ।''

ਉਹ ਕੁਝ ਦੇਰ ਨੀਵੀਂ ਪਾਈ ਜ਼ਮੀਨ ਵੱਲ ਵੇਖਦਾ ਰਿਹਾ। ਤੇ ਫਿਰ ਉਹ ਡੁੱਬਦੇ ਸੂਰਜ ਵਲ ਵੇਖਦਿਆਂ ਮੰਜੇ ਤੋਂ ਉੱਠ ਖੜ੍ਹਾ ਹੋਇਆ।

''ਪੰਡਤ ਜੀ ਅੱਜ ਰਹੋ ਸਾਡੇ ਕੋਲ਼।'' ਸੱਤੇ ਨੇ ਆਖਿਆ ਤਾਂ ਉਸਦੀਆਂ ਅੱਖਾਂ ਭਰ ਆਈਆਂ ਸਨ।

''ਰਹਾਂਗੇ ਜੇ ਫ਼ਜ਼ਲੇ ਦੀ ਦੁਆ ਕਬੂਲ ਹੋ ਗਈ ਤਾਂ।'' ਇਹ ਆਖ ਉਸਨੇ ਅਚਾਨਕ .ਫਜ਼ਲੇ ਅੱਗੇ ਬਾਹਵਾਂ ਖੋਹਲ ਦਿੱਤੀਆਂ।

''ਆ ਉਏ ਫ਼ਜ਼ਲਿਆ! ਅਸੀਂ ਤਾਂ ਇੱਕੋ ਅੱਗ ਦੇ ਸਾੜੇ ਹੋਏ ਆਂ।'' ਉਸਨੇ .ਫਜ਼ਲੇ ਨੂੰ ਬੁੱਢੀਆਂ ਬਾਹਵਾਂ 'ਚ ਘੁੱਟ ਲਿਆ।

''ਘਰਾਂ ਨੂੰ ਛੱਡਣਾ ਬੜਾ ਔਖਾ ਹੁੰਦਾ ਵਵ।'' ਉਸਦੀਆਂ ਅੱਖਾਂ 'ਚੋਂ ਪਰਲ-ਪਰਲ ਅੱਥਰੂ ਵਹਿਣ ਲੱਗੇ।

ਫ਼ਜ਼ਲੇ ਕੋਲੋਂ ਵਿਛੜ ਕੇ ਅੱਡੇ ਵਲ ਤੁਰਦਿਆਂ ਹੰਸਾ ਸੋਚ ਰਿਹਾ ਸੀ, 'ਧਰਮ ਬੰਦਿਆਂ ਨਾਲੋਂ ਵੱਡਾ ਨਈਂ ਹੁੰਦਾ। ਬੰਦਿਆਂ ਦੇ ਦਿਲ ਦੁਖਾਣ, ਘਰ ਖੋਹਣ ਤੇ ਉਨ੍ਹਾਂ ਨੂੰ ਕਤਲ ਕਰਨ ਵਾਲੇ ਕਦੇ ਵੀ ਧਾਰਮਕ ਨਈਂ ਹੋ ਸਕਦੇ। ਮੈਂ ਤਾਂ ਪਾਗਲ ਸਾਂ ਜੋ ਮੁਸਲਮਾਨਾਂ ਦੇ ਕੀਤੇ ਕਤਲਾਂ 'ਤੇ ਫ਼ਖ਼ਰ ਕਰਦਾ ਰਿਹਾ। ਉਨ੍ਹਾਂ 'ਤੇ ਕੀਤੇ ਜ਼ੁਲਮਾਂ ਦੇ ਕਿੱਸੇ ਸੁਣਾਅ-ਸੁਣਾਅ ਫੁੱਲਦਾ ਰਿਹਾ। ਨਿਰਦੋਸ਼ ਵੀਰੇ ਦੇ ਕਤਲ ਨੇ ਮੇਰੀਆਂ ਅੱਖਾਂ ਤਾਂ ਖੋਲ੍ਹੀਆਂ ਸਨ, ਘਰ ਨੂੰ ਜੰਦਰਾ ਮਾਰਦੇ ਸਮੇਂ ਵੀ ਕੀਤੀਆਂ ਭੁੱਲਾਂ ਦਾ ਅਹਿਸਾਸ ਤਾਂ ਹੋਇਆ ਸੀ, ਪਰ .ਫਜ਼ਲਦੀਨ ਦੀ ਦੁਆ ਨੇ ਤਾਂ ਮੈਨੂੰ ਜਿਉਂਦੇ ਜੀ ਹੀ ਮਾਰ ਸੁੱਟਿਆ।'

ਉਹ ਅੱਡੇ 'ਤੇ ਖੜ੍ਹ ਕੇ ਬੱਸ ਦੀ ਉਡੀਕ ਕਰਨ ਲੱਗਾ।

'ਫ਼ਜ਼ਲੇ ਦੇ ਦੁੱਖ ਸ੍ਹਾਮਣੇ ਕੇਡਾ ਛੋਟਾ ਏ ਮੇਰਾ ਦੁੱਖ..ਤੇ ਉਸਦੀ ਸ਼ਖ਼ਸੀਅਤ ਦੇ ਸ੍ਹਾਮਣੇ ਮੈਂ ਕੇਡਾ ਬੌਣਾ ਆਂ।' ਉਸਨੇ ਆਪਣੇ-ਆਪ ਨੂੰ ਸੱਚ-ਮੁੱਚ ਹੀ ਛੋਟਾ ਮਹਿਸੂਸ ਕੀਤਾ।

'ਹੇ ਭਗਵਾਨ ਸਹੀ ਸਲਾਮਤ ਘਰ ਪਹੁੰਚਾਅ ਦਈਂ।' ਉਸਨੇ ਬੱਸ 'ਚ ਬੈਠ ਕੇ ਮਨੋ-ਮਨੀ ਦੁਆ ਕੀਤੀ ਤੇ ਇਕ ਡਰ ਨਾਲ ਪਲ-ਪਲ ਪਸਰ ਰਹੇ ਹਨੇਰੇ ਨੂੰ ਕੋਸਣ ਲੱਗਾ।

ਉਸ ਰਾਤ ਫ਼ਜ਼ਲਾ ਬੜੀ ਦੇਰ ਚੁੱਪ ਰਿਹਾ। ਕੁਝ ਨਾ ਬੋਲਿਆ।

''ਸੱਤਿਆ, ਧੰਨਾ ਹੈਗਾ ਭਲਾ?'' ਫਿਰ ਉਸਨੇ ਹੌਲ਼ੀ ਜਿਹੀ ਪੁੱਛਿਆ । ''ਹੈਗਾ, ਪਰ ਨਾ ਹੋਇਆਂ ਨਾਲ਼ ਦਾ। ਇਕ ਦਿਨ ਹਸਪਤਾਲ ਵੇਖਿਆ ਸੀ। ਭਤੀਜੇ ਲੈ ਕੇ ਆਏ ਸੀ, ਗੱਡੇ 'ਤੇ ਪਾ ਕੇ। ਪਿੰਡਾ ਜ਼ਖ਼ਮਾਂ ਨਾਲ਼ ਭਰਿਆ ਪਿਆ ਸੀ। ਪਿਛਲੇ ਤੋਂ ਪਿਛਲੇ ਸਾਲ ਈ ਆਇਆ ਦਿੱਲੀਓਂ ਉੱਜੜ ਕੇ।''

''ਸਵੇਰੇ ਮਿਲਣ ਜਾਣਾ ਉਹਨੂੰ।''

ਦੇਰ ਰਾਤ ਤੱਕ ਫ਼ਜ਼ਲੇ ਨੂੰ ਹੰਸੇ ਬਾਹਮਣ ਦੀਆਂ ਗੱਲਾਂ ਦੁਖੀ ਕਰਦੀਆਂ ਰਹੀਆਂ। ਇਸ ਕੁੜੱਤਣ-ਭਰੀ ਕੈਫ਼ੀਅਤ ਤੋਂ ਉੱਪਰ ਉੱਠਣ ਦੇ ਲਈ ਆਪਣੇ ਬਚਪਨ ਦੇ ਆੜੀ ਧੰਨੇ ਦਾ ਚਿਹਰਾ-ਮੋਹਰਾ ਯਾਦ ਕਰਨ ਲੱਗ ਪਿਆ। ਧੰਨੇ ਵੱਲੋਂ ਕੀਤੇ ਧਰੋਹ ਦੀ ਯਾਦ ਨੇ ਕੁੜੱਤਣ ਹੋਰ

ਵਧਾਅ ਦਿੱਤੀ।

'ਆਉਣ ਵਾਲੀਆਂ ਨਸਲਾਂ 'ਤੇ ਈ ਭਰੋਸਾ ਏ ਹੁਣ ਤਾਂ।' ਇਹ ਸੋਚਦਿਆਂ ਕੁੜੱਤਣ ਹੌਲੀ-ਹੌਲੀ ਘਟਣ ਲੱਗੀ ਤੇ ਉਹ ਨੀਂਦ ਦੀ ਬੁੱਕਲ 'ਚ ਜਾ ਪਿਆ।

ਅਗਲੀ ਸਵੇਰ ਦੋਵੇਂ ਦੋਸਤ ਸੁਵੱਖਤੇ ਉੱਠ ਕੇ ਲਹਿਲੀ ਵਲ ਤੁਰ ਪਏ।

ਕੱਚੀ ਰਾਹ ਪੱਕੀ ਸੜਕ ਬਣ ਗਈ ਸੀ। ਤਕੀਆ ਛੱਤ-ਵਿਹੂਣਾ ਹੋ ਚੁੱਕਾ ਸੀ। ਫ਼ਜ਼ਲੇ ਨੂੰ ਉਹ ਇਕ ਨਿੱਕਾ ਜਿਹਾ ਥੇਹ ਲੱਗਿਆ। ਉਸਨੇ ਅੱਖਾਂ ਮੀਟ ਕੇ ਸਜਦਾ ਕੀਤਾ ਤਾਂ ਬੀਤੇ ਜ਼ਮਾਨੇ ਦੀਆਂ ਰੌਣਕਾਂ-ਭਰੇ ਦ੍ਰਿਸ਼ ਉਭਰਨ ਲੱਗੇ। ਉਹ ਮਰਾਸੀਆਂ ਦੀਆਂ ਨਕਲਾਂ, ਕੱਵਾਲਾਂ ਦੇ ਮੁਕਾਬਲੇ, ਚਿਰਾਗ਼ਾਂ ਦਾ ਮੇਲਾ, ਨਿਆਂਹ ਦੀ ਖ਼ੁਸ਼ਬੂ ਤੇ ਰੁਪਇਆਂ ਦਾ ਮੀਂਹ ਵਰ੍ਹਾਉਂਦਾ ਮੀਆਂ ਮੁਹੰਮਦ ਬਖ਼ਸ਼। ਅਚਾਨਕ ਤਕੀਏ ਦੇ ਪੈਰਾਂ 'ਚ ਪਈ ਇਕ ਲਾਸ਼ ਦੀ ਯਾਦ ਨੇ ਉਸਨੂੰ ਤੜਫਾਅ ਸੁੱਟਿਆ। ਉਹ ਮੁੜ ਸੜਕੇ ਪੈ ਗਏ।

''ਸੱਤਿਆ, ਓਥੇ ਅੰਬਾਂ ਦਾ ਇਕ ਝੁਰਮਟ ਜਿਹਾ ਹੁੰਦਾ ਸੀ ਨਾ। ਸਕੂਲੋਂ ਦੌੜ ਕੇ ਅਸੀਂ ਬਹੁਤ ਵਾਰੀ ਇੱਥੇ ਈ ਲੁਕਦੇ ਹੁੰਦੇ ਸੀ।'' ਬਸੀ ਕਲਾਂ ਵਾਲ਼ਾ ਚੋਅ ਲੰਘਦਿਆਂ ਫ਼ਜ਼ਲਾ ਹੋਈਆਂ-ਬੀਤੀਆਂ ਕਹਾਣੀਆਂ ਸੁਣਾਉਣ ਲੱਗ ਪਿਆ ਸੀ।

''ਇਕ ਵਾਰ ਧੰਨੇ ਦੇ ਪੈਰ ਦੇ ਅੰਗੂਠੇ 'ਚ ਪਹਾੜੀ ਕਿੱਕਰ ਦੀ ਸੂਲ਼ ਲੰਘ ਗਈ ਸੀ। ਮੈਂ ਅੱਜ ਵੀ ਲਾਹੌਰ 'ਚ ਬੈਠਾ ਓਸ ਵਕੂਏ ਨੂੰ ਯਾਦ ਕਰਕੇ ਕੰਬ ਉੱਠਦਾਂ। ਮੈਂ ਰੋਂਦੇ-ਕੁਰਲੌਂਦੇ ਨੂੰ ਕੰਧਾੜੀ ਚੁੱਕ ਕੇ ਪਿੰਡ ਛੱਡਣ ਤੁਰ ਪਿਆਂ ਸੀ। ਤਾਏ ਨੇ ਸਾਡੇ ਏਡੀ ਜ਼ੋਰ ਦੀ ਦੋ-ਦੋ ਥੱਪੜ ਮਾਰੇ ਕਿ ਅੱਜ ਵੀ ਸੋਚਾਂ ਤਾਂ ਗੱਲ੍ਹ 'ਚੋਂ ਸੇਕ ਨਿਕਲਦਾ

ਮਹਿਸੂਸ ਹੁੰਦਾ। ਜੱਟ ਦਾ ਕਿਤੇ ਹੱਥ ਸੀ! ਅਸੀਂ ਮੁੜ ਨਾ ਸਕੂਲੋਂ ਭੱਜੇ। ਉਂਝ ਫੇਲ਼ ਹੋ ਕੇ ਪੱਕੇ ਈ ਹਟ ਗਏ ਬਾਅਦ 'ਚ ਤਾਂ।'' ਇਹ ਕਹਿੰਦਿਆਂ ਫ਼ਜ਼ਲਾ ਅਚਾਨਕ ਹੱਸ ਪਿਆ।

ਲਹਿਲੀ ਖੁਰਦ ਦੀ ਜੂਹ 'ਚ ਦਾਖਲ ਹੁੰਦਿਆਂ ਜਦੋਂ ਫ਼ਜ਼ਲੇ ਨੇ ਧਰਤੀ ਨੂੰ ਸਜਦਾ ਕੀਤਾ ਤਾਂ ਸੱਤਾ ਉਸਦੀ ਏਸ ਹਰਕਤ ਨੂੰ ਸਮਝ ਨਾ ਸਕਿਆ। ਉਹ ਹੈਰਾਨ ਹੋ ਕੇ ਰਹਿ ਗਿਆ।

ਧੰਨੇ ਦਾ ਉਹੀ ਪੁਰਾਣਾ ਘਰ ਸੀ। ਵਕਤ ਨੇ ਸਗੋਂ ਹੋਰ ਵੀ ਖਸਤਾ ਹਾਲ ਕਰ ਛੱਡਿਆ ਸੀ। ਸੱਤਾ ਦਰਾਂ 'ਤੇ ਖੜੋ ਕੇ ਕੁੰਡਾ ਖੜਕਾਉਣ ਲੱਗਿਆ ਹੀ ਸੀ ਕਿ ਫ਼ਜ਼ਲਾ ਬੋਲਿਆ, "ਓਏ ਮੈਨੂੰ ਦੱਸ ਕਿ ਆਪਣੇ ਘਰ ਵੀ ਦਸਤਕ ਦੇਣ ਦੀ ਲੋੜ ਹੁੰਦੀ ਆ ਕਿਤੇ।''

ਦੋਵੇਂ ਅੰਦਰ ਲੰਘ ਗਏ। ਦਲਾਨ 'ਚ ਡੱਠੇ ਵੱਡੇ-ਵੱਡੇ ਪਾਵਿਆਂ ਵਾਲ਼ੇ ਨਵਾਰੀ ਮੰਜੇ 'ਤੇ ਇਕ ਹੱਡੀਆਂ ਦੀ ਮੁੱਠ ਹੋਇਆ ਬੰਦਾ ਟੇਢਾ ਜਿਹਾ ਹੋ ਕੇ ਲੰਮਾ ਪਿਆ ਹੋਇਆ ਸੀ।

''ਓਏ ਜੱਟਾ।'' ਫ਼ਜ਼ਲੇ ਨੇ ਪਾਵੇ 'ਤੇ ਹੱਥ ਧਰ ਕੇ ਥੋੜ੍ਹਾ ਝੁਕਦਿਆਂ ਆਖਿਆ।

''ਇਹ ਕੀ ਪਿਆਂ ਓਏ ਸਿੰਘਾ, ਮਰੀਅਲਾਂ ਆਂਗੂ। ਉੱਠ ਕੇ ਬੈਠ ਤੇ ਛੱਡ ਜੈਕਾਰਾ।'' ਧੰਨੇ ਨੇ ਦੇਹ ਨੂੰ ਸਿੱਧੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਕਰਾਹ ਕੇ ਬੇਹਰਕਤ ਹੋ ਗਿਆ।

''ਸਿਆਣਿਆ ਨਹੀਂ ਮੈਂ ਤੁਹਾਨੂੰ।'' ਉਸਨੇ ਸਿਰ 'ਤੇ ਝੁਕੇ ਚਿਹਰੇ ਨੂੰ ਨੀਝ ਲਗਾ ਕੇ ਵੇਖਦਿਆਂ ਕਿਹਾ।

''ਸਾਨੂੰ ਲਾਗੀਆਂ ਨੂੰ ਕ੍ਰਾਤੋਂ ਸਿਆਣਦਾ ਤੂੰ ਢੋਡਰ ਕਾਵਾਂ।'' ਜਮਾਤੀਆਂ ਨੇ ਫ਼ਜ਼ਲੇ ਦੀ ਅੱਲ 'ਲਾਗੀ' ਤੇ ਧੰਨੇ ਦੀ 'ਢੋਡਰ ਕਾਂ' ਪਾਈ ਹੁੰਦੀ ਸੀ।

ਧੰਨੇ ਨੂੰ ਅਤੀਤ 'ਚੋਂ ਕੁਝ ਧੁੰਦਲਾ-ਧੁੰਦਲਾ ਯਾਦ ਤਾਂ ਆਇਆ, ਪਰ ਉਸਨੇ ਸੋਚਿਆ, 'ਨਹੀਂ, ਇਹ ਨਹੀਂ ਹੋ ਸਕਦਾ।' ਫਿਰ ਵੀ ਇਕ ਸੰਦੇਹ ਜਿਹਾ ਉਸਦੇ ਮਨ-ਮਸਤਕ 'ਚ ਉੱਗ ਆਇਆ।

''ਕਿਹੜੇ ਪਿੰਡੋਂ ਆਂ ਭਾਈ?'' ਇਹ ਪੁੱਛਦਿਆਂ ਉਸਦੀ ਜ਼ੁਬਾਨ ਥਥਲਾਅ ਗਈ।

''ਨਾਰੂ ਨੰਗਲੋਂ ਆਏ ਆਂ ਜੱਟਾ। ਦੱਸ, ਤੂੰ ਸੁਣਿਆਂ ਕਦੇ ਏਸ ਪਿੰਡ ਦਾ ਨਾਂ?'' ਫ਼ਜ਼ਲੇ ਦੀ ਇਸ ਗੱਲ 'ਚ ਮੋਹ ਤੇ ਹਿਰਖ ਰਲੇ-ਮਿਲੇ ਸਨ।

''ਹੈਂਅ!'' ਧੰਨੇ ਦੀਆਂ ਡੂੰਘੀਆਂ, ਡਰੀਆਂ-ਡਰੀਆਂ ਤੇ ਵੈਰਾਨ ਜਿਹੀਆਂ ਅੱਖਾਂ ਅੱਥਰੂਆਂ ਨਾਲ਼ ਭਰ ਗਈਆਂ।

''ਫਅਵਜ..ਲਿਆ ਤੂੰਵਓਏ?'' ਉਸਦੀ ਲੇਰ ਸੁਣ ਕੇ ਫ਼ਜ਼ਲੇ ਦੀ ਵੀ ਭੁੱਬ ਨਿਕਲ ਗਈ। ਦੋਵੇਂ ਕਾਫ਼ੀ ਦੇਰ ਰੋਂਦੇ ਰਹੇ।

''ਹੋਸ਼ ਕਰੋ। ਕੋਈ ਗੱਲ-ਗੁੱਲ ਕਰੋ ਯਾਰ।'' ਸੱਤੇ ਨੇ ਗੱਲ ਦਾ ਰੁੱਖ ਬਦਲਦਿਆਂ ਕਿਹਾ।

ਧੰਨਾ ਮੈਲ਼ੀ ਪੱਗ ਦੇ ਲੜ ਨਾਲ਼ ਅੱਥਰੂ ਪੂੰਝਦਿਆਂ ਬੋਲਿਆ, "ਆਹ ਤਾਂ ਕਮਾਲਾਂ ਹੋ ਗਈਆਂ ਭਾਈ। ਮੈਂ ਤਾਂ ਪੱਲਾ ਅੱਡ ਕੇ ਮਾਫ਼ੀਆਂ ਮੰਗਦਾਂ। ਫ਼ਜਲਦੀਨਾ, ਜੁੱਤੀਆਂ ਮਾਰ ਮੇਰੇ ਸਿਰ 'ਤੇ।'' ਵਤੇ ਉਹ ਬੱਚਿਆਂ ਵਾਂਗ ਲੇਲੜੀਆਂ ਕੱਢਣ ਲੱਗ ਪਿਆ।

''ਰੋਣਾ-ਧੋਣਾ ਛੱਡ, ਹੋਰ ਘਰ-ਪਰਵਾਰ ਦਾ ਸੁਣਾਅ।'' ਫ਼ਜ਼ਲੇ ਨੇ ਉਸਦੀ ਪੁਆਂਦੀ ਬੈਠਦਿਆਂ ਕਿਹਾ।

''ਘਰ! ਕ੍ਹਾਦਾ ਘਰ? ਘਰ ਸਾਮ੍ਹਣੇ ਈ ਆ ਤੇਰੇ। ਧੀ ਰੰਡੀ ਹੋ ਕੇ ਘਰ ਬੈਠੀ ਆ। ਪਰ੍ਹੋਣਾ ਗੱਡੀ ਚਲੌਂਦਾ ਸੀ, ਪਰਾਰ ਦਿੱਲੀ'ਚ ਮਾਰਿਆ ਗਿਆ। ਵੱਡਾ ਮੁੰਡਾ ਮੈਂ ਅੱਖੀਂ ਦੇਖਿਆ ਸੜਦਾ। ਪਾਪੀਆਂ ਨੇ ਗਲ਼ 'ਚ ਟੈਰ ਪਾ ਕੇ ਸਾੜਿਆ। ਨੂੰਹ ਆਪਣੇ ਪੇਕੇ ਬੈਠੀ ਆ। ਬਥੇਰੀ ਵਾਹ ਲਾਈ ਆ ਕਿ ਛੌਟੇ ਦੇ ਬਹਿ ਜਾਏ, ਪਰ ਅਗਲੇ ਵੀ ਕੀ ਕਰਨ? ਸਾਲਾ ਇੱਕ ਨੰਬਰ ਦਾ ਨਸ਼ੇੜੀ ਆ ਮਾਂ ਆਪਣੀ ਦਾ ਵ'' ਧੰਨੇ ਦੀ ਆਵਾਂ ਫ਼ਿਕਰਾਂ ਦੇ ਭਾਰ ਹੇਠ ਦਮ ਤੋੜ ਗਈ।

''ਖੇਤੀ-ਬਾੜੀ?'' ਫ਼ਜ਼ਲੇ ਨੇ ਗੱਲ ਦਾ ਰੁੱਖ ਬਦਲਿਆ।

''ਜ਼ਮੀਨ! ਕੇੜ੍ਹੀ ਜਮੀਨ? ਜਮੀਨ ਤਾਂ ਕਦੋਂ ਦੀ ਵਿਕ-ਵੁਕ ਗਈ ਆ। ਹੁਣ ਤਾਂ ਰੋਟੀ ਤੋਂ ਵੀ ਅਵਾਜਾਰ ਹੋਈ ਫਿਰਦੇ ਆਂ।''

ਕੁਝ ਦੇਰ ਲਈ ਚੁੱਪ ਪਸਰੀ ਰਹੀ। ਫ਼ਜ਼ਲੇ ਨੇ ਹੋਰ ਸਵਾਲ ਕਰਨ ਦੀ ਹਿੰਮਤ ਨਾ ਕੀਤੀ।

''ਤੇਰੇ ਮੂਹਰੇ ਕ੍ਹਾਦਾ ਲਕੋਅ। ਛੋਟੀ ਕੁੜੀ ਸੀ ਜਵਾਨ-ਜਹਾਨ, ਭੈਣ ਆਪਣੀ ਦੇਵ, ਘਰੋਂ ਚੁੱਕ ਕੇ ਲੈ ਗਏ। ਬੜੀ ਸੋਹਣੀ ਸੀ ਆਪਣੀ ਮਾਂ ਅਰਗੀ। ਉਹਦੀ ਮਾਂ ਨੂੰ ਵੀ ਮੈਂ ਏਦਾਂ

ਮੱਲ੍ਹਮ

ਈ ਚੁੱਕ ਕੇ ਲਿਆਇਆ ਸੀ ਭੁੱਲੇਆਲ਼ ਰਾਠਾਂ ਤੋਂ। ਪਿਛਲੇ ਸਾਲ ਈ ਪੂਰੀ ਹੋਈ ਆ। ਰਾਠਾਂ ਦੀ ਧੀ ਭੁੱਖਾਂ ਕੱਟਦੀ ਮਰ ਗਈ। ਆਖਰੀ ਦਿਨ ਤੱਕ ਮੈਨੂੰ ਮਿਹਣੇ ਮਾਰਦੀ ਰਹੀ ਕਿ ਹੁਣ ਪਤਾ ਲੱਗਾ, ਧੀ ਨੂੰ ਉਧਾਲਣ ਦਾ ਦੁੱਖ।'' ਫ਼ਜ਼ਲਾ ਤੇ ਸੱਤਾ ਚੁੱਪਚਾਪ ਸੁਣਦੇ ਰਹੇ।

''ਫਜਲਿਆ, ਇਕ ਮੌਕਾ ਮਿਲੇ ਤਾਂ ਮੈਂ ਤੁਾਡੇ ਸਾਹਵੇਂ ਛਾਤੀ ਡਾਹ ਕੇ ਖੜ੍ਹ ਜਾਵਾਂ। ਪਰ ਕੀ ਫੈਦਾ ਹੁਣ ਇੱਹੋ ਜਹੀਆਂ ਗੱਲਾਂ ਕਰਨ ਦਾ। ਅਸੀਂ ਜੇਹੋ ਜਹੀਆਂ ਕੀਤੀਆਂ ਓਹੋ ਜਹੀਆਂ ਪਾ ਲਈਆਂ। ਕੰਡੇ ਬੀਜੇ ਸੀ ਕਿੱਕਰਾਂ ਪਾ ਲਈਆਂ।''

ਧੰਨੇ ਦੀ ਧੀ ਚਾਹ ਦੇ ਗਿਲਾਸ ਲੈ ਆਈ। ਮੁਟਿਆਰ ਕੁੜੀ ਦੇ ਸਿਰ 'ਤੇ ਚਿੱਟੀ ਚੁੰਨੀ ਵੇਖ ਫ਼ਜ਼ਲੇ ਦਾ ਦਿਲ ਤੜਫ ਉੱਠਿਆ।

''ਦੀਪੋ ਆਹ ਤੇਰਾ ਚਾਚਾ ਆ, ਫ਼ਜ਼ਲਦੀਨ ।'' ਧੰਨੇ ਦੀ ਗੱਲ ਸੁਣ ਕੇ ਮੁੜਦੀ-ਮੁੜਦੀ ਕੁੜੀ ਰੁਕ ਗਈ।

ਫ਼ਜ਼ਲਾ ਉੱਠਿਆ ਤੇ ਕੁੜੀ ਦੇ ਸਿਰ 'ਤੇ ਪਿਆਰ ਦਿੰਦਿਆਂ ਬੋਲਿਆ, "ਮੈਂ ਤੇ ਤੇਰਾ ਪਿਉ 'ਕੱਠੇ ਪੜ੍ਹਦੇ ਰਹੇ ਆਂ। ਕਦੇ ਦੱਸਿਆ ਈ ਨਹੀਂ ਹੋਣਾ ਇਹਨੇ।''

ਚਾਹ ਦੀਆਂ ਚੁਸਕੀਆਂ ਭਰਦਿਆਂ ਫ਼ਜ਼ਲੇ ਦੀ ਨਜ਼ਰ ਅਚਾਨਕ ਦਲਾਨ ਦੇ ਖੂੰਜੇ ਪਏ ਸੰਦੂਕ 'ਤੇ ਜਾ ਪਈ। ਉਸਦੇ ਦਿਲ ਦਾ ਰੁੱਗ ਭਰਿਆ ਗਿਆ। ਇਹ ਤਾਂ ਉਹਨਾਂ ਵਾਲ਼ਾ ਸੰਦੂਕ ਸੀ। ਉਸਦੀ ਮਾਂ ਦੇ ਦਾਜ ਵਾਲ਼ਾ।

''ਮੈਂ ਪਿੰਡ 'ਚ ਪਹਿਲੀ ਲਾਗਣ ਸੀ ਜਿਹੜੀ ਦਾਜ 'ਚ ਸੰਦੂਖ ਲੈ ਕੇ ਆਈ ਸੀ, ਨਿੰਮ ਦਾ ਸੰਦੂਕ ਸੀ।'' ਉਸਦੀ ਮਾਂ ਮਰਦੇ ਦਮ ਤੱਕ ਇਸ ਸੰਦੂਕ ਨੂੰ ਯਾਦ ਕਰਦੀ ਰਹੀ ਸੀ।

ਫ਼ਜ਼ਲਾ ਹਰ ਸ਼ੈਅ ਨੂੰ ਧਿਆਨ ਨਾਲ਼ ਵੇਖਣ ਲੱਗਾ। ਧੰਨੇ ਨੇ ਵੀ ਉਸਦੀ ਨਜ਼ਰ ਨੂੰ ਪੜ੍ਹ ਲਿਆ ਸੀ। ਉਸ ਨੇ ਮੰਜੇ ਦੇ ਨੰਗੇ ਪਾਵੇ 'ਤੇ ਆਪਣੇ ਸੱਜੇ ਪੈਰ ਨਾਲ਼ ਚਾਦਰ ਦੇਣ ਦੀ ਕੋਸ਼ਿਸ਼ ਤਾਂ ਕੀਤੀ, ਪਰ ਜ਼ਖ਼ਮਾਂ ਨਾਲ਼ ਭਰੀ ਲੱਤ ਨੇ ਉਸਦਾ ਸਾਥ ਨਾ ਦਿੱਤਾ।

ਫ਼ਜ਼ਲੇ ਨੇ ਪਾਵਿਆਂ 'ਤੇ ਜੜੀ ਕੋਕਿਆਂ ਦੀ ਇਬਾਰਤ ਪਛਾਣ ਲਈ। ਉਸਨੇ ਧੰਨੇ ਤੇ ਸੱਤੇ ਕੋਲੋਂ ਅੱਖ ਬਚਾਅ ਕੇ ਪਾਵੇ 'ਤੇ ਪੋਲਾ-ਪੋਲਾ ਹੱਥ ਫੇਰਿਆ। ਉਸਦਾ ਦਿਲ ਤਾਂ ਕਰਦਾ ਸੀ ਕਿ ਸੰਦੂਕ ਨੂੰ ਵੀ ਛੋਹੇ, ਪਰ ਬਿਮਾਰ ਧੰਨੇ ਦੇ ਦਿਲ ਬਾਰੇ ਸੋਚਦਿਆਂ ਉਸਨੇ ਇਹ ਖ਼ਾਹਿਸ਼ ਦਿਲ 'ਚ ਹੀ ਦਬਾਅ ਲਈ।

ਤੁਰਨ ਲੱਗਿਆ ਉਸ ਧੰਨੇ ਦੀ ਧੀ ਨੂੰ ਗਿਆਰਾਂ ਰੁਪਏ ਪਿਆਰ ਦਿੱਤਾ ਤੇ ਕਮੀਜ਼ ਦੀ ਜੇਬ 'ਚੋਂ ਮਲਕੜੇ ਜਿਹੇ ਮੱਲ੍ਹਮ ਦੀ ਡੱਬੀ ਕੱਢੀ ਤੇ ਧੰਨੇ ਦੇ ਜ਼ਖ਼ਮਾਂ ਭਰੇ ਹੱਥਾਂ 'ਤੇ ਰੱਖ ਦਿੱਤੀ।

''ਓਏ ਜ਼ਖ਼ਮਾਂ ਬਦਲੇ ਮੱਲ੍ਹਮ ਦੇ ਚੱਲਿਆਂ ਭੈੜਿਆ। ਇਹ ਕਿਹੜੀ ਮੌਤ ਮਾਰ ਚੱਲਿਆਂ ਓਏ ਅੱਜ ਅੱਧੀ ਸਦੀ ਦੇ ਬਾਅਦ। ਮਿੱਤਰਾ, ਇਕ ਵਾਰ ਮਾਫ਼ ਤਾਂ ਕਰ ਦੇ।'' ਧੰਨੇ ਦੇ ਕੰਬਦੇ ਹੱਥ ਜੁੜ ਗਏ ਸਨ।

''ਖੁਸ਼ ਰਹਿ ਧੰਨਿਆਂ! ਤੈਨੂੰ ਇੱਕ ਵਾਰ ਨਹੀਂ ਹਜ਼ਾਰ ਵਾਰ ਮੁਆਫ਼ ਕੀਤਾ। ਨੌਂ-ਬਰ-ਨੌਂ ਹੋ ਤੇ ਆਪਣਾ ਘਰ ਸੰਭਾਲ਼। ਚੰਗਾ ਖ਼ੁਦਾ ਹਾਫ਼ਿਜ਼!'' ਫ਼ਜ਼ਲੇ ਨੇ ਲੰਬੇ ਪਏ ਸੱਤੇ ਦਾ ਕਲ਼ਾਵਾ ਭਰਦਿਆਂ ਕਿਹਾ। ਇਸ ਤੋਂ ਅਗਾਂਹ ਉਹ ਕੁਝ ਨਾ ਬੋਲ ਸਕਿਆ ਤੇ ਅੱਥਰੂ ਕੇਰਦਾ ਘਰੋਂ ਬਾਹਰ ਹੋ ਗਿਆ।

ਧੰਨੇ ਦੀਆਂ ਵਿਲਕਣੀਆਂ ਦੂਰ ਤੱਕ ਉਹਨਾਂ ਦਾ ਪਿੱਛਾ ਕਰਦੀਆਂ ਰਹੀਆਂ।

ਪਿੰਡ ਵਲ ਮੁੜਦਿਆਂ ਫ਼ਜ਼ਲੇ ਨੇ ਸੱਤੇ ਨੂੰ ਕਿਹਾ, "ਸੱਤਿਆ ਏਡੀ ਤੇਰੀ ਵਾਕਫ਼ੀ ਆ। ਤੂੰ ਧੰਨੇ ਦੀ ਧੀ ਵਾਸਤੇ ਕੋਈ ਲੋੜਵੰਦ ਜੱਟਾਂ ਦਾ ਮੁੰਡਾ ਤਾਂ ਵੇਖ। ਦੱਸ, ਧੰਨੇ ਦੀ ਧੀ ਤੇ ਸਾਡੀ ਧੀ 'ਚ ਕੋਈ ਫ਼ਰਕ ਆ?''

''ਮੈਂ ਛੇਤੀਂ ਦੇਖਦਾਂ।'' ਸੱਤੇ ਨੇ ਪੂਰੀ ਦ੍ਰਿੜਤਾ ਨਾਲ਼ ਉੱਤਰ ਦਿੱਤਾ ਸੀ।

ਅਗਲੀ ਸਵੇਰ ਖੈਰੂ ਲੁਬਾਣੇ ਦਾ ਮੁੰਡਾ ਸੁਰਜਣ, ਦੱਸੇ ਵਕਤ ਤੋਂ ਰਤਾ ਪਹਿਲਾਂ ਹੀ ਟਾਂਗਾ ਲੈ ਕੇ ਪਹੁੰਚ ਗਿਆ ਸੀ। ਅੱਧਾ ਕੁ ਪਿੰਡ ਫ਼ਜ਼ਲੇ ਨੂੰ ਤੋਰਨ ਲਈ ਚੱਕੀ ਅੱਗੇ ਜੁੜਿਆ ਪਿਆ ਸੀ। ਹਰ ਕੋਈ ਉਸਨੂੰ ਕੋਈ ਨਾ ਕੋਈ ਸੁਗਾਤ ਭੇਂਟ ਕਰ ਰਿਹਾ ਸੀ। ਭੀੜ 'ਚੋਂ ਇਕ ਓਪਰੇ ਜਿਹੇ ਸ਼ਖ਼ਸ ਨੇ ਅਗਾਂਹ ਵਧ ਕੇ ਪੱਗ ਉਸਦੇ ਹੱਥਾਂ 'ਤੇ ਧਰ ਦਿੱਤੀ, "ਇਹ ਧੰਨਾ ਸਿੰਘ ਨੇ ਭੇਜੀ ਆ ਜੀ, ਲਹਿਲੀਓਂ।''

.ਫ਼ਜ਼ਲੇ ਨੇ ਪੱਗ ਨੂੰ ਚੁੰਮਿਆਂ, ਕੁਝ ਪਲਾਂ ਲਈ ਸਿਰ 'ਤੇ ਰੱਖਿਆ ਤੇ ਸੋਚਿਆ, 'ਸਾਡੀਆਂ ਇੱਜ਼ਤਾਂ ਕੱਲ੍ਹ ਵੀ ਸਾਂਝੀਆਂ ਸਨ, ਅੱਜ ਵੀ ਸਾਂਝੀਆਂ ਨੇ ਤੇ ਮੌਲਾ ਕਰੇ ਰਹਿੰਦੀ ਦੁਨੀਆਂ ਤੱਕ ਸਾਂਝੀਆਂ ਰਹਿਣ।'

ਸਿਆਲਕੋਟੀਆਂ ਨੇ ਫ਼ਜ਼ਲੇ ਨੂੰ ਰਾਵੀ ਪਾਰਲੀ ਧਰਤੀ ਨੂੰ ਉਹਨਾਂ ਵਲੋਂ ਸਜਦਾ ਕਰਨ ਲਈ ਕਿਹਾ।

ਫ਼ਜ਼ਲੇ ਨੇ ਸਭ ਨਾਲ਼ ਦੁਆ-ਸਲਾਮ ਕੀਤੀ ਤੇ ਉਹ ਚਾਣਚੱਕ ਪੈਰਾਂ ਭਾਰ ਬੈਠ ਗਿਆ, ਸਿਰ ਝੁਕਾਅ ਕੇ ਪਿੰਡ ਦੀ ਮਿੱਟੀ ਨੂੰ ਸਜਦਾ ਕੀਤਾ ਤੇ ਚੁੰਮਿਆ। ਦੋਵੇਂ ਦੋਸਤ ਟਾਂਗੇ 'ਚ ਬੈਠ ਗਏ। ਸੱਤਾ ਉਸ ਨਾਲ਼ ਰੇਲਵੇ ਸਟੇਸ਼ਨ ਤੱਕ ਜਾ ਰਿਹਾ ਸੀ। ਸੁਰਜਣ ਟਾਂਗਾ ਤੋਰਨ ਲਈ ਹੁਕਮ ਦੀ ਉਡੀਕ ਕਰਨ ਲੱਗਾ।

''ਪਿੰਡ ਵਾਲਿਓ!'' ਫ਼ਜ਼ਲਾ ਬੋਲਿਆ ਤਾਂ ਉਸਦੀ ਗੱਲ ਸੁਣਨ ਲਈ ਸਾਰੇ ਚੁੱਪ ਕਰ ਗਏ।

''ਆਪਣੇ ਬੱਚਿਆਂ ਨੂੰ ਸਾਡੀ ਦਾਸਤਾਨ ਜ਼ਰੂਰ ਸੁਣਾਉਣੀ, ਦਾਦੀ-ਮਾਂ ਦੀਆਂ ਬਾਤਾਂ ਵਾਂਗਰ। ਉਹਨਾਂ ਅੰਦਰ 'ਕਿਉਂ' ਪੈਦਾ ਕਰਨੀ। ਉਹਨਾਂ ਨੂੰ ਚੰਗੇ ਇਨਸਾਨ ਬਣੌਣਾ।'' ਉਸਦੀ ਅਵਾਂ ਭਾਰੀ ਹੁੰਦੀ ਗਈ।

''ਅੱਲਾ ਕਰੇ ਕਿਸੇ ਨੂੰ ਕੋਈ ਜ਼ਖ਼ਮ ਨਾ ਮਿਲੇ। ਜੇ ਮਿਲੇ ਤਾਂ ਇਹ ਮੱਲ੍ਹਮ ਉਸਨੂੰ ਜ਼ਰੂਰ ਭਰ ਦਏ। ਮੈਂ ਅਮੋਲਕ ਨੂੰ ਮੱਲ੍ਹਮ ਦਾ ਨੁਸਖਾ ਦੇ ਚੱਲਿਆਂ। ਚੰਗਾ ਅਲਵਿਦਾ!'' ਤੇ ਫ਼ਜ਼ਲੇ ਨੇ ਛਲਕਦੀਆਂ ਅੱਖਾਂ ਨੂੰ ਧੰਨੇ ਵੱਲੋਂ ਭੇਜੀ ਪੱਗ 'ਚ ਲੁਕੋਅ ਲਿਆ। ਵਿਦਾ ਕਰਨ ਆਈ ਹਰ ਅੱਖ ਰੋ ਪਈ।

ਸੁਰਜਣ ਨੇ ਟਾਂਗਾ ਤੋਰ ਦਿੱਤਾ 'ਤੇ ਹੌਲ਼ੀ-ਹੌਲ਼ੀ ਤੁਰਦਾ ਟਾਂਗਾ ਅੱਖਾਂ ਤੋਂ ਓਝਲ ਹੋ ਗਿਆ।

SAHIR LUDHIANVI- THE POET MAGICIAN OF LUDHIANA

The recurring theme of his poetry was rebellion, which moves from the elation of romance and revolution to resentment and at times, despair. The poet was a rebel in his personal life too. Among other rebellious things, he testified against his brutal father and sided with his mother before his parents' divorce.

Birthday of Sahir Ludhianvi – one of the foremost Urdu progressive poets of the 20th century- went largely unnoticed ... Up until a few years ago when that indefatigable chronicler of the subcontinent's progressive movement, Hamid Akhtar was still alive, one would see a piece or two from him remembering his compadre Sahir. While the songs he wrote for films pop up on the social radar frequently, Sahir's life and literary contribution seems to be slowly slipping away from the memory. I recall that as late as the 1980s, Sahir's first collection "Talkhiyan" (rancor) was an essential reading in the leftist study groups. Anyone initiated in the Marxist circles would almost certainly come across Sahir's famous lines written at the execution of the Congolese independence leader and socialist icon, Patrice Lumumba:

Zulm phir zulm hai,
barrhta hai to mit jata hai
Khoon phir khoon hai,
tapkay ga to jam jaiy ga
(Repression is but repression,
it can grow but it won't last...)
https://youtu.be/snKci_jByg0

The undivided Punjab's greater Ludhiana area had given Urdu the three greats Sher Muhammad Khan, Akhtar Ali and Abdul Hai, who became known by their pennames Ibne Insha, Hameed Akhtar and Sahir Ludhianvi, respectively.

Abdul Hai was born on March 8, 1921 in the city of Ludhiana to a feudal Chaudhry Fazal Mohammed and one of his several wives, Sardar Begum. Sahir's parents had an acrimonious divorce in which he sided with his mother and testified in the court against his quite brutal father.

His mother raised him in abject poverty. Sahir went to the Malva Khalsa School and then the Government College at Ludhiana where he gravitated towards the student politics and joined the All India Students Federation, which was allied with the Communist Party of India (CPI).

Sahir became the president of the student union at the Government College and a progressive poet almost simultaneously.

By most accounts he was eased out of the college for his defiance against the visiting British dignitaries but the precipitating event perhaps was his fling with a girl on which the college officials frowned. Subsequently, he moved to Lahore circa 1943 along with his mother, where he was also joined by his comrade Hameed Akhtar. He continued with the cycle of his student political activism and ensuing expulsion at Dayal Singh College and then the Islamia College, Lahore.

It was, however, in the same fateful year that his first poetry collection Talkhiyan was published by the progressive outlet Preet-Larri. The short collection, most of it written during his college days, catapulted Sahir into the top tier of the Indian Urdu writers at the age of 22.

The leftist Progressive Writers Association (PWA) welcomed him as one of the equals and as a poet there was no looking back for Sahir. He had distinguished himself from the other revolutionary poets like Faiz Ahmed Faiz and Josh Malihabadi under whose influence he had initially labored and Allama Iqbal, from whose poem he had apparently adopted his Takhallus (nom de plume) Sahir (the magician).

On the eve of 1947 Sahir was

in Bombay participating in the PWA and CPI activities as well as making a rather lackadaisical entry into the song-writing for what is now called the Bollywood. As India was divided he, worried sick about his mother, dashed back via Ludhiana to Lahore.

He joined the editorial staff of the leftist literary journal Savera (dawn), which quickly earned him the ire of the Pakistani officials who ordered his arrest.

Without telling even his buddy Hameed Akhtar and the Communist Party of Pakistan (CPP) secretary general Sajjad Zahir, Sahir took for New Delhi in 1949 and after a brief sojourn there, ended up in Bombay. Hameed Akhtar had said that Sahir's concern was not just an arrest but also his rather prophetic assessment that Pakistan would end up being ruled by the "mullah and jagirdar" (clergy and the feudal).

Sahir had to toil without much luck for a good two years before the celebrated musician Sachin Dev 'SD' Burman gave him a break. Sahir wrote the song *"thandi hawaain, lehra kay aain"* extempore to Burman's tune and virtually never looked back then.

Sahir's pairing with SD Burman under the cinematic prodigy Guru Dutt produced one after another super-hit score. He wrote hundreds of songs for dozens of Bollywood movies without once compromising on the poetic quality. He set not only the literary but also the intellectual and philosophical benchmark so high that hardly any of his peers could match it.

Rebellion remains the leitmotif of Sahir's film and non-film poetry, which moves from the elation of romance and revolution to resentment and resignation and at times despair. Nowhere is this panoply of thought and emotion expressed better than the 1958 film Pyaasa, which Guru Dutt directed and also did the lead role in after Dilip Kumar turned it down.

Pyaasa, ranked 5th among the Time magazine's top romantic movies of all-time, is unmistakably an imprint of Sahir's life and work.

Sahir updated his massively popular poem Chaklay (brothels) from Talkhiyan for Pyaasa by changing the refrain from "*Sanakhwan-e-taqdees-e-mashriq kahan hein*" (where are those who sing paeans to the east's sanctity) to "*jinhein naaz hai Hind pe woh kahan hein* (where are those who boast over India) to inflict a massively bitter reality check in the post-independence India.

The film culminates with Guru Dutt's signature performance that brings to life not just Sahir's words but also his deep-seated resentment against oppression and a certain resignation to his fate with the crescendo:

"Jala do isay, phoonk dalo yeh dunya
meray samnay se hata lo yeh dunya
tumhari hai, tum hi sanbhalo yeh dunya
yeh dunya agar mil bhi jaiy to kiya hai?"

From the Lenin Peace Prize to Filmfare Awards to the Padma Shri have acknowledged Sahir's socio-political struggle and his poetic genius but he summed up his colossal contribution as:
"*ruja't-pasan hoon keh tarraqi-pasand hoon*
iss behs ko fuzool o abus janta hoon mein
taaron ki anjuman se mujhay naheen
insaniyat pe ashk bahata raha hoon mein
dunya ne tajarbaat o hawadis ki shakl mein
jo kuchh mujhey diya hay, woh lauta raha hoon mein"
(Am I a reactionary or am I a progressive?
This debate to me is so retrogressive
I have nothing to do with the assembly of stars
Tears I shed are for the mankind's scars
What the world gave me as trial and experiment
I've returned with thus with a compliment)

(The author is a Pakistani-American doctor and columnist with keen interest in literature and politics. He can be reached @mazdaki)

nayadaur.tv/2019/03/sahir-ludhianvi-the-poet-magician-of-ludhiana/ March 28, 2019

ਵਾਤਾਵਰਣ ਦਿਵਸ 'ਤੇ ਵਿਸ਼ੇਸ਼

ਡਾ. ਮਮਤਾ ਅਰੋੜਾ

ਸਾਰੇ ਸੰਸਾਰ ਵਿੱਚ 5 ਜੂਨ, 'ਵਿਸ਼ਵ ਵਾਤਾਵਰਣ ਦਿਵਸ' ਮਨਾਇਆ ਜਾਂਦਾ ਹੈ। ਇਹ ਸਭ ਤੋਂ ਪਹਿਲਾਂ 1972 ਵਿੱਚ ਸਯੁੰਕਤ ਰਾਜ ਵਿੱਚ, ਵਾਤਾਵਰਣ ਨੂੰ ਬਚਾਉਣ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਫ਼ਲੈਗਸ਼ਿਪ ਮੁਹਿੰਮ ਦੇ ਤੌਰ 'ਤੇ ਮਨਾਉਣਾ ਸ਼ੁਰੂ ਹੋਇਆ। ਹੁਣ ਹਰ ਸਾਲ ਕਿਸੇ ਚੱਲ ਰਹੀ ਔਕੜ ਨੂੰ ਦੇਖਦੇ ਹੋਏ ਇਸ ਦਾ ਵਿਸ਼ਾ ਤੈਅ ਕੀਤਾ ਜਾਂਦਾ ਹੈ। ਵਰ੍ਹਾ 2020 "ਜੈਵਿਕ ਵਿਭਿੰਨਤਾ" ਮਨਾਅ ਰਿਹਾ ਹੈ। ਕੋਈ 10 ਲੱਖ ਜੀਵ-ਜਾਤਾਂ ਅਲੋਪ ਹੋਣ ਦੇ ਕੰਢੇ ਹਨ। ਇਹ ਸਭ ਮਨੁੱਖ ਦੀ ਹੋਂਦ ਲਈ ਬਹੁਤ ਜ਼ਰੂਰੀ ਹਨ- ਜੇ ਵਾਤਾਵਰਣ ਵਿੱਚ ਕੋਈ ਤੋਲ ਵਿਗੜਦਾ ਹੈ ਤਾਂ ਸਿੱਧਾ ਅਸਰ ਮਨੁੱਖ 'ਤੇ ਪੈਂਦਾ ਹੈ। 2020 ਇੱਕ ਨਾਜ਼ੁਕ ਵਰ੍ਹਾ ਹੈ ਜਿੱਥੇ ਸਾਰੇ ਰਾਸ਼ਟਰਾਂ ਅਤੇ ਰਾਜਾਂ ਨੂੰ ਜੈਵਿਕ ਵਿਭਿੰਨਤਾ ਨੂੰ ਬਚਾਉਣ ਲਈ ਵਚਨਬੱਧ ਹੋਣਾ ਪਵੇਗਾ। ਇਸ ਦਾ ਆਯੋਜਨ ਕੋਲੰਬੀਆ (ਦੱਖਣੀ ਅਮਰੀਕਾ) ਵਿੱਚ ਜਰਮਨੀ ਦੀ ਪਾਰਟਨਰਸ਼ਿਪ ਨਾਲ਼ ਕੀਤਾ ਜਾ ਰਿਹਾ ਹੈ। ਕੋਲੰਬੀਆ ਇੱਕ ਅਜਿਹਾ ਦੇਸ਼ ਹੈ ਜਿੱਥੇ ਪੂਰੇ ਜਗਤ ਦੀ 10% ਵੰਨ-ਸੁਵੰਨਤਾ ਸਮੋਈ ਹੋਈ ਹੈ। ਇਹ ਦੇਸ਼ ਐਮੇਜ਼ੋਨ ਰੇਨਫ਼ੌਰੇਸਟ ਤੋਂ ਲੈ ਕੇ ਪੰਛੀਆਂ, ਆਰਕਿਡ ਫੁੱਲਾਂ ਦੀਆਂ ਕਿਸਮਾਂ ਦੀ ਵੰਨ-ਸੁਵੰਨਤਾ ਵਿੱਚ ਪਹਿਲੇ ਨੰਬਰ 'ਤੇ; ਪੌਦੇ, ਤਿਤਲੀਆਂ, ਤਾਜੇ ਪਾਣੀ ਦੀਆਂ ਮੱਛੀਆਂ ਅਤੇ ਐਮਫ਼ੀਬੀਅਨਜ਼ (ਪਾਣੀ ਅਤੇ ਜ਼ਮੀਨ ਦੋਹਾਂ 'ਤੇ ਰਹਿੰਦੇ ਜੀਵ) ਦੀ ਵੰਨ-ਸੁਵੰਨਤਾ ਵਿੱਚ ਦੂਜੇ ਨੰਬਰ 'ਤੇ ਹੈ।

ਕੋਰੋਨਾ ਦੀ ਮਹਾਮਾਰੀ ਦੌਰਾਨ ਜਿੱਥੇ ਕੁਦਰਤ ਆਪਣੇ ਪੂਰੇ ਸੁਹੱਪਣ ਨਾਲ ਨਿਖਰੀ ਨਜ਼ਰ ਆ ਰਹੀ ਹੈ, ਇੱਥੇ ਸਾਨੂੰ ਅਪਣੀ ਗਲਤੀ ਸੁਧਾਰਨ ਦਾ ਵੀ ਸੰਕੇਤ ਦੇ ਰਹੀ ਹੈ। ਭਾਰਤ ਰਿਸ਼ੀਆਂ-ਮੁਨੀਆਂ ਦਾ ਦੇਸ਼ ਹੈ ਜਿੱਥੇ ਸੰਸਾਰ ਦੀ 8% ਵੰਨ-ਸੁਵੰਨਤਾ ਹੈ- ਜਦੋਂ ਕਿ ਇਸ ਦੀ ਆਬਾਦੀ ਸੰਸਾਰ ਦਾ 16% ਹੈ। ਇਸ ਨੂੰ ਕੁਦਰਤ ਦੇ ਤੋਹਫ਼ੇ ਦੇ ਰੂਪ ਵਿਚ ਲੱਖਾਂ ਕਿਸਮ ਦੀਆਂ ਜੀਵ-ਜਾਤਾਂ ਮਿਲੀਆਂ ਹਨ ਪਰ ਮਨੁੱਖ ਜੋ ਹੈ, ਇਸ ਨੇ ਕੁਦਰਤ ਦੀਆਂ ਅਜਿਹੀਆਂ ਧੱਜੀਆਂ ਉਡਾਈਆਂ ਹਨ ਕਿ ਵਿਨਾਸ਼ ਵੱਲ ਵਧਦੇ ਵਧਦੇ, ਅੱਜ ਸਾਡੀ ਹੋਂਦ ਨੂੰ ਖਤਰਾ ਬਣਿਆ ਹੋਇਆ ਹੈ। ਸਾਨੂੰ ਅਲੋਪ ਹੋ ਰਹੇ ਜਾਨਵਰਾਂ ਅਤੇ ਪੌਦਿਆਂ ਦੀ ਦਰ ਨੂੰ ਘਟਾਉਣਾ ਚਾਹੀਦਾ ਹੈ। ਵਾਤਾਵਰਣ ਨੂੰ ਸਾਫ਼ ਰੱਖਣਾ ਹੋਵੇਗਾ- "6 R" ਅਪਣਾਅ ਕੇ ਇਹ ਕਰ ਸਕਦੇ ਹਾਂ: (1) ਰਿਫ਼ੀਊਜ਼- (ਜਿਸ ਦੀ ਜਰੂਰਤ ਨਹੀਂ, ਨਾ ਲਓ,ਵਰਤੋ), (2) ਰੀਯੂਜ਼ (ਮੁੜ ਵਰਤੋ), (3) ਰਡਿਊਸ (ਘੱਟ ਵਰਤੋ), (4) ਰੀਪੇਅਰ (ਮੁਰੰਮਤ ਕਰੋ), (5) ਰੀਸ-ਾਇਕਲ (ਕੰਮ ਲੈ ਕੇ ਦੁਬਾਰਾ ਕਿਸੇ ਹੋਰ ਤਰ੍ਹਾਂ ਵਰਤੋ), (6) ਰੀਗਿਫ਼ਟ (ਜਿਸਨੂੰ ਜਰੂਰਤ ਹੈ, ਤੁਹਫ਼ੇ ਅਗਾਂਹ ਉਸ ਨੂੰ ਭੇਂਟ ਵਜੋਂ ਦਿਓ)।

ਭਾਵੇਂ ਅਜੋਕੇ ਦੌਰ ਵਿੱਚ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਨਾਲ਼ ਹੀ ਉਸ ਨੇ ਕੁਦਰਤ ਨਾਲ ਖਿਲਵਾੜ ਕੀਤਾ, ਜਿਸ ਦਾ ਨਤੀਜਾ ਅੱਜ ਸਾਡੇ ਸਾ-ਹਮਣੇ ਹੈ। ਵਿਸ਼ਵ ਸਿਹਤ ਸੰਗਠਨ (WHO) ਨੇ ਦੱਸਿਆ ਹੈ ਕਿ ਹਵਾ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਲੱਗਭੱਗ 70 ਲੱਖ ਮੌਤਾਂ ਹੋ ਰਹੀਆਂ ਹਨ। ਹਵਾ ਪ੍ਰਦੂਸ਼ਣ ਦਾ ਵੱਡਾ ਪੱਧਰ ਕੋਵਿਡ-19 ਦੇ ਜੋਖ਼ਮ ਦਾ ਵੀ ਵੱਡਾ ਕਾਰਨ ਬਣ ਰਿਹਾ ਹੈ- ਇਟਲੀ ਵਿੱਚ ਖੋਜਕਾਰਾਂ ਮੁਤਾਬਕ ਮਹੀਨ-ਕਣਾਂ ਦੇ ਮਾਮੂਲੀ ਵਾਧੇ ਨਾਲ਼ ਕੋਰੋਨਾ ਮੌਤ ਦਰ 15% ਵਧੀ ਹੈ। ਹਾਰਵਰਡ ਯੂਨੀਵਰਸਿਟੀ ਦੇ ਖੋਜਕਾਰਾਂ ਮੁਤਾਬਕ ਮੌਤ ਦੀ ਦਰ ਉੱਥੇ ਜ਼ਿਆਦਾ ਵਧੀ ਜਿੱਥੇ ਮਹੀਨ-ਕਣਾਂ ਦੀ ਘਣਤਾ ਪੀ. ਐੱਮ. 2.5 ਤੋਂ ਵੱਧ ਸੀ। ਇਸੇ ਤਰ੍ਹਾਂ ਭਾਰਤ ਦੇ ਨੀਤੀ ਆਯੋਗ ਦੀ 2018 ਦੀ ਰਿਪੋਰਟ ਮੁਤਾਬਕ ਸਾਫ਼ ਪਾਣੀ ਨਾ ਮਿਲਣ ਕਾਰਨ 2 ਲੱਖ ਮੌਤਾਂ ਹੋ ਰਹੀਆਂ ਹਨ। ਸਾਲ਼ 2019 ਦੀ ਰਿਪੋਰਟ ਅਨੁਸਾਰ ਭਾਰਤ ਦਾ 42 ਫ਼ੀਸਦੀ ਹਿੱਸਾ ਸੋਕੇ ਦੀ ਲਪੇਟ ਵਿੱਚ ਹੈ। ਯੂ.ਐੱਨ. ਓ. ਦੀ ਰਿਪੋਰਟ ਮੁਤਾਬਕ ਸੰਸਾਰ ਦੇ 93% ਬੱਚੇ (ਦੇਸ਼ ਦਾ ਭਵਿੱਖ) ਹਰ ਰੋਜ਼ ਜਹਿਰੀਲ਼ੀ ਹਵਾ ਵਿੱਚ ਸਾਹ ਲੈ ਰਹੇ ਹਨ। 1 ਕਰੋੜ 80 ਲੱਖ ਬੱਚਿਆਂ ਦੀ ਸਿਹਤ ਜੋਖਮ ਵਿੱਚ ਹੈ। 90 ਲੱਖ ਲੋਕਾਂ ਦੀ ਵੇਲਿਓਂ ਪਹਿਲਾਂ ਮੌਤ ਹੋ ਰਹੀ ਹੈ। ਓਜ਼ੋਨ ਗੈਸ ਦੀ ਜ਼ਰੂਰੀ ਪਰਤ ਦਾ ਘਟਣਾ, ਮੌਸਮੀ ਤਬਦੀਲ਼ੀਆਂ, ਪਲਾਸਟਿਕ ਪ੍ਰਦੂਸ਼ਣ, ਪਰਾਲ਼ੀ ਦੀ ਸਮੱਸਿਆ, ਦਰਿਆਵਾਂ ਦੇ ਹਾਲਾਤ, ਪਾਣੀ ਦੀ ਸਤਹਿ ਦਾ ਘਟਣਾ, ਆਦਿ, ਕੁਝ ਉਦਾਹਰਣਾਂ ਹਨ, ਜਿਹਨਾਂ ਨਾਲ਼ ਅਸੀਂ ਲਗਾਤਾਰ ਵਾਤਾਵਰਣ ਨੂੰ ਜ਼ਹਿਰੀਲ਼ਾ ਬਣਾਅ ਰਹੇ ਹਾਂ।

ਵਾਤਾਵਰਣ ਦੇ ਗੰਦਲੇ ਹੋਣ ਦੇ ਨਤੀਜੇ ਸਾਨੂੰ ਭੁਗਤਨੇ ਪੈ ਰਹੈ ਹਨ। ਅਜੇ ਵੀ ਮੌਕਾ ਹੈ ਕਿ ਅਸੀਂ ਸੰਭਲ ਜਾਈਏ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਦੁਨੀਆਂ ਦੇ ਸਭ ਤੋਂ ਗੰਦਲੇ ਸ਼ਹਿਰਾਂ ਵਿੱਚੋਂ 14 ਸਿਰਫ਼ ਭਾਰਤ ਵਿੱਚ ਹੀ ਹਨ। ਬੇਸ਼ਕ ਸਰਕਾਰਾਂ ਵੱਲੋਂ ਕਈ ਯੋਜਨਾਵਾਂ ਚੱਲ ਰਹੀਆਂ ਹਨ, ਪਰ ਉਨ੍ਹਾਂ ਦਾ ਅਸਰ ਉਦੋਂ ਵਧੇਰੇ ਹੋਵੇਗਾ, ਜਦੋਂ ਅਸੀਂ ਮਨੋਂ ਪ੍ਰਣ ਕਰੀਏ ਕਿ ਅਸੀਂ ਆਪਣਾ ਬਣਦਾ ਹਿੱਸਾ ਪਾਵਾਂਗੇ- ਵੱਧ ਤੋਂ ਵੱਧ ਰੁੱਖ ਲਗਾਅ ,ਹਵਾ-ਪਾਣੀ-ਧਰਤ ਦਾ ਪ੍ਰਦੂਸ਼ਣ ਘਟਾਅ, ਕੂੜੇ ਦਾ ਸਹੀ ਢੰਗ ਨਾਲ ਨਿਪਟਾਰਾ ਕਰ, ਘੱਟ ਦੂਰੀ ਲਈ ਪੈਦਲ ਚੱਲਣ ਜਾਂ ਸਾਈਕਲ ਦੀ ਵਰਤੋਂ ਕਰਨ ਨਾਲ ਇਹ ਕਰ ਸਕਦੇ ਹਾਂ। ਕੂੜੇ ਦਾ ਨਿਪਟਾਰਾ ਤਿੰਨ ਰੰਗਾਂ ਦੇ ਕੂੜੇਦਾਨਾਂ ਵਿੱਚ ਕਰਨਾ ਜਰੂਰੀ ਹੈ। ਸਾਨੂੰ ਆਪਣੀਆਂ ਕਾਰਬਨ ਪੈੜਾਂ 'ਤੇ ਵੀ ਧਿਆਨ ਦੇਣਾ ਹੋਵੇਗਾ।

ਮਨੁੱਖ ਪੁਰਾਤਨ ਸਮੇਂ ਤੋਂ ਹੀ ਧਰਤੀ, ਸੂਰਜ, ਹਵਾ, ਪਾਣੀ ਅਤੇ ਅੱਗ ਦੀ ਪੂਜਾ ਕਰਦਾ ਆਇਆ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਵੀ ਕੁਦਰਤ ਦੀ ਮਹਿਮਾ ਇਸ ਤਰ੍ਹਾਂ ਕਰਦੇ ਹਨ- ਪਵਣੁ ਗੁਰੁ ਪਾਣੀ ਪਿਤਾ ਮਾਤਾ ਧਰਤਿ ਮਹਤੁ। ਪਰ ਕੀ ਇਹ ਗੁਰ-ਵਾਕ ਹੁਣ ਸਾਡੇ 'ਤੇ ਢੁਕਦਾ ਹੈ? ਅਸੀਂ ਹਵਾ, ਪਾਣੀ, ਧਰਤੀ ਨੂੰ ਹੀ ਨਹੀਂ ਗੰਦਲਾ ਕੀਤਾ ਬਲਕਿ ਜੰਗਲਾਂ, ਬੂਟਿਆਂ, ਪਰਿੰਦਿਆਂ ਅਤੇ ਜਾਨਵਰਾਂ, ਆਦਿ, ਨੂੰ ਵੀ ਖ਼ਤਮ ਕਰਦੇ ਜਾ ਰਹੇ ਹਾਂ, ਸਾਨੂੰ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਵੀ ਇਸ ਦਾ ਜਵਾਬ ਦੇਣਾ ਪਵੇਗਾ।

ਸਾਡੇ ਪੰਜਾਬ ਦੇ ਕਵੀਆਂ ਵੀ ਵਾਤਾਵਰਣ ਦੀ ਸੰਭਾਲ ਦਾ ਹੋਕਾ ਦਿੱਤਾ ਹੈ। ਸ਼ਿਵ ਬਟਾਲਵੀ ਦੀਆਂ ਇਹ ਸਤਰਾਂ ਕੌਣ ਭੁੱਲ ਸਕਦਾ ਹੈ-

ਸਾਵੀ ਬੋਲੀ ਸਭ ਰੁੱਖਾਂ ਦੀ/ ਦਿਲ ਕਰਦਾ ਲਿਖ ਜਾਵਾਂ।/ ਰੁੱਖ ਤਾਂ ਮੇਰੀ ਮਾਂ ਵਰਗੇ ਨੇ/ਜਿਉਂ ਰੁੱਖਾਂ ਦੀਆਂ ਛਾਵਾਂ।

ਅਬਦੁਲ ਰਹਿਮਾਨ ਮਲਿਕ ਦੀ ਕਵਿਤਾ 'ਕਿੱਧਰ ਗਏ ਜ਼ਮਾਨੇ' ਦੀਆਂ ਤੁਕਾਂ ਸਵਾਲ ਖੜ੍ਹਾ ਕਰਦੀਆਂ ਹਨ-

"ਟੀ. ਬੀ. ਕੈਂਸਰ ਕਿੱਧਰੇ ਨਜ਼ਰ ਨਾ ਆਉਂਦੇ ਸੀ/ ਲੋਕੀ ਸੌ-ਸੌ ਵਰ੍ਹਿਆਂ ਉਮਰ ਹੰਢਾਉਂਦੇ ਸੀ"।

ਡਾ. ਦਲੀਪ ਕੌਰ ਟਿਵਾਣਾ ਕਾਵਿ-ਕਥਾ ਸੰਵੇਦਨਾ ਦੀ ਕਹਾਣੀ "ਰੱਬ ਤੇ ਰੁੱਤਾਂ" ਵਿੱਚ ਲਿਖਦੇ ਹਨ-

"ਸੁਹਜਾਂ ਦੀ ਜਿੰਦ ਮੇਰੀ,/ ਬੱਦਲਾਂ ਦੀ ਜਿੰਦ ਮੇਰੀ,/ ਪੰਛੀਆਂ ਦੀ ਜਿੰਦ ਮੇਰੀ,/ ਪੱਤਿਆ ਦੀ ਜਿੰਦ ਮੇਰੀ, ਪਉਣਾਂ ਦੀ ਜਿੰਦ ਮੇਰੀ"।

ਇਸ ਮੌਕੇ ਉੱਘੇ ਵਿਗਿਆਨੀ ਡਾ. ਜਗਦੀਸ਼ ਚੰਦਰ ਬੋਸ ਨੂੰ ਵੀ ਨਮਨ ਕਰਦੀ ਹਾਂ, ਜਿਨ੍ਹਾਂ 'ਕ੍ਰੈਸਕੋਗਰਾਫ਼' ਨਾਮ ਦਾ ਯੰਤਰ ਬਣਾਇਆ ਜੋ ਪੌਦਿਆਂ ਦੀਆਂ ਭਾਵਨਾਵਾਂ ਨੂੰ ਮਾਪਦਾ ਹੈ ਤੇ ਅਸੀਂ ਇਹ ਪਤਾ ਕਰ ਸਕਦੇ ਹਾਂ ਕਿ ਪੌਦੇ ਖੁਸ਼ ਹਨ, ਦੁਖੀ ਹਨ, ਥੱਕ ਗਏ ਹਨ ਜਾਂ ਅਜਨਬੀ ਦੇ ਨੇੜੇ ਆਉਣ ਨਾਲ਼ ਭੈ-ਭੀਤ ਹਨ! ਪਰ ਸਾਨੂੰ ਵੀ ਸੰਵੇਦਨਸ਼ੀਲ ਬਣਨਾ ਹੋਵੇਗਾ ਤਾਂ ਜੋ ਸਾਨੂੰ ਕੋਵਿਡ-19 ਜਿਹੀ ਕਿਸੇ ਹੋਰ ਨਵੀਂ ਜੰਗ ਦਾ ਸਾਹਮਣਾ ਨਾ ਕਰਨਾ ਪਵੇ।

ਤੇਰਾ ਸਿੰਘ ਚੰਨ ਦੀ ਲਿਖੀ ਕਵਿਤਾ 'ਫ਼ੁੱਲ਼ਾ ਦਾ ਸੁਨੇਹਾ' ਤੁਹਾਡੇ ਤੱਕ ਪਹੁੰਚਾਉਣਾ ਚਾਹੁੰਦੀ ਹਾਂ-

ਇਹ ਖੁਸ਼ਬੋ ਤੁਹਾਡੇ ਵਾਸਤੇ ਤੇ ਤੁਹਾਡੇ ਲਈ ਨੇ ਰੰਗ/ ਰਹੋ ਵੱਸਦੇ-ਰੱਸਦੇ ਖੇਡਦੇ ਮੇਰੇ ਦਿਲ ਦੀ ਇਹੋ ਉਮੰਗ/ ਨਾ ਖੰਭੜੀ ਟੁੱਟੇ ਕਿਸੇ ਦੀ, ਨਾ ਵੀਣੀਓਂ ਟੁੱਟੇ ਵੰਗ/ ਹੁਣ ਵਚਨ ਦਿਉ ਮੈਨੂੰ ਸੁੱਚਜਾ, ਨਹੀਂ ਕਰਾਂਗੇ ਜੰਗ। ਆਓ ਵਾਤਾਵਰਣ ਦਿਵਸ 'ਤੇ, ਮਿਲ ਕੇ ਵਾਤਾਵਰਣ ਦੀ ਸੰਭਾਲ਼ ਲਈ ਵਚਨਬੱਧ ਹੋਈਏ।

ਐਸੋਸੀਏਟ ਪ੍ਰੋਫ਼ੈਸਰ, ਬੇਲਾ ਕਾਲਜ 9463027367

"ਪੰਜਾਬ ਦਾ ਗੌਰਵ" ਸਨਮਾਨ ਲੈਣ ਵਾਲੀ ਪੰਜਾਬ ਦੀ ਧੀ। ਪਰਿਵਾਰ ਦਾ ਵੀ ਗੌਰਵ, ਤੇ ਜਿਨ੍ਹਾਂ ਨੂੰ ਆਪਣੇ ਪਰਿਵਾਰ 'ਤੇ ਗਰਵ ਸੀ, ਪਰਿਵਾਰ ਦੇ 'ਇਨ ਚਾਰਜ' ਵੀ ਸਨ। ਹਰੇਕ ਨੂੰ ਹੱਸ ਕੇ ਤੇ ਪਰਿਵਾਰ ਵਾਂਗ ਹੀ ਮਿਲਦੇ ਅਤੇ ਹੌਂਸਲਾ ਵਧਾਊ ਗੱਲ ਬਾਤ ਕਰਦੇ, ਸਿਹਤ ਅਤੇ ਘਰ ਸੰਭਾਲ, ਆਦਿ, ਬਾਰੇ ਕੰਮ ਆਉਣ ਵਾਲੀ ਨਵੀਨ ਅਤੇ ਨਿਵੇਕਲੀ ਅਗਵਾਈ ਦਿੰਦੇ। ਬਾਲਾਂ ਅਤੇ ਨੌਜਵਾਨਾਂ ਦੇ ਮਧੁਰ ਅਤੇ ਨਿਧੜਕ ਸਾਥੀ।

ਆਪਣੀ ਕਿਸਮ ਦੇ ਇਨਕਲਾਬੀ ਸੁਭਾਅ ਦੇ, ਅਨੁਸ਼ਾਸਨ, ਚੜ੍ਹਦੀ ਕਲਾ, ਅਣਖ ਅਤੇ ਖ਼ੁਦ-ਮੁਖ਼ਤਾਰੀ ਦਾ ਦੂਜਾ ਨਾਂਅ। ਪਿਤਾ ਗੁਰਬਖ਼ਸ਼ ਸਿੰਘ ਨੂੰ ਹੀ ਨਹੀਂ, "ਪ੍ਰੀਤ ਲੜੀ" ਅਤੇ "ਬਾਲ ਸੰਦੇਸ਼" ਦਾ ਦਫ਼ਤਰ ਵੀ ਸ੍ਰ. ਦਰਸ਼ਨ ਸਿੰਘ ਗਿੱਲ ਦੀ ਮਦਦ ਨਾਲ ਬਹੁਤ ਲੰਮਾ ਚਿਰ ਸੰਭਾਲਿਆ। ਉਪਰੰਤ ਉਨ੍ਹਾਂ ਦੀਆਂ ਕਿਤਾਬਾਂ ਦਾ ਸਾਰਾ ਕੰਮ ਵੀ ਕੀਤਾ ਅਤੇ ਕਰਵਾਇਆ।

ਨਵ-ਜਵਾਨੀ ਵਿਚ ਆਜ਼ਾਦੀ ਲਹਿਰ ਦਾ ਇੱਕ ਹਿੱਸਾ ਬਣੇ ਭੈਣਾਂ ਅਤੇ ਸਹੇਲੀਆਂ ਦੇ ਨਾਲ-"ਹੁੱਲੇ ਹੁਲਾਰੇ/ ਰਾਜ ਫ਼ਿਰੰਗੀਆਂ ਦਾ ਨਹੀਂ ਰਹਿਣਾ.." ਗੀਤ ਸ਼ਰੇਆਮ ਗਾਉਣ ਕਰਕੇ ਗ੍ਰਿਫ਼ਤਾਰ ਹੋਏ ਸਨ। ਕਾਲਜਾਂ ਸਕੂਲਾਂ ਤੋਂ ਬਾਹਰ ਹੁੰਦੇ ਨਾਟਕਾਂ ਵਿਚ ਸ਼ਾਇਦ ਪੰਜਾਬ ਦੀ ਪਹਿਲੀ ਮੰਚ ਅਦਾਕਾਰਾ-ਜਦੋਂ ਪਿਤਾ ਦੇ ਲਿਖੇ ਅਤੇ ਨਿਰਦੇਸ਼ਤ ਕੀਤੇ ਨਾਟਕ ਵਿਚ ਬਾਲ ਉਮਰ ਵਿਚ ਨਾਇਕਾ ਦੀ ਅਦਾਕਾਰੀ ਕੀਤੀ, ਪ੍ਰੀਤ ਨਗਰ ਵਿਚ।

"ਅਰਦਾਸ ਉਹ ਕਰ ਕੇ ਹੀ ਆਏ ਸਨ!" - ਸੁਮੀਤ ਸਿੰਘ ਦੇ ਸਿਵੇ ਵੇਲੇ ਅਰਦਾਸ ਹੋਣ ਲੱਗੀ ਤਾਂ ਉਨ੍ਹਾਂ ਨੂੰ ਅਤੇ ਹੋਰ ਤਿੰਨ ਲੋਕਾਂ ਨੂੰ ਮਾਰ ਗਏ ਖ਼ਾਲਿਸਤਾਨੀ ਅਤਿਵਾਦੀਆਂ ਬਾਰੇ ਹੌਲੀ ਜਿਹੇ ਮੇਰੇ ਕੰਨ ਵਿਚ ਕਿਹਾ, ਜੋ ਮੈਂ ਉੱਚੀ ਦੇਣੇ ਐਲਾਨ ਦਿੱਤਾ ਸੀ। ਇਕੱਤਰਤਾ ਨੇ ਨੀਵੀਂ ਪਾ ਲਈ ਸੀ ਅਤੇ ਸਿਰਫ਼ ਪਿਆਰ ਦੇ ਨਾਲ ਤੋਰਿਆ ਗਿਆ ਸੀ। ਉਮਾ ਗੁਰਬਖ਼ਸ਼ ਸਿੰਘ ਜੀ ਨੂੰ ਵੀ ਸਿਰਫ਼ ਆਦਰ ਅਤੇ ਪਿਆਰ ਅਤੇ ਉਨ੍ਹਾਂ ਨਾਲ ਜੁੜੇ ਉਸ ਗੀਤ " ਰਾਜ ਫ਼ਿਰੰਗੀਆਂ ਦਾ ਨਹੀਂ ਰਹਿਣਾ, ਹੁੱਲੇ ਹੁਲਾਰੇ" ਦੇ ਬੋਲਾਂ ਨੂੰ ਥੋੜ੍ਹਾ ਜਿਹਾ ਗਾ ਕੇ ਤੋਰਿਆ ਗਿਆ, ਘਰ ਦੇ ਸਾਹਮਣੇ ਪਿਤਾ ਵਾਲੀ ਥਾਂ 'ਤੇ ਹੀ।

- ਪੂਨਮ ਸਿੰਘ